INTERNATIONAL MAGAZINE

RNI No. 61816/95

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਫਰਵਰੀ
2026

ਏਕੋ ਬ੍ਰਹਮੁ ਦੁਤੀਯ ਨਾਸਿਤ।

ਵਿਸ਼ਵ ਗੁਰਮਤਿ ਰੂਹਾਨੀ ਮਿਸ਼ਨ ਚੈਰੀਟੇਬਲ ਟਰਸਟ




## ਪਹਿਲੀ ਸਿੱਖ ਬੀਬੀ - ਬੇਬੇ ਨਾਨਕੀ ਜੀ

ਬੇਬੇ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸਨ। ਜਦ ਗੁਰੂ ਨਾਨਕ ਦੇਵ ਜੀ ਪਹਿਲੀ ਉਦਾਸੀ ਸਮੇਂ ਜਗਤ ਜਲੰਦੇ ਨੂੰ ਤਾਰਨ ਨਿਕਲੇ ਤਾਂ ਉਚੇਚੇ ਤੌਰ ਤੇ ਬੇਬੇ ਨਾਨਕੀ ਜੀ ਨੇ ਆਪਣੇ ਹੱਥੀਂ ਮਰਦਾਨੇ ਨੂੰ ਰਬਾਬ ਭੇਟ ਕੀਤਾ ਤਾਂ ਕਿ ਜਦ ਵੀ ਰਬਾਬ ਦੀ ਸੁਰ ਨਿਕਲੇ, ਭੈਣ ਦਾ ਮਿੱਠਾ ਪਿਆਰ ਨਾਲ ਰੁਵੇ।

*Founder : Shriman Sant Baba Waryam Singh Ji and Mata Ranjit Kaur Ji*



# GURU GOBIND SINGH VIDYA MANDIR SR. SEC. SCHOOL



C.B.S.E. Affiliated

*Best School in the Region*

## ADMISSIONS OPEN

## PLAYWAY To IX & XI

**(SCIENCE, COMMERCE & HUMANITIES)**

**LIMITED SEATS**

*Affordable Fee Structure*









- Day starts with Japuji Sahib Path, Ardas and Naam Simran
- Classrooms under CCTV Camera
- Excellent Board Results
- Well-equipped Labs to cater to Physical, Chemical, Biological & Technological aspects of life
- Focus on Confidence Building and Communication Skills
- Practical based Educational Learning Experience
- In-House Training Programmes for Teachers
- Green, Safe and Eco-friendly Environment
- Sikh Martial Arts - Gatka for Boys & Girls
- Divinity Classes / Gurbani / Kirtan
- Mobile Equipped Transport Facility
  - Language Lab
  - Well-Stocked Library
  - Smart Classrooms
  - Excellent Sports Facilities
  - Cricket Academy
  - Inclusion of Moral Values
  - NCC & NSS Wing
  - Divine Environment







E-mail : ggsvmschool@yahoo.in

Website : www.ggsvm.com

ggsvmschool

GGSVM Sr. Sec. School Ratwara Sahib

Guru Gobind Singh Vidya Mandir School Ratwara Sahib

**RATWARA SAHIB, PO MULLANPUR GARIBDAS (NEW CHANDIGARH) DISTT. S.A.S. NAGAR**

**Contact : 0160-2255003, 97813-34004, 97813-30153**

# ਆਤਮ ਮਾਰਗ

ਸਾਲ-ਇਕੱਤੀਵਾਂ, ਮਹੀਨਾ-ਫਰਵਰੀ, 2026

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

**ਸੰਚਾਲਕ**

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

ਮੈਨੇਜਿੰਗ ਐਡੀਟਰ — ਭਾਈ. (ਡਾ.) ਸੁਖਵਿੰਦਰ ਸਿੰਘ ਜੀ


**ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ**

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।

ਫੋਨ :- 84378-12900, 94172-14391, 94172-14379

Email :atammarg1@yahoo.co.in

Registration Under Foreign Contribution (Regulation) Act 1976 R. No. 115320023

**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India

**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


**Media Broadcast (Ratwara Sahib)**

Please visit us on internet at :-
For Atam Marg Email : atammarg1@yahoo.co.in,
Website & Live video -

www.ratwarasahib.org
www.ratwarasahib.com
www.vgrmct.org

} Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

Live Programme & Cable Tv Network
98728-14385, 94172-14385
98147-12900

**ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ**

ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ
001-408-263-1844

ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ
001-604-433-0408

ਭਾਈ ਤਰਸੇਮ ਸਿੰਘ ਬੈਂਸ
001-604-862-9525

ਭਾਈ ਜਸਬੀਰ ਸਿੰਘ ਰਾਣੂ
001-778-574-3213

ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ
0044-121-200-2818

ਭਾਈ ਅਰਵਿੰਦਰ ਸਿੰਘ (ਰਾਜ)
0044-7968734058

ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

**ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ**

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

**ਵਿਸ਼ੇਸ਼ ਜਾਣਕਾਰੀ ਲਈ**

ਸ੍ਰੀ ਮਾਨ ਜੀ - 98551-32009
ਸ੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

98889-10777, 96461-01996, 9417214381

# ਤੱਤਕਰਾ


| | | |
|---|---|---|
| 1. | **ਸੰਪਾਦਕੀ** | 5 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 2. | **ਬਾਰਹ ਮਾਹਾ** | 8 |
| | *ਭਾਈ (ਡਾ.) ਸੁਖਵਿੰਦਰ ਸਿੰਘ* | |
| 3. | **ਮੰਞ ਪਿਆਰਾ ਗੁਰੂ ਨੂੰ..........।** | 11 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 4. | **ਚਉਥੈ ਪਹਰਿ ਸਬਾਹ ਕੈ....................॥** | 25 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 5. | **ਗੁਰ ਕੀ ਪ੍ਰਤੀਤ** | 29 |
| | *ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ* | |
| 6. | **ਭਗਤ ਰਵਿਦਾਸ ਜੀ** | 36 |
| | *ਸੰਤ ਬਾਬਾ ਲਖਬੀਰ ਸਿੰਘ ਜੀ* | |
| 7. | **ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ॥** | 43 |
| | *ਸੰਤ ਬਾਬਾ ਹਰਪਾਲ ਸਿੰਘ ਜੀ* | |
| 8. | **ਗੁਰਬਾਣੀ ਅਰਥ ਭੰਡਾਰ** | 47 |
| | *ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ* | |
| 9. | **ਜਨ ਪਰਉਪਕਾਰੀ ਆਏ - ਭਾਗ 4** | 50 |
| | *ਪ੍ਰੋ. ਗੁਰਦੇਵ ਸਿੰਘ* | |
| 10. | **ਗੁਰ ਨਾਨਕ ਆਗਮਨ** | 53 |
| | *ਡਾ. ਭਾਈ ਵੀਰ ਸਿੰਘ ਜੀ* | |
| 11. | **ਵਿਸ਼ੇਸ਼ ਜਾਣਕਾਰੀ :-** ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ | 56 |
| | **ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,** | |
| | **ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ** | |

# ਸੰਪਾਦਕੀ

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ,* *98146-12900*

ਸਮੁੱਚੀ ਸ੍ਰਿਸ਼ਟੀ ਦੀ ਦਿਸਦੀ ਅਤੇ ਅਣਦਿਸਦੀ ਦੁਨੀਆਂ ਦੇ ਤੌਰ 'ਤੇ ਦੋ ਭਾਗਾਂ ਵਿਚ ਵੰਡ ਕੀਤੀ ਜਾ ਸਕਦੀ ਹੈ। ਦਿਸਦੇ ਸੰਸਾਰ ਦੇ ਜੀਵਨ ਵਿਚ ਬਦਲਾਅ ਹੈ। ਬਦਲਾਅ ਦਾ ਨਾਂ ਹੀ ਪ੍ਰਕ੍ਰਿਤੀ ਹੈ। ਪ੍ਰਕ੍ਰਿਤੀ ਵਿਚ ਜਨਮ ਲੈਣ ਵਾਲੀ ਹਰ ਸ਼ੈਅ ਵਿਚ ਸਮੇਂ ਦੇ ਨਾਲ ਤਬਦੀਲੀ ਆਵੱਸ਼ਕ ਹੈ ਭਾਵੇਂ ਇਹ ਪਸ਼ੂ, ਪੰਛੀ, ਬਨਸਪਤੀ, ਜੀਵ, ਜੰਤੂ, ਮਨੁੱਖ ਅਤੇ ਮੌਸਮ ਦੇ ਰੂਪ ਵਿਚ ਸੁਭਾਇਮਾਨ ਹੋਵੇ। ਹਰ ਇਕ ਸ਼੍ਰੇਣੀ ਵਿਚ ਪਹਿਲਾਂ ਜਨਮ ਹੁੰਦਾ ਹੈ, ਫਿਰ ਬਚਪਨ (ਮੁਢਲਾ) ਦਾ ਪੜਾਅ, ਬਚਪਨ ਤੋਂ ਬਾਅਦ ਜਵਾਨੀ, ਜਵਾਨੀ ਤੋਂ ਬਾਅਦ ਬੁਢੇਪਾ ਅਤੇ ਬੁਢੇਪੇ ਤੋਂ ਬਾਅਦ ਮੌਤ ਭਾਵ ਭੌਤਿਕ ਤੱਤਾਂ ਦਾ ਤੱਤਾਂ 'ਚ ਸਮਾਅ ਜਾਣਾ। ਮਨੁੱਖੀ ਸ਼੍ਰੇਣੀ ਵਿਚ ਵੀ ਇਸੇ ਤਰ੍ਹਾਂ ਦਾ ਪ੍ਰਗਟਾਵਾ ਸਾਡੇ ਸਾਮ੍ਹਣੇ ਹੈ। ਗੁਰੂ ਜੀ ਦਾ ਫੁਰਮਾਨ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ ਤੀਨਿ ਅਵਸਥਾ ਜਾਨਿ ॥*
*ਕਹੁ ਨਾਨਕ ਹਰਿ ਭਜਨ ਬਿਨੁ ਬਿਰਥਾ ਸਭ ਹੀ ਮਾਨੁ ॥*
*ਅੰਗ - ੧੪੨੮*

ਲੋੜ ਹੈ ਇਨ੍ਹਾਂ ਸਾਰੇ ਪੜਾਵਾਂ ਦੀ ਸਾਰਥਿਕਤਾ ਨੂੰ ਸਮਝਣ ਦੀ। ਗੁਰੂ ਮਹਾਰਾਜ ਜੀ ਸੁਚੇਤ ਕਰਦੇ ਹਨ -

*ਦਸ ਬਾਲਤਣਿ ਬੀਸ ਰਵਣਿ ਤੀਸਾ ਕਾ ਸੁੰਦਰੁ ਕਹਾਵੈ ॥*
*ਚਾਲੀਸੀ ਪੁਰੁ ਹੋਇ ਪਚਾਸੀ ਪਗੁ ਖਿਸੈ*
*ਸਠੀ ਕੇ ਬੋਢੇਪਾ ਆਵੈ ॥*
*ਸਤਰਿ ਕਾ ਮਤਿਹੀਣੁ ਅਸੀਹਾਂ ਕਾ ਵਿਉਹਾਰੁ ਨ ਪਾਵੈ ॥*
*ਨਵੈ ਕਾ ਸਿਹਜਾਸਣੀ ਮੂਲਿ ਨ ਜਾਣੈ ਅਪ ਬਲੁ ॥*
*ਢੰਢੋਲਿਮੁ ਢੂਢਿਮੁ ਡਿਠੁ ਮੈ*
*ਨਾਨਕ ਜਗੁ ਧੂਏ ਕਾ ਧਵਲਹਰੁ ॥* *ਅੰਗ - ੧੩੮*

ਇਸੇ ਤਰ੍ਹਾਂ ਇਸ ਪ੍ਰਕ੍ਰਿਤੀ ਵਿਚ ਚੱਲ ਰਹੇ ਮੌਸਮ ਵਿਚ ਵੀ ਤਬਦੀਲੀ ਕਿਸੇ ਰੱਬੀ ਹੁਕਮ ਵਿਚ ਜਾਰੀ ਰਹਿੰਦੀ ਹੈ। ਭਾਰਤ ਵਰਸ਼ ਵਿਚ ਛੇ ਰੁੱਤਾਂ ਮੰਨੀਆਂ ਗਈਆਂ ਹਨ-

*ਗ੍ਰੀਸ਼ਮ ਵਰਸ਼ਾ ਸਰਦ ਔ-ਹੇਮੰਤ ਸ਼ਿਸਿਰ ਬਸੰਤ॥*
*ਖਟ ਰੁੱਤਿ ਆਵਤਿ ਬਰਸ ਮੇਂ, ਬਦਲੀ ਸੁਰ ਕਰੰਤ।*

ਇਨ੍ਹਾਂ ਨੂੰ 1. ਗ੍ਰੀਸ਼ਮ 2. ਵਰਸ਼ਾ 3. ਸਰਦ 4 ਹੇਮੰਤ 5. ਸ਼ਿਸਿਰ 6. ਬਸੰਤ ਰੁੱਤਾਂ ਦਾ ਨਾਂ ਦਿਤਾ ਗਿਆ ਹੈ। ਬਦਲੇ ਹੋਏ ਮੌਸਮਾਂ ਦਾ ਮਨੁੱਖੀ ਤਨ ਮਨ ਪ੍ਰਭਾਵ ਕਬੂਲਦਾ ਹੈ। ਪੋਹ-ਮਾਘ (ਦਸੰਬਰ-ਜਨਵਰੀ) ਦੇ ਮਹੀਨੇ ਅਤਿ ਦੀ ਸਰਦੀ ਹੁੰਦੀ ਹੈ। ਹਰ ਪਸ਼ੂ-ਪੰਛੀ, ਜੀਵ-ਜੰਤੂ ਬਨਸਪਤੀ ਠੰਢ, ਕੋਰੇ ਅਤੇ ਸ਼ੀਤ ਲਹਿਰ ਦੀ ਮਾਰ ਸਹਾਰਦਾ ਹੈ। ਫਰਵਰੀ ਵਿਚ ਮੌਸਮ ਵਿਚ ਤਬਦੀਲੀ ਆ ਜਾਂਦੀ ਹੈ। ਕੋਰਾ, ਠੰਢ ਅਤੇ ਸ਼ੀਤ ਲਹਿਰ ਕੁਝ ਘਟਦੀ ਹੈ। ਬਨਸਪਤੀ ਫੁੱਲ, ਪੌਦਿਆਂ ਦਰਖਤਾਂ ਨੂੰ ਨਵਾਂ ਜੀਵਨ ਮਿਲਦਾ ਹੈ। ਕਰੂਬਲਾਂ ਫੁੱਟਦੀਆਂ ਹਨ। ਪੱਤਝੜ ਖਤਮ ਹੁੰਦੀ ਹੈ। ਪੱਤਝੜ ਦੀ ਮਾਰ ਤੋਂ ਬਾਅਦ ਬਨਸਪਤੀ ਅੰਦਰ ਹਰਿਆਵਲ ਪਨਪ ਰਹੀ ਹੈ। ਇਸ ਸਾਰੇ ਵਾਤਾਵਰਣ ਦਾ ਅਸਰ ਮਨੁੱਖੀ ਮਨ ਤੇ ਹੋਣਾ ਸੁਭਾਵਿਕ ਹੀ ਹੈ। ਮਨ ਅੰਦਰ ਨਵਾਂ ਖੇੜਾ ਅਤੇ ਉਤਸ਼ਾਹ ਪੈਦਾ ਹੁੰਦਾ ਹੈ।

ਇਹ ਸਚਾਈ ਹੈ ਕਿ ਦ੍ਰਿਸ਼ਟਮਾਨ ਜਗਤ ਦੇ ਨਿਜ਼ਾਮ ਨੂੰ ਕੋਈ ਅਦ੍ਰਿਸ਼ਟ ਸ਼ਕਤੀ ਚਲਾ ਰਹੀ ਹੈ। ਅਨੇਕਤਾ ਦੀ ਮਾਲਾ ਦੇ ਮਣਕੇ ਕਿਸੇ ਏਕਤਾ ਦੇ ਧਾਗੇ ਵਿਚ ਪਰੋਏ ਹੋਏ ਹਨ। ਇਹ ਜੜ੍ਹ ਮਾਦੇ ਦਾ ਪਸਾਰਾ ਕਿਸੇ ਚੇਤੰਨਤਾ ਦੇ ਹੁਕਮ ਹੇਠ ਕੰਮ ਕਰ ਰਿਹਾ ਹੈ। ਇਸ ਲਈ ਇਹ ਕਿਸੇ ਬੁਨਿਆਦੀ ਨਿਯਮ ਵਿਚ ਬੱਧੇ ਹੋਏ ਇਕਸਾਰ ਚਲ ਰਹੇ ਹਨ। ਇਸ ਦੀਆਂ ਰਾਤਾਂ, ਰੁੱਤਾਂ, ਥਿੱਤਾਂ, ਪਉਣ, ਪਾਣੀ, ਅਗਨੀ ਤੇ ਪਾਤਾਲ ਇਕ ਨਿਯਮ ਵਿਚ ਬੱਧੇ ਕਿਰਿਆਸ਼ੀਲ ਹੋ ਰਹੇ ਹਨ।

*ਰਾਤੀ ਰੁਤੀ ਥਿਤੀ ਵਾਰ ॥*
*ਪਵਣ ਪਾਣੀ ਅਗਨੀ ਪਾਤਾਲ ॥*
*ਤਿਸੁ ਵਿਚਿ ਧਰਤੀ ਥਾਪਿ ਰਖੀ ਧਰਮ ਸਾਲ ॥*
*ਤਿਸੁ ਵਿਚਿ ਜੀਅ ਜੁਗਤਿ ਕੇ ਰੰਗ ॥*
*ਤਿਨ ਕੇ ਨਾਮ ਅਨੇਕ ਅਨੰਤ ॥* *ਅੰਗ - ੭*

ਸੰਸਾਰ ਦੀ ਇਸ ਪ੍ਰਤੱਖ ਖੇਡ ਨੂੰ ਦੇਖ ਕੇ ਮੰਨਣਾ ਹੀ ਪੈਂਦਾ ਹੈ ਕਿ ਇਸ ਦ੍ਰਿਸ਼ਟਮਾਨ ਪਿੱਛੇ ਕੋਈ ਅਦ੍ਰਿਸ਼ਟ ਸ਼ਕਤੀ ਵੀ ਹੈ। ਇਨ੍ਹਾਂ ਸਾਰੀਆਂ ਸ਼੍ਰੇਣੀਆਂ ਵਿਚ ਭਾਵੇਂ ਬਦਲਾਅ ਹੋ ਰਿਹਾ ਹੈ ਪਰ ਇਨ੍ਹਾਂ ਵਿਚੋਂ ਬਹੁਤ ਸਾਰੇ ਆਪਣੇ ਧਰੁੱਵ ਵਲ ਨੂੰ ਵਧਦੇ ਨਜ਼ਰ

ਆ ਰਹੇ ਹਨ। ਸਿਆਣਿਆਂ ਨੇ ਇਸ ਸਮੁੱਚੀ ਕਾਇਨਾਤ ਨੂੰ ਚਾਰ ਭਾਗਾਂ ਵਿਚ ਵੰਡਿਆ ਹੈ। ਪ੍ਰਕ੍ਰਿਤੀ, ਬਨਸਪਤੀ, ਪਸ਼ੂ-ਪੰਛੀ ਅਤੇ ਮਨੁੱਖ। ਇਸਨੂੰ ਹੀ 84 ਲੱਖ ਜੂਨੀਆਂ ਦਾ ਵੀ ਨਾਂ ਦਿਤਾ ਗਿਆ ਹੈ। ਇਨ੍ਹਾਂ ਚੌਹਾਂ ਵਿਚ ਜੀਵਨ ਅੱਡੋ-ਅੱਡ ਰੂਪ ਲੈਂਦਾ ਹੈ ਜਿਸ ਕਰਕੇ ਪਿਆਰ ਭੀ ਨਵੇਂ-ਨਵੇਂ ਰੂਪ ਵਿਚ ਦਿਸ ਆਉਂਦਾ ਹੈ। ਛੋਟਾ ਬੀਜ ਵੀ ਜੰਮਣ ਤੋਂ ਬਾਅਦ ਆਪਣੇ ਧੁਰੇ ਵਲ ਵਧਦਾ ਹੈ। ਪੌਦਾ, ਦਰਖਤ ਬਣ ਕੇ ਫਿਰ ਉਹੀ ਰੂਪ ਧਾਰਨ ਕਰਦਾ ਹੈ। ਪਾਣੀ ਦੀ ਇਕ-ਇਕ ਬੂੰਦ ਆਪਣੇ ਧੁਰੇ ਵਲ ਨੂੰ ਵਧਦੀ ਹੈ ਪਰ ਇਕ ਮਨੁੱਖ ਹੈ ਜੋ ਆਪਣੇ ਧੁਰੇ ਲਖਸ਼ ਤੋਂ ਖੁੰਝਿਆ ਜਾ ਰਿਹਾ ਹੈ। ਪ੍ਰਾਕ੍ਰਿਤਕ ਖੋਜਾਂ ਨੇ ਭਾਵੇਂ ਸੁੱਖਾਂ ਦੇ ਸਾਧਨ ਮਨੁੱਖ ਨੂੰ ਮੁਹੱਈਆ ਕਰਵਾ ਦਿਤੇ ਹਨ ਪਰ ਇਹ ਆਪਣੇ ਧੇਅ ਤੋਂ ਭਟਕ ਕੇ ਦੁਖੀ ਹੋ ਰਿਹਾ ਹੈ। ਇਸ ਬਾਰੇ ਗੁਰਬਾਣੀ ਚਾਨਣਾ ਪਾਉਂਦੀ ਹੈ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*
*ਅੰਗ - ੪੪੧*

ਪ੍ਰਕ੍ਰਿਤੀ ਵਿਚ ਬਦਲਾਅ ਹੈ ਪਰ ਇਕ ਵਾਹਿਗੁਰੂ ਪਰੀਪੂਰਨ ਇਕ ਰਸ ਵਿਆਪਕ ਹੈ।

*ਜਿਮੀ ਜਮਾਨ ਕੇ ਬਿਖੈ ਸਮੱਸਤਿ ਏਕ ਜੋਤ ਹੈ॥*
*ਨਾ ਘਾਟ ਹੈ ਨ ਬਾਢ ਹੈ ਨਾ ਘਾਟਿ ਬਾਢਿ ਹੋਤ ਹੈ॥*
*ਅਕਾਲ ਉਸਤਤਿ*

*ਪੂਰਾ ਪ੍ਰਭੁ ਆਰਾਧਿਆ ਪੂਰਾ ਜਾ ਕਾ ਨਾਉ ॥*
*ਨਾਨਕ ਪੂਰਾ ਪਾਇਆ ਪੂਰੇ ਕੇ ਗੁਨ ਗਾਉ ॥*
*ਅੰਗ - ੨੯੫*

ਮਨੁੱਖ ਵੀ ਉਸ ਚਿਰ ਸਥਾਈ ਇਕ ਰਸ ਨਾਲ ਜੁੜ ਕੇ ਸਦੀਵੀ ਅਮਰ ਹੋ ਸਕਦਾ ਹੈ। ਭਾਵੇਂ ਮਨੁੱਖੀ ਮਨ ਦੇ ਅੰਦਰ ਭਾਵਨਾਤਮਿਕ ਅਤੇ ਵਿਹਾਰਿਕ ਬਦਲਾਅ ਹੋ ਰਹੇ ਹਨ ਕਿਉਂਕਿ ਇਸ ਉਤੇ ਰਜੋ, ਤਮੋ ਅਤੇ ਸਤੋ ਗੁਣਾਂ ਦਾ ਅਸਰ ਹਰ ਵਕਤ ਪੈ ਰਿਹਾ ਹੈ ਪਰ ਪ੍ਰਮੇਸ਼ਰ ਦੇ ਨਾਮ ਨਾਲ ਜੁੜ ਕੇ ਇਕ ਰਸ ਬ੍ਰਿਤੀ ਰਖ ਕੇ ਇਹ ਵੀ ਅਨੰਦਾਇਕ ਅਮਰ ਜੀਵਨ ਪ੍ਰਾਪਤ ਕਰ ਸਕਦਾ ਹੈ। ਉਥੇ ਕੋਈ ਚਿੰਤਾ, ਤ੍ਰਿਸ਼ਨਾ, ਆਸਾ ਇਤਿਆਦਿਕ ਅਸੁਰੀ ਸ਼ਕਤੀਆਂ ਦਾ ਪ੍ਰਭਾਵ ਨਹੀਂ। ਉਥੇ ਤਾਂ ਸਦਾ ਅਨੰਦ ਹੈ, ਖੇੜਾ ਹੈ, ਵਿਗਾਸ ਹੈ -

*ਨਾਨਕ ਭਗਤਾ ਸਦਾ ਵਿਗਾਸੁ ॥*

*ਸੁਣਿਐ ਦੂਖ ਪਾਪ ਕਾ ਨਾਸੁ ॥ ਅੰਗ - ੨*

ਉਸ ਸ਼ਹਿਰ ਨੂੰ ਬੇਗਮਪੁਰੇ ਦਾ ਨਾਮ ਦਿਤਾ ਗਿਆ ਹੈ।

*ਬੇਗਮ ਪੁਰਾ ਸਹਰ ਕੋ ਨਾਉ ॥*
*ਦੂਖੁ ਅੰਦੋਹੁ ਨਹੀ ਤਿਹਿ ਠਾਉ ॥ ਅੰਗ - ੩੪੫*

ਉਸ ਸ਼ਹਿਰ ਦਾ ਵਸਨੀਕ ਸਰੀਰ ਕਰਕੇ ਨਹੀਂ, ਸੁਰਤ ਕਰਕੇ ਵਾਸੀ ਮੰਨਿਆ ਜਾਂਦਾ ਹੈ। ਉਥੇ ਕੋਈ ਦੁੱਖ, ਸੰਤਾਪ, ਝੋਰਾ ਫਿਕਰ ਨਹੀਂ ਹੈ। ਉਨ੍ਹਾਂ ਦੀ ਅਵਸਥਾ ਇਕਸਾਰ ਹੈ-

*ਗੁਰਮੁਖਿ ਬੁਢੇ ਕਦੇ ਨਾਹੀ*
*ਜਿਨ੍ਾ ਅੰਤਰਿ ਸੁਰਤਿ ਗਿਆਨੁ ॥ ਅੰਗ - ੧੪੧੮*

ਉਥੇ ਦੇ ਵਾਸੀ ਦੀ ਇਹ ਮਨੋਬ੍ਰਿਤੀ ਹੈ -

*ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ ॥*
*ਅੰਗ - ੬੭੧*

ਉਸ ਦੀ ਦ੍ਰਿਸ਼ਟੀ ਵਿਚ -

*ਸਰਬ ਜੋਤਿ ਤੇਰੀ ਪਸਰਿ ਰਹੀ ॥*
*ਜਹ ਜਹ ਦੇਖਾ ਤਹ ਨਰਹਰੀ ॥ ਅੰਗ - ੮੭੬*

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਅੰਗ - ੬੭੭*

*ਬਿਸਰਿ ਗਈ ਸਭ ਤਾਤਿ ਪਰਾਈ ॥*
*ਜਬ ਤੇ ਸਾਧਸੰਗਤਿ ਮੋਹਿ ਪਾਈ ॥ ੧ ॥ ਰਹਾਉ ॥*
*ਨਾ ਕੋ ਬੈਰੀ ਨਹੀ ਬਿਗਾਨਾ*
*ਸਗਲ ਸੰਗਿ ਹਮ ਕਉ ਬਨਿ ਆਈ ॥*
*ਅੰਗ - ੧੨੯੯*

*ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ ॥*
*ਅੰਗ - ੧੩੦੨*

ਉਹ ਸਤ, ਸੰਤੋਖ, ਧੀਰਜ, ਖਿਮਾ, ਦਇਆ, ਮਿੱਠਾ ਬੋਲਣਾ, ਸਭ ਨੂੰ ਪਿਆਰ ਕਰਨਾ ਆਦਿਕ ਦੈਵੀ ਗੁਣਾਂ ਦਾ ਧਾਰਨੀ ਹੈ। ਉਨ੍ਹਾਂ ਨੂੰ ਦੁਨਿਆਵੀ ਮਾਇਆ ਦਾ ਅਸਰ ਨਹੀਂ ਹੁੰਦਾ -

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਅੰਗ - ੧੩੫*

ਇਹੋ ਜਿਹੇ ਰੱਬੀ ਰੂਪ ਆਤਮਾਵਾਂ ਬਾਰੇ ਫੁਰਮਾਨ ਹੈ ਕਿ-

*ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥*
*ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ ॥*
*ਅੰਗ - ੧੩੫*

*ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ ॥*

*ਨਾਨਕੁ ਦਾਸੁ ਇਹੀ ਸੁਖੁ ਮਾਗੈ*
*ਮੋ ਕਉ ਕਰਿ ਸੰਤਨ ਕੀ ਧੂਰੇ ॥ ਅੰਗ - ੨੦੫*

ਪਰ ਉਨ੍ਹਾਂ ਦਾ ਮਿਲਾਪ ਪੂਰਬਲੇ ਪੁੰਨ ਕਰਮਾਂ ਦੇ ਫਲਸਰੂਪ ਹੀ ਮਿਲਦਾ ਹੈ। ਜਦੋਂ ਪ੍ਰਮੇਸ਼ਰ ਵਾਹਿਗੁਰੂ ਦੀ ਕ੍ਰਿਪਾ ਹੁੰਦੀ ਹੈ ਤਾਂ ਰੱਬ ਦੇ ਪਿਆਰਿਆਂ ਦਾ ਮਿਲਾਪ ਹੋ ਜਾਂਦਾ ਹੈ।

*ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥*
*ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥*
*ਅੰਗ - ੧੩੬*

ਉਹ ਗੁਰੂ ਦੀ ਦਰਸਾਈ ਜੁਗਤ 'ਤੇ ਚਲਦੇ ਹਨ-

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ ॥*
*ਅੰਗ - ੯੩੮*
*ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥*
*ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨੁ ਨਾਲਿ ॥*
*ਅੰਗ - ੧੩੭੬*
*ਨਾਨਕ ਸਤਿਗੁਰਿ ਭੇਟਿਐ ਪੂਰੀ ਹੋਵੈ ਜੁਗਤਿ ॥*
*ਹਸੰਦਿਆ ਖੇਲੰਦਿਆ ਪੈਨੰਦਿਆ*
*ਖਾਵੰਦਿਆ ਵਿਚੇ ਹੋਵੈ ਮੁਕਤਿ॥ ਅੰਗ - ੫੨੨*

ਉਹ ਗੁਰਮੁਖ ਜਨ ਮਾਇਆ ਵਿਚ ਉਦਾਸ ਹੁੰਦੇ ਹਨ। ਇਹੋ ਜਿਹੀ ਜੁਗਤਿ ਦੇ ਧਾਰਨੀ ਸਨ ਪਿਆਰੇ ਮਹਾਂਪੁਰਸ਼ ਰਤਵਾੜਾ ਸਾਹਿਬ ਵਾਲੇ। ਉਨ੍ਹਾਂ ਵਲੋਂ ਇਸ ਜੁਗਤਿ ਨੂੰ ਪ੍ਰਸਾਰਣ ਲਈ ਕਈ ਤਰੀਕਿਆਂ ਨਾਲ ਉਪਰਾਲੇ ਕੀਤੇ ਗਏ। ਇਹ ਉਪਰਾਲੇ ਅੱਜ ਸੰਗਤਾਂ ਨੂੰ ਰਸਤਾ ਦਿਖਾ ਰਹੇ ਹਨ। ਇਹ ਧਾਰਮਿਕ ਪੁਸਤਕਾਂ, ਆਤਮ ਮਾਰਗ ਮੈਗਜ਼ੀਨ, ਆਡੀਓ, ਵੀਡੀਓ ਸੀਡੀਜ਼ ਅਤੇ ਵਿਦਿਅਕ ਅਦਾਰਿਆਂ ਦੇ ਰੂਪ ਵਿਚ ਕਾਰਜਸ਼ੀਲ ਹਨ। ਰਤਵਾੜਾ ਸਾਹਿਬ ਟਰੱਸਟ ਦੇ ਵਰਤਮਾਨ ਮੁਖੀ, ਸੰਤ ਬਾਬਾ ਲਖਬੀਰ ਸਿੰਘ ਜੀ ਅਤੇ ਸਮੂੰਹ ਮੈਂਬਰ ਸਾਹਿਬਾਨ ਅਤੇ ਗੁਰੂ ਪਿਆਰ ਵਾਲੀ ਸੰਗਤ ਮਹਾਂਪੁਰਸ਼ਾਂ ਵਲੋਂ ਦਰਸਾਈ ਜੁਗਤਿ ਅਨੁਸਾਰ ਉਸੇ ਤਰ੍ਹਾਂ ਤੱਤਪਰ ਹੋ ਕੇ ਸੇਵਾ ਵਿਚ ਲੱਗੇ ਹੋਏ ਹਨ। ਟਰੱਸਟ ਦਾ ਇਕੋ-ਇਕ ਉਦੇਸ਼ ਹੈ ਕਿ ਇਹ ਸੰਸਾਰ ਸੱਚੇ ਵਾਹਿਗੁਰੂ ਦਾ ਆਪਣਾ ਦਰ ਪ੍ਰਤੀਤ ਹੋਵੇ -

*ਇਹੁ ਜਗੁ ਸਚੈ ਕੀ ਹੈ ਕੋਠੜੀ ਸਚੇ ਕਾ ਵਿਚਿ ਵਾਸੁ ॥*
*ਅੰਗ - ੪੬੩*

ਦਿਸਦੇ ਜਗਤ ਨੂੰ ਪ੍ਰਮੇਸ਼ਰ ਰੂਪ ਜਾਣ ਕੇ ਸੇਵਾ ਕੀਤੀ ਜਾਵੇ। ਪਰਉਪਕਾਰੀ ਕਾਰਜਾਂ ਨਾਲ ਸਭਨਾਂ ਦਾ ਭਲਾ ਹੋਵੇ। ਸ਼ਬਦ ਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੁੜ ਕੇ, ਨਾਮ ਬਾਣੀ ਦੀ ਕਮਾਈ ਕਰਕੇ ਜੀਵਨ ਦੇ ਅਸਲੀ ਮਨੋਰਥ ਤੱਕ ਪਹੁੰਚਿਆ ਜਾਵੇ।

*ਗੁਰ ਸੇਵਾ ਤੇ ਭਗਤਿ ਕਮਾਈ ॥*
*ਤਬ ਇਹ ਮਾਨਸ ਦੇਹੀ ਪਾਈ ॥*
*ਇਸ ਦੇਹੀ ਕਉ ਸਿਮਰਹਿ ਦੇਵ ॥*
*ਸੋ ਦੇਹੀ ਭਜੁ ਹਰਿ ਕੀ ਸੇਵ ॥ ੧ ॥*
*ਭਜਹੁ ਗੋੁਬਿੰਦ ਭੂਲਿ ਮਤ ਜਾਹੁ ॥*
*ਮਾਨਸ ਜਨਮ ਕਾ ਏਹੀ ਲਾਹੁ ॥ ਅੰਗ - ੧੧੫੯*

ਪਿਆਰੇ ਮਹਾਂਪੁਰਸ਼ਾਂ ਦਾ ਧੇਅ ਅਤੇ ਮੰਤਵ ਸੀ ਇਸ ਦੀ ਪੂਰਤੀ ਹਿਤ ਰਤਵਾੜਾ ਸਾਹਿਬ ਦੇ ਸਮੂੰਹ ਸੇਵਾਦਾਰ, ਦੇਸ਼ਾਂ-ਵਿਦੇਸ਼ਾਂ ਦੀਆਂ ਸਮੂੰਹ ਸੰਗਤਾਂ ਸੇਵਾ ਵਿਚ ਦਿਨ ਰਾਤ ਕਾਰਜਸ਼ੀਲ ਹਨ। ਗੁਰੂ ਕ੍ਰਿਪਾ ਕਰੇ ਇਸੇ ਤਰ੍ਹਾਂ ਚੜ੍ਹਦੀ ਕਲਾ ਬਣੀ ਰਹੇ। *'ਸਾਚੁ ਕਹੌਂ ਸੁਨ ਲੇਹੁ ਸਭੈ ਜਿਨਿ ਪ੍ਰੇਮ ਕੀਓ ਤਿਨ ਹੀ ਪ੍ਰਭ ਪਾਇਓ'* ਦੇ ਸਿਧਾਂਤ ਦੀ ਕਮਾਈ ਦੀ ਬਖਸ਼ਿਸ਼ ਪ੍ਰਾਪਤ ਹੋਵੇ।

**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

**1. ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**

**2. ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**

**3. 'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਫਲਗੁਣਿ

## (ਫਲਗੁਣਿ ਮਹੀਨੇ ਦੀ ਸੰਗਰਾਂਦ : 12 ਫਰਵਰੀ, ਦਿਨ ਵੀਰਵਾਰ)

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ,* *98146-12900*

**ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥**
**ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥**
**ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥**
**ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥**
**ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ ॥**
**ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ ॥**
**ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥**
**ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥**
**ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥**
**ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥ ੧੩ ॥**
**ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥**
**ਹਰਿ ਗੁਰੁ ਪੂਰਾ ਆਰਾਧਿਆ ਦਰਗਹ ਸਚਿ ਖਰੇ ॥**
**ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥**
**ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥**
**ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥**
**ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥**
**ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥**
**ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥ ੧੪ ॥ ੧ ॥**

*ਅੰਗ - ੧੩੬*

ਫਲਗੁਣਿ ਦੇ ਮਹੀਨੇ ਨੂੰ ਪ੍ਰਤੀਕ ਬਣਾ ਕੇ ਸੱਚੇ ਪਾਤਸ਼ਾਹ ਬਖਸ਼ਿਸ਼ ਕਰ ਰਹੇ ਹਨ ਕਿ ਪ੍ਰਭੂ ਦੇ ਮਿਲਾਪ ਵਾਲਾ ਸਮਾਂ ਅਨੰਦਾਇਕ ਹੁੰਦਾ ਹੈ। ਜਦੋਂ ਸਰੀਰ ਖਾਮੋਸ਼ ਹੁੰਦਾ ਹੈ ਤਾਂ ਅਰਾਮ ਪ੍ਰਤੀਤ ਹੁੰਦਾ ਹੈ। ਜਦੋਂ ਮਨ ਖਾਮੋਸ਼ ਹੁੰਦਾ ਹੈ ਤਾਂ ਸ਼ਾਂਤੀ ਪ੍ਰਾਪਤ ਹੁੰਦੀ ਹੈ। ਜਦੋਂ ਕਰਮਾਂ ਦੇ ਸੰਸਕਾਰ ਖਾਮੋਸ਼ ਹੋ ਜਾਂਦੇ ਹਨ ਤਾਂ ਆਨੰਦ ਵਿਗਸਦਾ ਹੈ। ਇਹ ਅਨੰਦ ਦੁਨਿਆਵੀ ਵਸਤੂਆਂ ਵਿਚੋਂ ਜਾਂ ਸੁਖਾਂ ਦੇ ਸਾਧਨਾਂ ਵਿਚੋਂ ਪ੍ਰਾਪਤ ਨਹੀਂ ਹੁੰਦਾ ਇਹ ਤਾਂ ਸਮਰੱਥ ਗੁਰੂ ਦੀ ਬਖਸ਼ਿਸ਼ ਨਾਲ ਹੀ ਪ੍ਰਾਪਤ ਹੁੰਦਾ ਹੈ। ਦੁਨਿਆਵੀ ਪਦਾਰਥਾਂ ਵਿਚ ਛਿਨ ਭਰ ਲਈ ਸੁਖ ਹੋ ਸਕਦਾ ਹੈ। ਪਰ ਹਰ ਸੁੱਖ ਦੇ ਪਿੱਛੇ ਦੁਖ ਛੁਪਿਆ ਹੁੰਦਾ ਹੈ। ਅਸਲ ਅਨੰਦ ਪੂਰੇ ਸਤਿਗੁਰ ਕੋਲ ਹੈ। ਭਾਵ–

*ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥*

*ਅੰਗ - ੯੧੭*

ਅਰਥਾਤ -

*ਆਨੰਦੁ ਆਨੰਦੁ ਸਭੁ ਕੋ ਕਹੈ ਆਨੰਦੁ ਗੁਰੂ ਤੇ ਜਾਣਿਆ ॥*

*ਅੰਗ - ੯੧੭*

ਜਦੋਂ ਪ੍ਰੀਤਮ ਦੇ ਪ੍ਰਕਾਸ਼ ਦਾ ਝਲਕਾਰਾ ਪੈਂਦਾ ਹੈ ਤਾਂ ਅਨੰਦ ਵਿਗਸਦਾ ਹੈ। ਜਿਸ ਦੇ ਅੰਦਰ ਪ੍ਰਮੇਸ਼ਰ ਵਾਹਿਗੁਰੂ ਸੱਜਣ ਦਾ ਪ੍ਰਕਾਸ਼ ਹੋ ਗਿਆ ਉਥੇ ਆਨੰਦ ਹੀ ਆਨੰਦ ਹੈ।

ਫਲਗੁਣਿ ਅਨੰਦ ਉਪਾਰਜਨਾ ਹਰਿ ਸਜਣ ਪ੍ਰਗਟੇ ਆਇ ॥

ਉਸ ਨੂੰ ਮਿਲੇ ਹੋਏ ਹੀ, ਉਸ ਨਾਲ ਮੇਲ ਕਰਾਉਣ ਦੇ ਸਮਰੱਥ ਹਨ। ਭਾਵ –

*ਹਉ ਵਾਰਿਆ ਅਪਣੇ ਗੁਰੂ ਕਉ*
*ਜਿਨਿ ਮੇਰਾ ਹਰਿ ਸਜਣੁ ਮੇਲਿਆ ਸੈਣੀ ॥ ਅੰਗ – ੬੫੨*

ਉਸ ਤੋਂ ਬਲਿਹਾਰੇ ਜਾਈਏ ਜਿਸਨੇ ਆਤਮ ਮਾਰਗ ਦੇ ਵਾਕਫ ਸੱਜਣ ਦਾ ਮਿਲਾਪ ਕਰਵਾ ਦਿਤਾ। ਸਾਡੀ ਕੌਮੀ ਅਰਦਾਸ ਦਾ ਇਹੀ ਸਾਰ ਹੈ ਕਿ 'ਸੇਈ ਪਿਆਰੇ ਮੇਲ ਜਿਨ੍ਹਾਂ ਮਿਲਿਆ ਤੇਰਾ ਨਾਮ ਚਿਤ ਆਵੇ।'

ਭਾਵ –

*ਜਿਨ੍ਹਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ ॥*
*ਅੰਗ – ੫੨੦*

ਉਨ੍ਹਾਂ ਨੂੰ ਮਿਲਣ ਨਾਲ ਉਸ ਵਾਹਿਗੁਰੂ ਦੀ, ਪ੍ਰੀਤਮ ਦੀ ਯਾਦ ਆਉਂਦੀ ਹੈ –

*ਆਵੈ ਸਾਹਿਬੁ ਚਿਤਿ ਤੇਰਿਆ ਭਗਤਾ ਡਿਠਿਆ ॥*
*ਅੰਗ– ੫੨੦*

ਰੱਬ ਦੇ ਪਿਆਰੇ ਸੰਤ ਜਨ, ਗੁਰਮੁਖ ਪਿਆਰੇ ਸਭ ਤੋਂ ਉਚੇ ਹਨ ਕਿਉਂਕਿ ਉਹ ਨਾਮ ਨਾਲ ਰੱਤੇ ਹੋਏ ਹਨ –

*ਸੰਤ ਸਹਾਈ ਜੀਅ ਕੇ ਭਵਜਲ ਤਾਰਣਹਾਰ ॥*
*ਸਭ ਤੇ ਊਚੇ ਜਾਣੀਅਹਿ ਨਾਨਕ ਨਾਮ ਪਿਆਰ ॥*
*ਅੰਗ – ੯੨੯*

ਪ੍ਰਮੇਸ਼ਰ ਦੀ ਕ੍ਰਿਪਾ ਨਾਲ ਹੀ ਉਨ੍ਹਾਂ ਗੁਰਮੁਖ ਜਨਾਂ ਦਾ ਮਿਲਾਪ ਹੁੰਦਾ ਹੈ –

*ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ ॥*
*ਕਹੁ ਨਾਨਕ ਤਿਸੁ ਭਇਓ ਪਰਾਪਤਿ*
*ਜਿਸੁ ਪੁਰਬ ਲਿਖੇ ਕਾ ਲਹਨਾ ॥ ਅੰਗ – ੬੪੨*

ਇਸ ਮਹੀਨੇ ਦੇ ਸ਼ਬਦ ਵਿਚ ਦੂਸਰੀ ਤੁਕ ਰਾਹੀਂ ਮਹਾਰਾਜ ਫੁਰਮਾਨ ਕਰਦੇ ਹਨ ਕਿ –

ਸੰਤ ਸਹਾਈ ਰਾਮ ਕੇ ਕਰਿ ਕਿਰਪਾ ਦੀਆ ਮਿਲਾਇ ॥

ਜਿਸ ਹਿਰਦੇ ਰੂਪੀ ਸੇਜਾ ਤੇ ਵਾਹਿਗੁਰੂ ਪ੍ਰੀਤਮ ਦਾ ਵਾਸਾ ਹੋ ਗਿਆ ਉਥੇ ਦੁਖਾਂ ਦਾ ਨਾਸ਼ ਹੋ ਕੇ ਸੁੱਖਾਂ ਦਾ ਪ੍ਰਕਾਸ਼ ਹੋ ਜਾਂਦਾ ਹੈ।

ਸੇਜ ਸੁਹਾਵੀ ਸਰਬ ਸੁਖ ਹੁਣਿ ਦੁਖਾ ਨਾਹੀ ਜਾਇ ॥

*ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ ਏਕੈ ਏਕੀ ਨੇਤੈ ॥*
*ਅੰਗ – ੧੩੦੨*

ਭਾਵ ਪੂਰੇ ਗੁਰੂ ਦੀ ਸ਼ਰਨ ਵਿਚ ਦੁਖਾਂ ਦਾ ਨਾਸ਼ ਤੇ ਸੁਖਾਂ ਦਾ ਪ੍ਰਕਾਸ਼ ਹੈ।

*ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥ ਅੰਗ– ੨*

ਅਰਥਾਤ –

*ਬਿਘਨ ਬਿਨਾਸਨ ਸਭਿ ਦੁਖ ਨਾਸਨ*
*ਸਤਿਗੁਰਿ ਨਾਮੁ ਦ੍ਰਿੜਾਇਆ ॥*
*ਖੋਏ ਪਾਪ ਭਏ ਸਭਿ ਪਾਵਨ*
*ਜਨ ਨਾਨਕ ਸੁਖਿ ਘਰਿ ਆਇਆ ॥ ਅੰਗ – ੬੨੨*

ਜਿਨ੍ਹਾਂ ਜੀਵ ਇਸਤ੍ਰੀਆਂ ਨੂੰ ਹਰੀ ਪ੍ਰਭੂ ਵਰ ਮਿਲ ਗਿਆ ਉਨ੍ਹਾਂ ਦੀਆਂ ਸਾਰੀਆਂ ਇਛਾਵਾਂ ਪੂਰੀਆਂ ਹੋ ਜਾਂਦੀਆਂ ਹਨ।

ਇਛ ਪੁਨੀ ਵਡਭਾਗਣੀ ਵਰੁ ਪਾਇਆ ਹਰਿ ਰਾਇ ॥

ਜੇਕਰ ਦੁਨਿਆਵੀ ਪਦਾਰਥਾਂ ਦੀ ਚਕਾਚੌਂਧ ਵਿਚ ਲੁਭਾਇਮਾਨ ਹੈ ਤਾਂ ***'ਭੁਖਿਆ ਭੁਖ ਨ ਉਤਰੀ ਜੇ ਬੰਨਾ ਪੁਰੀਆ ਭਾਰ ॥' (ਅੰਗ–੧)*** ਉਨ੍ਹਾਂ ਦੇ ਮਨ ਦੀ ਭੁੱਖ ਖਤਮ ਨਹੀਂ ਹੁੰਦੀ।

*ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥*
*ਅੰਗ – ੭੪੭*

ਫਿਰ ਉਹ ਸੰਗਤੀ ਰੂਪ ਵਿਚ ਰਲ–ਮਿਲ ਕੇ ਉਸ ਦੀ ਸਿਫਤ ਸਲਾਹ ਵਿਚ ਜੁੜਦੇ ਹਨ।

ਮਿਲਿ ਸਹੀਆ ਮੰਗਲੁ ਗਾਵਹੀ ਗੀਤ ਗੋਵਿੰਦ ਅਲਾਇ॥

ਭਾਵ ਰੱਬ ਦੇ ਪਿਆਰਿਆਂ ਦੀ ਸੰਗਤ ਵਿਚ ਮਿਲ ਕੇ ਉਸ ਦੇ ਗੁਣ ਗਾਇਣ ਕਰਨੇ ਹਨ।

ਭਾਵ –

*ਕਬੀਰ ਇਹੁ ਤਨੁ ਜਾਇਗਾ ਕਵਨੈ ਮਾਰਗਿ ਲਾਇ ॥*
*ਕੈ ਸੰਗਤਿ ਕਰਿ ਸਾਧ ਕੀ ਕੈ ਹਰਿ ਕੇ ਗੁਨ ਗਾਇ ॥*
*ਅੰਗ – ੧੩੬੫*

ਉਸ ਦੇ ਗੁਣ ਗਾਇਣ ਤਾਂ ਕਰਨੇ ਹਨ ਕਿ ਉਸ ਵਰਗਾ ਕੋਈ ਹੋਰ ਨਹੀਂ ਹੈ। ਇਕ ਪਾਸੇ ਸੰਸਾਰ ਹੈ, ਦੂਜੇ ਪਾਸੇ ਕਰਤਾਰ ਹੈ। ਸੰਸਾਰਿਕ ਵਡਿਆਈ ਕਿਸੇ ਕੰਮ ਨਹੀਂ ਪਰ ਉਸ ਦੀ ਸਿਫਤਿ ਸਲਾਹ, ਲੋਕ ਤੇ ਪ੍ਰਲੋਕ ਦੇ ਸੁੱਖ ਬਖਸ਼ਣ ਦੇ ਸਮਰੱਥ ਹੈ।

*ਨਾਨਕ ਦੁਨੀਆ ਕੀਆਂ ਵਡਿਆਈਆਂ ਅਗੀ ਸੇਤੀ ਜਾਲਿ ॥*
*ਅੰਗ - ੧੨੯੦*

ਉਸ ਦੀ ਵਡਿਆਈ ਨਾਲ ਹੀ ਉਸ ਦਾ ਮਿਲਾਪ ਸੰਭਵ ਹੈ। ਭਾਵ -

*ਵਡਿਆਈ ਵਡਾ ਪਾਇਆ ॥ ਅੰਗ - ੪੬੭*

ਹਰਿ ਜੇਹਾ ਅਵਰੁ ਨ ਦਿਸਈ ਕੋਈ ਦੂਜਾ ਲਵੈ ਨ ਲਾਇ॥

ਭਾਵ -

*ਮੈ ਚਾਰੇ ਕੁੰਡਾ ਭਾਲੀਆ ਤੁਧੁ ਜੇਵਡੁ ਨ ਸਾਈਆ ॥*
*ਅੰਗ - ੧੦੯੮*

ਪ੍ਰਮੇਸ਼ਰ ਆਪਣੇ ਪਿਆਰਿਆਂ ਦਾ ਹਲਤ-ਪਲਤ ਭਾਵ ਲੋਕ-ਪ੍ਰਲੋਕ ਸੰਵਾਰ ਦਿੰਦਾ ਹੈ -

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥ ਅੰਗ - ੨੯੩*

ਆਪਣੇ ਚਰਨਾਂ ਦੀ ਸਦਾ ਸਥਿਰ ਰਹਿਣ ਵਾਲੀ ਪ੍ਰੀਤੀ ਉਹ ਆਪਣੇ ਪਿਆਰਿਆਂ ਨੂੰ ਬਖਸ਼ਦੇ ਹਨ।

ਹਲਤੁ ਪਲਤੁ ਸਵਾਰਿਓਨੁ ਨਿਹਚਲ ਦਿਤੀਅਨੁ ਜਾਇ ॥

ਉਹ ਆਪ ਇਸ ਭਵਜਲ ਰੂਪੀ ਸੰਸਾਰ ਵਿਚੋਂ ਕੱਢ ਲੈਂਦੇ ਹਨ।

*ਏਹੁ ਭਉਜਲੁ ਜਗਤੁ ਸੰਸਾਰੁ ਹੈ*
*ਗੁਰੁ ਬੋਹਿਥੁ ਨਾਮਿ ਤਰਾਇ ॥*
*ਗੁਰਸਿਖੀ ਭਾਣਾ ਮੰਨਿਆ ਗੁਰੁ ਪੂਰਾ ਪਾਰਿ ਲੰਘਾਇ ॥ ਅੰਗ - ੧੪੨੪*

ਭਵਜਲ ਰੂਪੀ ਸੰਸਾਰ ਤੋਂ ਬਚਾ ਕੇ ਜਨਮਾਂ ਦਾ ਚੱਕਰ ਖਤਮ ਕਰ ਦਿੰਦੇ ਹਨ -

ਸੰਸਾਰ ਸਾਗਰ ਤੇ ਰਖਿਅਨੁ ਬਹੁੜਿ ਨ ਜਨਮੈ ਧਾਇ ॥

ਉਹ ਪ੍ਰਮੇਸ਼ਰ ਬੇਅੰਤ ਹੈ। ਉਸ ਦੀ ਮਹਿਮਾ ਅਪਰ ਅਪਾਰ ਹੈ। ਸਾਡੀ ਇਕ ਜਿਹਵਾ ਉਸ ਦੇ ਗੁਣਾਂ ਦਾ ਵਿਖਿਆਨ ਨਹੀਂ ਕਰ ਸਕਦੀ -

*ਜਿਹਵਾ ਏਕ ਕਵਨ ਗੁਨ ਕਹੀਐ ॥*
*ਬੇਸੁਮਾਰ ਬੇਅੰਤ ਸੁਆਮੀ*
*ਤੇਰੋ ਅੰਤੁ ਨ ਕਿਨ ਹੀ ਲਹੀਐ ॥ ਅੰਗ - ੬੭੪*

ਭਾਵ -

*ਕਬੀਰ ਸਾਤ ਸਮੁੰਦਹਿ ਮਸੁ ਕਰਉ*
*ਕਲਮ ਕਰਉ ਬਨਰਾਇ ॥*
*ਬਸੁਧਾ ਕਾਗਦੁ ਜਉ ਕਰਉ*
*ਹਰਿ ਜਸੁ ਲਿਖਨੁ ਨ ਜਾਇ ॥ ਅੰਗ - ੧੩੬੮*

ਉਸ ਦੇ ਪਵਿੱਤਰ ਚਰਨਾਂ ਨਾਲ ਜੁੜਨ ਵਾਲੇ ਤਰ ਜਾਂਦੇ ਹਨ।

ਜਿਹਵਾ ਏਕ ਅਨੇਕ ਗੁਣ ਤਰੇ ਨਾਨਕ ਚਰਣੀ ਪਾਇ ॥

ਇਸ ਕਰਕੇ ਸਾਨੂੰ ਉਸ ਨਿਰੰਕਾਰ ਦੀ ਵਡਿਆਈ ਕਰਨੀ ਚਾਹੀਦੀ ਹੈ। ਉਸ ਦੀ ਵਡਿਆਈ ਜਾਂ ਸਿਫਤ ਸਲਾਹ ਕਰਨ ਵਿਚ ਸਾਡਾ ਹੀ ਭਲਾ ਹੈ। ਉਸ ਨੂੰ ਵਡਿਆਈ ਕਰਾਉਣ ਦੀ ਕੋਈ ਤਮਾ ਨਹੀਂ ਹੈ।

ਫਲਗੁਣਿ ਨਿਤ ਸਲਾਹੀਐ ਜਿਸ ਨੋ ਤਿਲੁ ਨ ਤਮਾਇ ॥
ਜਿਨਿ ਜਿਨਿ ਨਾਮੁ ਧਿਆਇਆ ਤਿਨ ਕੇ ਕਾਜ ਸਰੇ ॥

ਜਿਨ੍ਹਾਂ ਜੀਵਾਂ ਨੇ ਉਸ ਨੂੰ ਧਿਆਇਆ ਹੈ ਉਨ੍ਹਾਂ ਦੇ ਲੋਕ ਤੇ ਪ੍ਰਲੋਕ ਦੇ ਸਾਰੇ ਕਾਰਜ ਸੰਪੂਰਨ ਹੋ ਜਾਂਦੇ ਹਨ। ਭਾਵ -

*ਗੋਪਾਲ ਤੇਰਾ ਆਰਤਾ ॥*
*ਜੋ ਜਨ ਤੁਮਰੀ ਭਗਤਿ ਕਰੰਤੇ*
*ਤਿਨ ਕੇ ਕਾਜ ਸਵਾਰਤਾ ॥ ਅੰਗ - ੬੯੫*

*ਥਿਰੁ ਘਰਿ ਬੈਸਹੁ ਹਰਿ ਜਨ ਪਿਆਰੇ ॥*
*ਸਤਿਗੁਰਿ ਤੁਮਰੇ ਕਾਜ ਸਵਾਰੇ ॥ ਅੰਗ - ੨੦੧*

*ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥ ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥*
*ਅੰਗ - ੧੪੨੫*

ਜਿਨ੍ਹਾਂ ਨੇ ਪੂਰੇ ਗੁਰੂ ਦੀ ਸ਼ਰਨ ਲਈ ਹੈ ਉਹ ਦਰਗਾਹ ਵਿਚ ਸੁਰਖਰੂ ਹੋ ਜਾਂਦੇ ਹਨ -

*ਰੇ ਰੇ ਦਰਗਹ ਕਹੈ ਨ ਕੋਊ ॥*
*ਆਉ ਬੈਠੁ ਆਦਰੁ ਸੁਭ ਦੇਊ ॥ ਅੰਗ - ੨੫੨*

*ਧੰਨਿ ਧੰਨਿ ਕਹੈ ਸਭੁ ਕੋਇ ॥*
*ਮੁਖ ਊਜਲ ਹਰਿ ਦਰਗਹ ਸੋਇ ॥ ਅੰਗ - ੨੯੩*

ਉਸ ਵਾਹਿਗੁਰੂ ਦੀ ਸ਼ਰਨ ਵਿਚ ਸਾਰੇ ਸੁੱਖਾਂ ਦਾ ਖਜ਼ਾਨਾ ਹੈ। ਉਸ ਦੀ ਕ੍ਰਿਪਾ ਨਾਲ ਹੀ ਬਿਖੜਾ ਭਵਜਲ ਰੂਪੀ ਸੰਸਾਰ ਸਮੁੰਦਰ ਪਾਰ ਕੀਤਾ ਜਾ ਸਕਦਾ ਹੈ -

ਸਰਬ ਸੁਖਾ ਨਿਧਿ ਚਰਣ ਹਰਿ ਭਉਜਲੁ ਬਿਖਮੁ ਤਰੇ ॥

ਉਸ ਦੇ ਪਿਆਰੇ ਪ੍ਰੇਮ ਪ੍ਰੀਤ ਵਿਚ ਲਿਪਤ ਹੁੰਦੇ ਹਨ। ਉਹ ਮਾਇਆ ਦੀ ਅੱਗ ਵਿਚ ਨਹੀਂ ਸੜਦੇ।

ਪ੍ਰੇਮ ਭਗਤਿ ਤਿਨ ਪਾਈਆ ਬਿਖਿਆ ਨਾਹਿ ਜਰੇ ॥

ਭਾਵ -

*ਹਰਿ ਪ੍ਰੇਮ ਬਾਣੀ ਮਨੁ ਮਾਰਿਆ ਅਣੀਆਲੇ*
*ਅਣੀਆ ਰਾਮ ਰਾਜੇ ॥ ਅੰਗ - ੪੪੯*

(ਬਾਕੀ ਪੰਨਾ 28 ਤੇ)

# ਮੰਙ ਪਿਆਰਾ ਗੁਰੂ ਨੂੰ.......।

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-35)***

ਜਿਸ ਤਰ੍ਹਾਂ ਮੱਛੀ ਆਪਣੇ source ਵਲ ਨੂੰ ਮੁੜਦੀ ਹੈ। ਪੁੱਠੀ ਤਾਰੀ ਤਰਦੀ ਹੈ, ਜਦੋਂ ਪੱਥਰ ਨਾਲ ਲਗਦੀ ਹੈ, ਫੇਰ ਮੁੜ ਕੇ ਹੇਠਾਂ ਨੂੰ ਆ ਜਾਂਦੀ ਹੈ। ਫੇਰ ਉਪਰ ਨੂੰ ਲਗਦੀ ਹੈ, ਫੇਰ ਮੁੜ ਕੇ ਆ ਜਾਂਦੀ ਹੈ। ਇਸੇ ਤਰ੍ਹਾਂ ਦੇ ਨਾਲ ਆਪ ਫੁਰਮਾਨ ਕਰਦੇ ਨੇ ਕਿ ਸਵਾਸ ਨਾਲ ਜਦੋਂ ਨਾਮ ਜਪਣਾ ਹੈ ਤਾਂ ਸਵਾਸ ਦੇ ਨਾਲ ਮੰਤਰ ਨੂੰ ਅੰਦਰ ਲੈ ਜਾਣੈ। ਕਿਸ ਤਰ੍ਹਾਂ ਲੈ ਜਾਣੈ? ਇਹ ਗੱਲ ਗੁਪਤ ਰਖਦੇ ਹਾਂ, ਇਸਨੂੰ ਪੰਜ ਪਿਆਰੇ ਦਸਦੇ ਨੇ ਕਿਉਂਕਿ ਇਸ ਤਰ੍ਹਾਂ ਦੀਵਾਨ ਵਿਚ ਪ੍ਰਗਟ ਕਰਨ ਵਾਲੀਆਂ ਬਾਤਾਂ ਨਹੀਂ ਹਨ। ਤਰੀਕਾ ਦਸ ਦਿਤਾ ਜਾਂਦਾ ਹੈ ਕਿ ਉਹਨੂੰ ਅੰਦਰ ਲੈ ਜਾਓ, ਲਿਜਾ ਕੇ ਰੋਕ ਲਓ। ਰੋਕ ਕੇ ਫੇਰ ਬਾਹਰ ਕੱਢ ਦਿਓ। ਆਹੀ ਪ੍ਰਕਿਰਿਆ ਜਿਹੜੀ ਹੈ ਇਹ ਜੁਗਤ ਦੇ ਨਾਲ ਕੀਤਾ ਹੋਇਆ, ਆਪ ਫੁਰਮਾਨ ਕਰਦੇ ਨੇ ਕਿ -

*'ਉਲਟ ਪਵਨ ਮਨ ਮੀਨ ਕੀ ਚਪਲ ਗਤਿ*
*ਸਤਿਗੁਰ ਪਰਚੇ ਪਰਮਪਦ ਪਾਏ ਹੈ।'*
*ਸੂਰ ਸਰ ਸੋਖਿ ਪੋਖਿ ਸੋਮ ਸਰ ਪੂਰਨ ਕੈ*
*ਬੰਧਨ ਦੇ ਮ੍ਰਿਤ ਸਰ ਅਪੀਅ ਪਿਆਏ ਹੈ॥*

*ਭਾਈ ਗੁਰਦਾਸ ਜੀ*

ਸੱਜੀ ਨਾੜੀ ਜਿਹੜੀ ਹੈ ਜਿਹਨੂੰ ਈੜਾ ਕਹਿੰਦੇ ਨੇ, ਇਹਦੇ ਵਿਚੀਂ ਸਵਾਸ ਲੈ ਕੇ ਉਪਰ ਨੂੰ ਜਾਣਾ ਹੈ। ਫੇਰ ਇਹਨੂੰ ਰੋਕ ਲੈਣੈ, ਰੋਕ ਕੇ, ਸੋਮ ਸਰ, ਚੰਦਰ ਨਾੜੀ, ਜਿਹਨੂੰ ਪਿੰਗਲਾ ਕਹਿੰਦੇ ਨੇ, ਉਹਦੇ ਤਾਈਂ ਸਵਾਸ ਕੱਢ ਦੇਵੇ। ਮੁੜ ਕੇ ਪਿੰਗਲਾ ਤੋਂ ਅੰਦਰ ਨੂੰ ਖਿੱਚ ਲੈ ਤੇ ਬੰਧ ਦੇ ਕੇ, ਦੂਸਰੇ ਪਾਸੇ ਦੀ ਹੇਠਾਂ ਨੂੰ ਕੱਢ ਦੇ, ਫੇਰ ਉਧਰਲੇ ਪਾਸੇ ਦੀ ਉਪਰ ਨੂੰ ਲੈ ਜਾ, ਫੇਰ ਰੋਕ ਲੈ, ਫੇਰ ਹੇਠਾਂ ਨੂੰ ਕਰ ਦੇ। ਜੁਗਤ ਹੋਇਆ ਕਰਦੀ ਹੈ। ਸੋ ਇਹਦੇ ਨਾਲ -

*ਅਜਰਹਿ ਜਾਰਿ ਮਾਰਿ ਅਮਰਹਿ ਭ੍ਰਾਂਤਿ ਛਾਡਿ ਅਸਥਿਰ*
*ਕੰਧ ਹੰਸ ਅਨਤ ਨ ਧਾਏ ਹੈ। ਕਬਿੱਤ ਭਾਈ ਗੁਰਦਾਸ ਜੀ*

ਇਸ ਤਰ੍ਹਾਂ ਦੇ ਅਭਿਆਸ ਨਾਲ ਹਉਮੈ ਮਰ ਜਾਇਆ ਕਰਦੀ ਹੈ ਤੇ ਮਨ ਜਿਹੜਾ ਹੈ ਉਹ ਵੀ ਕਾਬੂ ਆ ਜਾਇਆ ਕਰਦੈ। ***'ਭ੍ਰਾਂਤਿ ਛਾਡਿ'*** ਭਰਮ ਛੱਡ ਦਿੰਦੈ ਕਿਉਂਕਿ ਉਹਨੂੰ ਪ੍ਰਤੱਖ ਦਿਸਣ ਲਗ ਜਾਂਦੈ ਤੇ ਆਤਮਿਕ ਸਰੀਰ ਜਿਹੜਾ ਹੈ ਫੇਰ ਇਹ ਅਸਥਿਰ ਹੋ ਜਾਂਦੈ। ਉਹ ਫੇਰ ਮੁੜ-ਮੁੜ ਕੇ ਜੂਨਾਂ ਵਿਚ ਨਹੀਂ ਆਉਂਦਾ।

*ਆਦੈ ਆਦ ਨਾਦੈ ਨਾਦ ਸਲਲੈ ਸਲਿਲ*
*ਮਿਲਿ ਬ੍ਰਹਮੈ ਬ੍ਰਹਮ ਮਿਲਿ ਸਹਜ ਸਮਾਏ ਹੈ॥*

*ਕਬਿੱਤ ਭਾਈ ਗੁਰਦਾਸ ਜੀ*

ਆਦਿ ਦਾ ਆਦਿ ਹੈ-ਵਾਹਿਗੁਰੂ। ਨਾਦ ਵਿਚ ਜਿਵੇਂ ਨਾਦ ਮਿਲ ਜਾਂਦੈ। ਇਵੇਂ ਆਦਿ ਵਿਚ ਆਦਿ ਮਿਲ ਜਾਂਦੈ। ਆਤਮਾ, ਪ੍ਰਮਾਤਮਾ 'ਚ ਮਿਲ ਜਾਂਦੈ। 'ਸਲਲੈ ਸਲਿਲ ਮਿਲਿ' ਜਿਵੇਂ ਪਾਣੀ ਵਿਚ ਪਾਣੀ ਮਿਲ ਜਾਂਦੈ। 'ਬ੍ਰਹਮੈ ਬ੍ਰਹਮ ਮਿਲਿ ਸਹਜ ਸਮਾਏ ਹੈ॥' ਬ੍ਰਹਮ ਦੇ ਵਿਚ ਮਿਲ ਜਾਂਦੈ।

*ਸਬਦ ਸੁਰਤਿ ਲਿਵ ਗੁਰ ਸਿਖ ਸੰਧ ਮਿਲੇ*
*ਸਸਿ ਘਰਿ ਸੂਰਿ ਪੂਰ ਨਿਜ ਘਰਿ ਆਏ ਹੈ॥*

*ਭਾਈ ਗੁਰਦਾਸ ਜੀ*

ਇਹੀ ਤਰੀਕਾ ਫੇਰ ਦਸਦੇ ਨੇ ਕਿ ਸਸਿ ਘਰਿ ਦੇ ਵਿਚੋਂ ਸੂਰਜ ਨਾੜੀ ਦੇ ਵਿਚੋਂ ਚੰਦਰਮਾ ਨਾੜੀ 'ਚ ਆ, ਫੇਰ ਚੰਦਰਮਾ ਨਾੜੀ 'ਚੋਂ ਸੂਰਜ ਨਾੜੀ 'ਚ ਆ, ਸੁਖਮਨ ਨਾੜੀ ਦੇ ਵਿਚ ਰੋਕ ਪਾ, ਹਰ ਵਾਰੀ।

*ਉਲਟਿ ਪਵਨ ਮਨ ਮੀਨ ਤ੍ਰਿਬੈਨੀ ਪ੍ਰਸੰਗ*
*ਤ੍ਰਿਕੁਟੀ ਉਲੰਘਿ ਸੁਖ ਸਾਗਰ ਸਮਾਏ ਹੈ॥*

*ਭਾਈ ਗੁਰਦਾਸ ਜੀ*

ਇਸ ਤਰ੍ਹਾਂ ਕਰਦੇ-ਕਰਦੇ ਜਦੋਂ ਬਿਰਤੀ ਆਗਿਆ ਚੱਕਰ 'ਚ ਸਥਿਰ ਹੋ ਗਈ। ਉਸ ਵੇਲੇ ਅਨਹਦ ਸੁਣਨ ਲਗ ਜਾਂਦੇ ਨੇ। ਜਦੋਂ ਅਨਹਦ ਸੁਣਨਾ ਸ਼ੁਰੂ ਕਰ ਦਿਤਾ, ਬਿਰਤੀ ਸੂਖਸ਼ਮ ਹੋ ਕੇ ਉਤੇ ਨੂੰ ਚੜ੍ਹਾਓ ਕਰਦੀ ਹੈ। ਇਹਦੇ ਵਿਚ ਸਹੰਸਰਾਰ ਦਲ ਕਮਲ ਮੰਡਲ ਆਉਂਦੈ, ਜਿਥੇ ਰਿੱਧੀਆਂ-ਸਿੱਧੀਆਂ ਆਦਮੀ ਨੂੰ ਧੋਖਾ ਦਿੰਦੀਆਂ ਨੇ। ਜੇ ਪੂਰਾ ਮਹਾਂਪੁਰਸ਼ ਹੋਵੇ ਉਹ ਦਸ ਦਿੰਦੈ ਕਿ ਤੂੰ ਇਥੇ ਨਾ ਖੜ੍ਹੀਂ, ਇਸ

ਤੋਂ ਉਪਰ ਚੱਲ। ਇਥੇ ਤਾਂ -

*ਚਾਲੇ ਥੇ ਹਰਿ ਮਿਲਨ ਕਉ ਬੀਚੈ ਅਟਕਿਓ ਚੀਤ॥*

*ਅੰਗ - ੧੩੬੯*

ਇਹ ਤ੍ਰਿਕੁਟੀ ਲੰਘ। ਤ੍ਰਿਕੁਟੀ ਲੰਘ ਕੇ ਦਸਵੇਂ ਦੁਆਰ ਦੇ ਵਿਚ -

*ਤ੍ਰਿਕੁਟੀ ਛੂਟੈ ਦਸਵਾ ਦਰੁ ਖੁਲ੍ਹੈ.....॥ ਅੰਗ - ੧੧੨੩*

***'ਤ੍ਰਿਕੁਟੀ ਉਲੰਘਿ ਸੁਖ ਸਾਗਰ ਸਮਾਏ ਹੈ'*** ਸੁਖ ਦਾ ਸਾਗਰ ਹੈ, ਦਸਵਾਂ ਦੁਆਰ।

*ਤ੍ਰਿਗੁਨ ਅਤੀਤ ਚਤੁਰਥ ਪਦ ਗੰਮਿਤਾ ਕੈ*
*ਨਿਝਰ ਅਪਾਰ ਧਾਰ ਅਮਿਅ ਚੁਆਏ ਹੈ।*

*ਭਾਈ ਗੁਰਦਾਸ ਜੀ*

ਰਜੋ ਗੁਣ, ਤਮੋ ਗੁਣ, ਸਤੋ ਗੁਣ 'ਚ ਸਾਰਾ ਹੀ ਸੰਸਾਰ ਵਸਦੈ। ਇਹ ਤੁਰੀਆ ਪਦ ਦੀ ਲਖਤਾ ਹੋ ਜਾਂਦੀ ਹੈ। ਬਗੈਰ ਕਿਸੇ ਚੀਜ਼ ਤੋਂ ਝਰਨ ਵਾਲਾ ਜਿਹੜਾ ਅੰਮ੍ਰਿਤ ਦਾ ਰਸ ਹੈ, ਆਪਣੇ ਆਪ ਹੀ ਅੰਦਰ ਆਉਣਾ ਸ਼ੁਰੂ ਹੋ ਜਾਇਆ ਕਰਦੈ।

*ਚਕਈ ਚਕੋਰ ਮੋਰ ਚਾਤ੍ਰਿਕ ਅਨੰਦਮਈ*
*ਕਦਲੀ ਕਮਲ ਬਿਮਲ ਜਲ ਛਾਏ ਹੈ। ਭਾਈ ਗੁਰਦਾਸ ਜੀ*

ਕਹਿੰਦੇ, ਜਿਵੇਂ ਚਕਵੀ, ਸੂਰਜ ਨੂੰ ਦੇਖ-ਦੇਖ ਕੇ ਮਸਤ ਹੁੰਦੀ ਹੈ ਤੇ ਚਕੋਰ, ਚੰਦਰਮਾ ਨੂੰ ਦੇਖ-ਦੇਖ ਕੇ ਮਸਤ ਹੁੰਦੀ ਹੈ, ਮੋਰ, ਬੱਦਲਾਂ ਨੂੰ ਦੇਖ-ਦੇਖ ਕੇ ਮਸਤ ਹੁੰਦੈ ਇਸੇ ਤਰ੍ਹਾਂ ਦੇ ਨਾਲ ਕਦਲੀ (ਕੇਲਾ) ਕਮਲ ਦਾ ਫੁੱਲ ਹੈ ਇਹ ਪਾਣੀ ਦੇ ਵਿਚ ਮਸਤ ਹੁੰਦੈ। ਇਸੇ ਤਰ੍ਹਾਂ ਦੇ ਨਾਲ ਸੁਰਤੀ ਉਥੇ ਮਸਤ ਹੁੰਦੀ ਹੈ-

*ਸਬਦ ਸੁਰਤਿ ਲਿਵ ਗੁਰਸਿਖ ਸੰਧ ਮਿਲੇ*
*ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈ। ਭਾਈ ਗੁਰਦਾਸ ਜੀ*

ਪੰਜਾਂ ਵਿਸ਼ਿਆਂ ਨੂੰ ਦੱਬ ਲੈਂਦੈ, ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ।

*ਭਾਗੈ ਭੈ ਭਰਮ ਭੇਦ ਕਾਲ ਅਉ ਕਰਮ*
*ਖੇਦ ਲੋਗ ਬੇਦ ਉਲੰਘਿ ਉਦੋਤ ਗੁਰ ਗਿਆਨੇ ਹੈ।*

*ਭਾਈ ਗੁਰਦਾਸ ਜੀ*

*ਮਾਇਆ ਅਉ ਬ੍ਰਹਮ ਸਮ ਦਸਮ ਦੁਆਰ*
*ਪਾਰਿ ਅਨਹਦ ਰੁਨਝੁਨ ਬਾਜਤ ਨੀਸਾਨੇ ਹੈ।*

*ਭਾਈ ਗੁਰਦਾਸ ਜੀ*

ਕਹਿੰਦੇ, ਦਸਵੇਂ ਦੁਆਰ 'ਚ ਨਾ ਰੁਕ, ਫੇਰ ਅੱਗੇ ਚੱਲ। ਜਦੋਂ ਅੱਗੇ ਲੰਘੇਗਾ, ਦੋ ਅਨਹਦ ਨੇ ਇਕ ਤਾਂ ਸਰੀਰ ਵਿਚ ਪਹਿਲਾਂ ਤੋਂ ਹੀ ਸੁਣਾਈ ਦਿੰਦੇ ਨੇ। ਇਕ ਦਸਵੇਂ ਦੁਆਰ ਤੋਂ ਬਾਅਦ ਸੁਣਾਈ ਦਿੰਦੇ ਨੇ। ਉਹ ਕਿਸੇ ਵਿਰਲੇ-ਵਿਰਲੇ ਨੂੰ ਸੁਣਦੇ ਨੇ। 'ਬਾਜਤ ਨੀਸਾਨੇ ਹੈ' ਕਹਿੰਦੇ ਉਥੇ ਨੀਸਾਨ ਵਜਦੈ -

*ਘਰ ਮਹਿ ਘਰੁ ਦੇਖਾਇ ਦੇਇ*
*ਸੋ ਸਤਿਗੁਰੁ ਪੁਰਖੁ ਸੁਜਾਣੁ ॥ ਅੰਗ - ੧੨੯੧*

ਉਹ ਸਤਿਗੁਰ ਹੈ ਜਿਹੜਾ ਇਸ ਘਰ ਦੇ ਅੰਦਰ ਘਰ ਦਿਖਾ ਦੇਵੇ -

*ਪੰਚ ਸਬਦ ਧੁਨਿਕਾਰ ਧੁਨਿ*
*ਤਹ ਬਾਜੈ ਸਬਦੁ ਨੀਸਾਣੁ ॥ ਅੰਗ - ੧੨੯੧*

ਉਥੇ ਵੀ ਪੰਜ ਸ਼ਬਦਾਂ ਦਾ ਨੀਸਾਣ ਵਜਦੈ -

*ਉਨਮਨ ਮਗਨ ਗਗਨ ਜਗਮਗ ਜੋਤਿ*
*ਨਿਝਰ ਅਪਾਰ ਧਾਰ ਪਰਮ ਨਿਧਾਨੇ ਹੈ।*

*ਭਾਈ ਗੁਰਦਾਸ ਜੀ*

ਜਦੋਂ ਦਸਵੇਂ ਦੁਆਰ ਤੋਂ ਲੰਘਦੈ ਉਥੇ ਜੋਤ ਜਗਮਗ-ਜਗਮਗ ਕਰ ਰਹੀ ਹੈ।

ਸੋ ਇਸ ਤਰ੍ਹਾਂ ਦੇ ਨਾਲ ਜਦੋਂ ਬੰਦਗੀ ਕਰਦੈ। ਮਹਾਰਾਜ ਕਹਿੰਦੇ, ਉਸ ਵੇਲੇ ਉਹ ਦੁਆਰਾ ਜਿਹਦਾ ਇਹਨੂੰ ਪਤਾ ਹੀ ਨਹੀਂ ਸੀਗਾ, ਉਹ ਖੁਲ੍ਹ ਜਾਇਆ ਕਰਦੈ। ਇਸ ਤਰ੍ਹਾਂ ਪੜ੍ਹ ਲਓ -

*ਧਾਰਨਾ - ਖੁਲ੍ਹਦੇ ਨੇ ਬਜਰ ਕਪਾਟ,*
*ਸਤਿਨਾਮੁ ਜਪ ਕੇ, ਵਾਹਿਗੁਰੂ ਜਪ ਕੇ।*

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*

*ਅੰਗ - ੯੫੪*

ਆਹ ਕਿਲ੍ਹਾ ਜਿਹਦੇ ਵਿਚ ਆਪਾਂ ਰਹਿੰਦੇ ਹਾਂ। ਇਹ ਕਿਲ੍ਹਾ ਨਹੀਂ ਹਾਂ ਆਪਾਂ। ਆਪਾਂ ਮਕੀਅ ਹਾਂ ਮਕਾਨ ਨਹੀਂ ਹਾਂ। ਗਲਤੀ ਨਾਲ ਅਸੀਂ ਮਕਾਨ ਨੂੰ ਆਪਣਾ ਆਪਾ ਕਹੀ ਜਾਂਦੇ ਹਾਂ। ਕੋਈ ਬੰਦਾ ਵਿਰਲਾ ਹੈ ਜਿਹਨੂੰ ਇਹ ਪਤਾ ਹੈ ਕਿ ਮੈਂ ਤਾਂ ਇਹਦੇ ਵਿਚ ਰਹਿਣ ਵਾਲਾ ਹਾਂ, ਪਹਿਲਾਂ ਜਦੋਂ ਇਹ ਹੈ ਨਹੀਂ ਸੀ, ਜਦ ਵੀ ਮੈਂ ਸੀਗਾ। ਜਦੋਂ ਇਹ ਨਹੀਂ ਹੋਏਗਾ ਤਾਂ ਵੀ ਮੈਂ ਹੋਵਾਂਗਾ। ਮੈਂ ਇਹਨੂੰ ਕਿਉਂ ਕਹਾਂ ਆਪਣਾ ਆਪ। ਆਪਣੀ ਕੋਠੀ ਦਾ ਨੰਬਰ ਮੈਂ ਕਿਉਂ ਦੱਸਾਂ ਕਿ ਮੇਰਾ ਨਾਉਂ ਆਹ ਹੈ। ਮਹਾਰਾਜ ਕਹਿੰਦੇ, ਜਿਹੜਾ ਕਿਲ੍ਹਾ ਬਣਾਇਆ ਹੋਇਆ ਹੈ, ਜਿਹਦੇ ਵਿਚ ਤੂੰ ਰਹਿੰਦਾ ਹੈਂ ਪ੍ਰੇਮੀਆਂ! ਨੌਂ ਦਰਵਾਜ਼ੇ ਇਹਦੇ ਹੈਗੇ। ਇਕ ਗੁਪਤ ਦਰਵਾਜ਼ਾ ਰੱਖਿਆ ਹੋਇਆ ਹੈ ਇਹਦੇ

ਵਿਚ। ਉਹ ਦਰਵਾਜ਼ਾ ਬੰਦ ਹੈ -

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*

*ਅੰਗ - ੯੫੪*

ਜੇ ਕਿਸੇ ਸਮਰੱਥ ਗੁਰੂ ਤੋਂ ਮੰਤਰ ਲਿਐ, ਉਹਦਾ ਜਾਪ ਵਿਧੀਪੂਰਵਕ, ਜੁਗਤੀ ਦੇ ਨਾਲ ਕਰਕੇ, ਇਹ ਦਰਵਾਜ਼ਾ ਖੁਲ੍ਹ ਜਾਏਗਾ। ਜਦੋਂ ਖੁਲ੍ਹ ਗਿਆ ਫੇਰ ਕੋਈ ਨਿਸ਼ਾਨੀ ਹੈ? ਕਹਿੰਦੇ, ਹਾਂ -

*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*

*ਅੰਗ - ੯੫੪*

ਉਥੇ ਅਨਹਦ ਨਾਦ ਹੋ ਰਿਹੈ। ਬਗੈਰ ਵਜਾਏ ਹੋਏ ਵਾਜੇ ਵੱਜ ਰਹੇ ਨੇ। ਉਥੇ ਉਹ ਸ਼ਬਦ ਸੁਣ ਰਿਹੈ, ਜਿਹੜੇ ਸ਼ਬਦ ਨੇ ਸਾਰੇ ਸੰਸਾਰ ਨੂੰ ਧਾਰਨ ਕੀਤਾ ਹੋਇਐ -

*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*

*ਅੰਗ - ੯੫੪*

ਪ੍ਰਕਾਸ਼ ਹੋ ਜਾਂਦੈ। ਪਿਆਰ ਦੇ ਨਾਲ, ਫੇਰ ਇਥੇ ਪ੍ਰਮੇਸ਼ਰ ਦੇ ਨਾਲ, ਮਿਲਿਆ ਜਾਂਦਾ ਹੈ।

*ਸਭ ਮਹਿ ਏਕੁ ਵਰਤਦਾ*
*ਜਿਨਿ ਆਪੇ ਰਚਨ ਰਚਾਈ॥* *ਅੰਗ - ੯੫੪*

*ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ ॥*

*ਅੰਗ - ੯੪੭*

ਸੋ ਇਸ ਅਵਸਥਾ 'ਚ ਜਾ ਕੇ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥* *ਅੰਗ - ੧੪੧੪*

ਨਿਸ਼ਾਨੀ ਇਹ ਹੈ ਕਿ ਉਥੇ ਹਾਣ-ਲਾਭ, ਮਾਨ-ਅਪਮਾਨ, ਕੋਈ ਚੀਜ਼ ਹੈ, ਦਵੰਦ ਹੈ, ਉਥੇ ਵਿਆਪਿਆ ਨਹੀਂ ਕਰਦਾ। ਕਿਉਂ ਨਹੀਂ ਵਿਆਪਦੀ? ਕਿਉਂਕਿ ਉਹ ਦ੍ਰਿਸ਼ਟੀ ਖੁਲ੍ਹ ਜਾਂਦੀ ਹੈ। ਦ੍ਰਿਸ਼ਟੀ ਖੁਲ੍ਹਣ ਨਾਲ ਆਪਣਾ-ਆਪ ਹੀ ਸਾਰਾ ਸੰਸਾਰ ਨਜ਼ਰ ਆਉਣ ਲਗ ਜਾਂਦੈ। ਮਨ ਦੌੜਦਾ ਨਹੀਂ -

*ਧਾਵਤੁ ਥੰਮ੍ਹਿਆ ਸਤਿਗੁਰਿ ਮਿਲਿਐ*
*ਦਸਵਾ ਦੁਆਰੁ ਪਾਇਆ ॥*
*ਤਿਥੈ ਅੰਮ੍ਰਿਤ ਭੋਜਨੁ ਸਹਜ ਧੁਨਿ ਉਪਜੈ*
*ਜਿਤੁ ਸਬਦਿ ਜਗਤੁ ਥੰਮ੍ਹਿ ਰਹਾਇਆ ॥* *ਅੰਗ - ੪੪੧*

ਹਰ ਵਕਤ ਧੁਨ ਉਪਜਦੀ ਹੈ, ਸਹਿਜ ਦੀ। ਨਾਲ ਇਹ ਸੰਕੇਤ ਦੇ ਦਿਤਾ ਕਿ ਉਹ ਸ਼ਬਦ ਓਅੰਕਾਰ ਦਾ, ਜਿਹਨੇ ਸਾਰੇ ਜਗਤ ਨੂੰ ਥੰਮ ਕੇ ਰੱਖਿਆ ਹੋਇਆ ਹੈ, ਉਹ ਪ੍ਰਗਟ ਹੋ ਜਾਂਦੈ ਤੇ ਉਹ ਜਗ੍ਹਾ ਕਿਹੋ ਜਿਹੀ ਹੈ? ਉਹ ਕਹਿੰਦੇ, ਦੱਸੀ ਨਹੀਂ ਜਾ ਸਕਦੀ ਕਿਉਂਕਿ ਇਥੇ, ਕੋਈ ਚੀਜ਼ ਨਹੀਂ ਉਹਦੇ ਮੁਕਾਬਲੇ ਦੀ। ਸ਼ਬਦਾਂ ਨਾਲ ਉਸ ਨੂੰ ਦਸਿਆ ਨਹੀਂ ਜਾ ਸਕਦਾ। ਭਾਈ ਗੁਰਦਾਸ ਜੀ ਲਿਖਦੇ ਨੇ ਕਿ -

*ਦਸਮ ਸਥਾਨ ਕੇ ਸਮਾਨਿ ਕਉਨ ਭਉਨ ਕਹਓ ਗੁਰਮੁਖਿ*
*ਪਾਵੈ ਸੁ ਤਉ ਅਨਤ ਨ ਪਾਵਈ॥*

*ਕਬਿੱਤ ਭਾਈ ਗੁਰਦਾਸ ਜੀ।*

ਉਹਦੇ ਮੁਕਾਬਲੇ 'ਤੇ ਕਿਹੜੀ ਗੱਲ ਦੱਸੀਏ ਕਿ ਕਿਹੜਾ ਭਉਨ ਉਹੋ ਜਿਹਾ ਹੈ। ਗੁਰੂ ਦੀ ਮੱਤ ਧਾਰਨ ਕਰਨ ਵਾਲਾ, ਉਸ ਨੂੰ ਪਾ ਸਕਦੈ, ਦੂਜਿਆਂ ਨੂੰ, ਨਹੀਂ ਇਹ ਮਿਲ ਸਕਦਾ।

*ਉਨਮਨੀ ਜੋਤਿ ਪਟੰਤਰ ਦੀਜੈ ਕਉਨ ਜੋਤਿ*
*ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ।*

*ਕਬਿੱਤ ਭਾਈ ਗੁਰਦਾਸ ਜੀ*

ਜਿਹੜੀ ਅੰਦਰ ਜੋਤ ਜਗਦੀ ਹੈ, ਕੀ ਇਹ ਬਿਜਲੀ ਵਰਗੀ ਜਗਦੀ ਹੈ? ਜਾਂ ਜਿਹੜੀ ਅਸਮਾਨ ਦੀ ਬਿਜਲੀ ਹੈ, ਉਹਦੇ ਵਰਗੀ ਹੈ? ਜਾਂ ਹੀਰੇ ਦੀ ਲਾਈਟ ਵਰਗੀ ਹੈ? ਕਹਿੰਦੇ ਕਿਹੜੀ ਦੱਸੀਏ ਇਹ ਤਾਂ ਦੱਸੀ ਨਹੀਂ ਜਾ ਸਕਦੀ। 'ਦਇਆ ਕੈ ਦਿਖਾਵੈ ਜਾਹੀ ਤਾਹੀ ਬਨਿ ਆਵਈ।' ਜਿਹਦੇ ਉਤੇ ਗੁਰੂ ਮਿਹਰਬਾਨ ਹੋ ਕੇ ਦਿਖਾ ਦੇਵੇ, ਉਹੀ ਇਸ ਗੱਲ ਨੂੰ ਸਮਝ ਸਕਦੈ -

*ਅਨਹਦ ਨਾਦ ਸਮਸਰਿ ਨਾਦ ਬਾਦ ਕਓਨ ਸ੍ਰੀ ਗੁਰ ਸੁਨਾਵੈ*
*ਜਾਹਿ ਸੋਈ ਲਿਵ ਲਾਵਈ। ਕਬਿੱਤ ਭਾਈ ਗੁਰਦਾਸ ਜੀ*

ਦੁਨੀਆਂ ਦੇ ਵਾਜਿਆਂ ਵਿਚੋਂ ਕਿਹੜੇ ਵਾਜੇ ਦਾ ਜ਼ਿਕਰ ਕਰੀਏ ਕਿ ਆਹ ਅਨਹਦ ਦੇ ਨਾਲ ਰਲਦੈ? ਜਿਹਦੇ ਉਤੇ ਗੁਰੂ ਕ੍ਰਿਪਾ ਕਰਕੇ ਸੁਣਾ ਦੇਵੇ, ਉਹਦੀ, ਉਸ ਧੁਨ ਦੇ ਨਾਲ ਲਿਵ ਲਗ ਜਾਂਦੀ ਹੈ।

*ਨਿਝਰ ਅਪਾਰ ਧਾਰ ਤੁਲਿ ਨ ਅੰਮ੍ਰਿਤ ਰਸ*
*ਅਪਿਓ ਪੀਆਵੈ ਜਾਹਿ ਤਾਹੀ ਮੈ ਸਮਾਵਈ।*

*ਕਬਿੱਤ ਭਾਈ ਗੁਰਦਾਸ ਜੀ*

ਜਿਹੜਾ ਅੰਮ੍ਰਿਤ ਰਸ ਅੰਦਰ ਆਉਂਦੈ, ਉਹਦੇ ਨਾਲ ਸੰਸਾਰ ਦਾ ਕਿਹੜਾ ਰਸ ਮੇਚਿਆ ਜਾਵੇ? ਕੋਈ ਵੀ ਨਹੀਂ ਹੈ।

ਸੋ ਇਸ ਤਰ੍ਹਾਂ ਦੇ ਨਾਲ ਭਾਈ ਮੰਝ, ਸਾਧਾਰਣ ਪੁਰਸ਼ ਹੁੰਦਾ ਹੋਇਆ, ਦ੍ਰਿੜ੍ਹ ਇਰਾਦੇ ਦੇ ਨਾਲ, ਜਦੋਂ ਗੁਰੂ ਮਹਾਰਾਜ ਦੀ ਚਰਨ-ਸ਼ਰਨ ਆਇਆ, ਤਰੱਕੀ ਕਰਕੇ ਕਿੱਥੇ ਚਲਿਆ ਗਿਆ? ਰਸਨਾ ਦੇ ਨਾਲ ਨਾਮ ਜਪਿਆ, ਸਵਾਸ ਦੇ ਨਾਲ, ਜੁਗਤੀ ਦੇ ਨਾਲ ਨਾਮ ਜਪਿਆ। ਕੰਠ ਵਿਚ ਨਾਮ ਜਪਿਆ, ਹਿਰਦੇ ਵਿਚ ਨਾਮ ਜਪਿਆ, ਨਾਭੀ 'ਚ ਨਾਮ ਜਪਿਆ, ਆਗਿਆ ਚੱਕਰ 'ਚ ਨਾਮ ਜਪਿਆ, ਤ੍ਰਿਕੁਟੀ 'ਚ ਜਪਿਆ, ਦਸਵੇਂ ਦੁਆਰ ਤਕ ਪਹੁੰਚ ਜਾਂਦੈ ਤੇ ਸਾਰਾ ਸਰੀਰ, ਨਾਮ ਦਾ ਰੂਪ ਹੋ ਕੇ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥* ਅੰਗ - ੧੨੫੬
*ਅਜਪਾ ਜਾਪੁ ਨ ਵੀਸਰੈ*
*ਆਦਿ ਜੁਗਾਦਿ ਸਮਾਇ ॥* ਅੰਗ - ੧੨੯੧

ਸਾਢੇ ਤਿੰਨ ਕਰੋੜ ਰੋਮ ਹੈ, ਸਾਰੇ ਸਰੀਰ ਦੇ ਵਿਚੋਂ ਨਾਮ ਦੀ ਅਵਾਜ਼ ਆਉਂਦੀ ਹੈ -

*ਧਾਰਨਾ - ਰੋਮ-ਰੋਮ ਹਰਿ ਧਿਆਵੈ,*
*ਗੁਰਮੁਖ ਪਿਆਰੇ ਦਾ।*
*ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ ॥*
*ਨਾਨਕ ਗੁਰਮੁਖਿ ਸਾਚਿ ਸਮਾਵੈ ॥* ਅੰਗ - ੯੪੧

ਸਾਰਾ ਸਰੀਰ ਨਾਮ ਦਾ ਰੂਪ ਬਣ ਗਿਆ। ਜਦੋਂ ਸਾਰੇ ਸਰੀਰ ਵਿਚ ਨਾਮ ਸਮਾਅ ਜਾਵੇ, ਉਸ ਵੇਲੇ ਸਾਰੀ ਪ੍ਰਕ੍ਰਿਤੀ ਨਾਮ ਜਪਦੀ ਪ੍ਰਤੀਤ ਦਿੰਦੀ ਹੈ। ਸਾਰਿਆਂ ਦੇ ਅੰਦਰ ਨਾਮ ਦੀ ਧੁਨ ਸੁਣਦੀ ਹੈ। ਉਸ ਗੁਰਮੁਖ ਨੂੰ ਫੇਰ ਹਵਾ ਵੀ, ਪਾਣੀ ਵੀ, ਅੱਗ ਵੀ, ਸਭ ਨਾਮ ਜਪਦੇ ਪ੍ਰਤੀਤ ਦਿੰਦੇ ਨੇ। ਸਾਰੀਆਂ ਅਵਾਜ਼ਾਂ ਨਾਮ ਜਪਦੀਆਂ ਪ੍ਰਤੀਤ ਦਿੰਦੀਆਂ ਨੇ ਕਿਉਂਕਿ ਓਅੰਕਾਰ ਸ਼ਬਦ ਤੋਂ ਹੀ ਸਾਰੇ ਸ਼ਬਦ ਨਿਕਲੇ ਨੇ। ਜਦੋਂ ਜੜ੍ਹ ਫੜ ਲਈ, ਫੇਰ ਸਾਰੇ ਨਾਮ ਹੀ ਨਾਮ ਨਜ਼ਰ ਆਉਂਦੈ -

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥* ਅੰਗ - ੧੨੬੫

ਸੋ ਇਸ ਤਰ੍ਹਾਂ ਕਰਦੇ-ਕਰਦੇ ਬਿਰਤੀ ਚੜ੍ਹ ਗਈ। ਸਮਾਧੀ ਦੇ ਵਿਚ ਜਾਣੀ ਸ਼ੁਰੂ ਹੋ ਗਈ। ਤਿੰਨ ਕਿਸਮ ਦੀਆਂ ਸਮਾਧੀਆਂ ਹੁੰਦੀਆਂ ਨੇ। ਇਕ ਨੂੰ ਤਾਂ ਸੰਪਰਗਿਆਤ ਸਮਾਧੀ ਕਹਿੰਦੇ ਨੇ। ਦੂਸਰੀ ਹੁੰਦੀ ਹੈ-ਅਸੰਪਰਗਿਆਤ, ਤੀਸਰੀ ਹੋਇਆ ਕਰਦੀ ਹੈ ਸਾਵਿਕਲਪ ਸਮਾਧੀ। ਉਹਦੇ ਵਿਚ ਵਿਕਲਪ ਹੋਇਆ ਕਰਦਾ ਹੈ। ਪਹਿਲਾਂ ਤ੍ਰਿਕੁਟੀ ਟੁੱਟਦੀ ਹੈ ਧਿਆਤਾ, ਧਿਆਨ, ਧੇਅ ਦੀ। ਦੂਸਰੀ ਤ੍ਰਿਕੁਟੀ ਗਿਆਤਾ, ਗਿਆਨ, ਗੇਅ ਦੀ ਹੁੰਦੀ ਹੈ। ਇਹ ਜਿਹੜੀ ਪਹਿਲੀ ਸਮਾਧੀ ਹੈ, ਸਾਵਿਕਲਪ, ਇਹਦੇ 'ਤੇ ਤ੍ਰਿਕੁਟੀ ਬਣੀ ਹੁੰਦੀ ਹੈ, ਟੁੱਟੀ ਨਹੀਂ ਹੁੰਦੀ ਗਿਆਨ ਦੀ। ਦੂਸਰੀ ਸਮਾਧੀ ਜਿਹੜੀ ਹੋਇਆ ਕਰਦੀ ਹੈ ਨਿਰਵਿਕਲਪ, ਇਹਦੇ 'ਚ ਆਪਣਾ ਆਪ ਨਹੀਂ ਹੁੰਦਾ, ਕੇਵਲ ਧੇਅ ਸਾਮ੍ਹਣੇ ਹੁੰਦੈ। ਇਥੇ ਗਿਆਨ ਦੀ ਤ੍ਰਿਕੁਟੀ ਟੁੱਟ ਕੇ, ਤੀਸਰੀ ਸਮਾਧੀ ਜਿਹਨੂੰ ਸਹਿਜ ਸਮਾਧ ਕਹਿੰਦੇ ਨੇ, ਉਹਦੇ 'ਚ ਬਿਰਤੀ ਚਲੀ ਜਾਂਦੀ ਹੈ। ਸੋ ਸਹਿਜ ਸਮਾਧ ਦੇ ਵਿਚ, ਬਿਰਤੀ ਚਲੀ ਗਈ ਭਾਈ ਮੰਝ ਦੀ ਤੇ ਉਹਦੀ ਅਵਸਥਾ ਨੂੰ ਗੁਰੂ ਮਹਾਰਾਜ ਕਹਿੰਦੇ ਦੱਸਿਆ ਨਹੀਂ ਜਾਂਦਾ -

*ਧਾਰਨਾ - ਸਹਿਜ ਸਮਾਧਿ ਲਗੀ ਲਿਵ ਅੰਤਰ,*
*ਸੋ ਰਸ ਸੋਈ ਜਾਨੈ।*

'ਸਹਿਜ ਸਮਾਧਿ' ਉਹ ਸਮਾਧੀ ਜਿਹੜੀ ਨਾ ਜਾਗਦਿਆਂ, ਨਾ ਸੁੱਤਿਆਂ ਕਿਸੇ ਮੌਕੇ ਵੀ ਉਥਾਨ ਨਾ ਹੋਵੇ। ਹਰ ਵਕਤ ਸਮਾਧੀ ਲੱਗੀ ਰਹੇ। ਚਾਹੇ ਕਾਰੋਬਾਰ ਕਰ ਰਿਹੈ। ਚਾਹੇ ਕੁਛ ਵੀ ਕੰਮ ਕਰ ਰਿਹੈ -

*ਸਹਜ ਸਮਾਧਿ ਲਗੀ ਲਿਵ ਅੰਤਰਿ*
*ਸੋ ਰਸੁ ਸੋਈ ਜਾਣੈ ਜੀਉ ॥* ਅੰਗ - ੧੦੬

ਜਦੋਂ ਇਥੋਂ ਤਕ ਅਵਸਥਾ ਪਹੁੰਚ ਗਈ ਫੇਰ ਆਪ ਦਾ ਹਿਰਦਾ ਕ੍ਰਿਤ-ਕ੍ਰਿਤ ਹੋ ਗਿਆ, ਖੁਸ਼ ਹੋ ਰਿਹੈ। ਵਿਸਮਾਦ ਵਿਚ ਜਾ ਰਿਹੈ ਤੇ ਆਪ ਦੇ ਮੁਖਾਰਬਿੰਦ ਤੋਂ ਐਸੇ ਭਾਵ ਨਿਕਲ ਰਹੇ ਨੇ -

*ਧਾਰਨਾ - ਕ੍ਰਿਪਾ ਹੋ ਗਈ ਓ ਸਤਿਗੁਰ ਦੀ,*
*ਰਾਮ ਸਾਰੀਆਂ ਘਟਾਂ ਦੇ ਵਿਚ ਦਿਸਿਆ।*
*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥*
*ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥*
*ਅਨਿਕ ਰੰਗ ਨਾਨਾ ਦ੍ਰਿਸਟਾਹਿ ॥*
*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥*
*ਨਾਨਕ ਤਿਸੁ ਜਨ ਸੋਝੀ ਪਾਏ ॥* ਅੰਗ - ੨੯੩

ਸੋ ਇਹ ਅਵਸਥਾ ਲਗਾਤਾਰੀ ਜੇ ਰਹੇ ਇਹਨੂੰ ਸਹਿਜ ਸਮਾਧਿ ਕਹਿੰਦੇ ਨੇ - ***'ਸੰਤਸੰਗਿ ਅੰਤਰਿ***

***ਪ੍ਰਭੂ ਡੀਠਾ ॥ ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਸਗਲ ਸਮਿਗ੍ਰੀ ਏਕਸੁ ਘਟ ਮਾਹਿ ॥'*** ਸਾਰੇ ਬ੍ਰਹਿਮੰਡ ਇਕ ਵਾਹਿਗੁਰੂ 'ਚ ਹੀ ਨਜ਼ਰ ਆਉਂਦੇ ਨੇ। ***'ਅਨਿਕ ਰੰਗ ਨਾਨਾ ਦ੍ਰਿਸਟਾਹਿ ॥ ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥ ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਸੁੰਨ ਸਮਾਧਿ ਅਨਹਤ ਤਹ ਨਾਦ ॥ ਕਹਨੁ ਨ ਜਾਈ ਅਚਰਜ ਬਿਸਮਾਦ ॥'*** ਪਰ ਇਹ ਮਿਲਦਾ ਕੀਹਨੂੰ ਹੈ? ਕਹਿੰਦੇ, ***ਤਿਨਿ ਦੇਖਿਆ ਜਿਸੁ ਆਪਿ ਦਿਖਾਏ ॥ ਨਾਨਕ ਤਿਸੁ ਜਨ ਸੋਝੀ ਪਾਏ ॥ '*** ਇਹ ਅਵਸਥਾ ਜਦੋਂ ਗੁਰਸਿੱਖ 'ਤੇ ਵਰਤਣੀ ਸ਼ੁਰੂ ਹੋ ਜਾਂਦੀ ਹੈ। ਉਸ ਵੇਲੇ ਕਹਿੰਦੇ ਨੇ ਕਿ ਨਾਮ ਦੀ ਪ੍ਰਾਪਤੀ ਹੋ ਗਈ ਇਸ ਨੂੰ। ਨਾਮ ਦੇ ਵਿਚ ਰਹਿੰਦਾ ਹੈ ਹਰ ਵਕਤ ਤੇ ਇਸੇ ਨੂੰ ਨਿਜ ਘਰ ਕਹਿੰਦੇ ਨੇ। ਚੌਥੀ ਪਦਵੀ ਇਹਨੂੰ ਕਹਿੰਦੇ ਨੇ, ਇਹਦੇ ਵਿਚ ਜਦੋਂ ਵਾਸਾ ਹੋ ਜਾਂਦੈ, ਜੀਵਨ ਮੁਕਤ ਵੀ ਇਹੀ ਅਵਸਥਾ ਹੋਇਆ ਕਰਦੀ ਹੈ। ਬਾਕੀ ਸਾਰਾ ਸੰਸਾਰ ਵਰਤਦਾ ਹੈ ਤਿੰਨ ਗੁਣਾਂ 'ਚ - ਰਜੋ ਗੁਣ, ਤਮੋ ਗੁਣ ਤੇ ਸਤੋ ਗੁਣ। ਜਿਸ ਗੁਰਮੁਖ ਦੇ ਬੰਦਗੀ ਕਰਕੇ ਨੇਤਰ ਖੁਲ੍ਹ ਗਏ, ਉਹ ਚੌਥੀ ਪਦਵੀ 'ਚ ਵਰਤਦੈ ਤੇ ਉਹਦਾ ਵਾਸਾ ਨਿਜ ਘਰ 'ਚ ਹੁੰਦੈ। ਇਸ ਤਰ੍ਹਾਂ ਫੁਰਮਾਨ ਕਰਦੇ ਨੇ-

*ਧਾਰਨਾ - ਚੌਥੀ ਪਦਵੀ ਗੁਰਮੁਖ ਵਰਤੈ,*
*ਨਿਜ ਘਰ ਵਾਸਾ ਪਾਇਆ ਜੀ।*

ਇਹ ਹਰ ਧਰਮ ਦੀ ਪੀਐਚ.ਡੀ. ਚੌਥਾ ਪਦ ਜਿਹਨੂੰ ਕਹਿੰਦੇ ਨੇ, ਚਾਹੇ ਇਸਲਾਮ ਵਾਲੇ ਨੇ, ਚਾਹੇ ਬੋਧੀ ਨੇ, ਚਾਹੇ ਗੁਰਸਿੱਖ ਨੇ, ਚਾਹੇ ਈਸਾਈ ਨੇ, ਕੋਈ ਵੀ ਹੈ, ਸਾਰਿਆਂ ਦਾ ਅੰਤਿਮ ਨਿਸ਼ਾਨਾ ਚੌਥੀ ਪਦਵੀ ਹੋਇਆ ਕਰਦੈ। ਕਿਸੇ ਮਤ ਨਾਲ ਚਲਦੈ, ਕਿਸੇ ਮੰਤ੍ਰ ਨਾਲ ਚਲਦੈ, ਸਭ ਨੇ ਪਹੁੰਚਣਾ ਇਥੇ ਹੈ। ਉਹਨੂੰ ਸਮਝਣ ਦਾ ਯਤਨ ਕਰੋ, ਜਿਹੜੇ ਸਮਝ ਸਕਦੇ ਨੇ। ਮਹਾਰਾਜ ਕਹਿੰਦੇ, ਉਥੇ ਕਿਹੜੀਆਂ-ਕਿਹੜੀਆਂ ਚੀਜ਼ਾਂ ਨਹੀਂ ਹੁੰਦੀਆਂ, ਕਿਹੜੀਆਂ-ਕਿਹੜੀਆਂ ਹੁੰਦੀਆਂ ਨੇ, ਉਹਨਾਂ ਦਾ ਵਰਣਨ ਖੋਲ੍ਹ ਕੇ ਦਸਦੇ ਨੇ ਕਿ -

*ਉਸਤਤਿ ਨਿੰਦਾ ਦੋਊ ਬਿਬਰਜਿਤ*
*ਤਜਹੁ ਮਾਨੁ ਅਭਿਮਾਨਾ ॥ ਅੰਗ - ੧੧੨੩*

ਉਥੇ ਨਾ ਉਸਤਤਿ ਹੈ, ਨਾ ਨਿੰਦਿਆ ਹੈ, ਦੋਹਾਂ ਵਾਸਤੇ ਨਹੀਂ। ਨਾ ਮਾਨ ਹੈ ਨਾ ਅਭਿਮਾਨ ਹੈ -

*ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥*
*ਅੰਗ - ੧੧੨੩*

ਚਾਹੇ ਸੋਨਾ ਹੈ, ਚਾਹੇ ਲੋਹਾ ਹੈ ਦੋਹਾਂ ਨੂੰ ਸਮਾਨ ਕਰਕੇ ਜਾਣਦੈ। ਉਹ ਭਗਵਾਨ ਦੀ ਮੂਰਤਿ ਹੋ ਜਾਂਦੈ, ਅਗਾਂਹਾਂ ਕੁਛ ਰਹਿੰਦਾ ਨਹੀਂ ਉਹਦੇ ਵਾਸਤੇ। ਕਿਉਂ-

*ਕਬੀਰ ਤੂੰ ਤੂੰ ਕਰਤਾ ਤੂ ਹੂਆ ਮੁਝ ਮਹਿ ਰਹਾ ਨ ਹੂੰ ॥*
*ਜਬ ਆਪਾ ਪਰ ਕਾ ਮਿਟਿ ਗਇਆ ਜਤ ਦੇਖਉ ਤਤ ਤੂ ॥*
*ਅੰਗ - ੧੩੭੫*

ਉਹ ਤਾਂ ਪ੍ਰਮੇਸ਼ਰ ਹੀ ਬਣ ਜਾਂਦੈ -

*ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*
*ਹਰਿ ਕਾ ਸੇਵਕੁ ਸੋ ਹਰਿ ਜੇਹਾ ॥*
*ਭੇਦੁ ਨ ਜਾਣਹੁ ਮਾਣਸ ਦੇਹਾ ॥*
*ਜਿਉ ਜਲ ਤਰੰਗ ਉਠਹਿ ਬਹੁ ਭਾਤੀ*
*ਫਿਰਿ ਸਲਲੈ ਸਲਲ ਸਮਾਇਦਾ ॥ ਅੰਗ - ੧੦੭੬*

*ਜਲ ਤਰੰਗ ਅਰੁ ਫੇਨ ਬੁਦਬੁਦਾ ਜਲ ਤੇ ਭਿੰਨ ਨ ਹੋਈ ॥*
*ਅੰਗ - ੪੮੫*

ਆਪਣੀ source ਵਿਚ, ਕਾਰਨ ਵਿਚ ਚਲਿਆ ਗਿਆ। ਵਿਛੜ ਕੇ, ਬੇਅੰਤ ਚੱਕਰ ਖਾ ਕੇ, ਜੀਵ ਬਣ ਕੇ, ਆਤਮਾ ਬਣ ਕੇ, ਪ੍ਰਮਾਤਮਾ ਦੇ ਰੂਪ ਵਿਚ ਦਾਖਲ ਹੋ ਗਿਆ। ਸੋ ਇਹਨੂੰ ਚੌਥਾ ਪਦ ਕਹਿੰਦੇ ਨੇ - ***'ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥'*** ਕਹਿੰਦੇ, ਪਹੁੰਚਦਾ ਕੌਣ ਹੈ? ਸਾਰੇ ਹੀ ਪਹੁੰਚ ਜਾਂਦੇ ਨੇ? ਕਹਿੰਦਾ, ਨਾ। ਪੀਐਚ.ਡੀ ਕਿੰਨੇ ਵਿਦਿਆਰਥੀ ਕਰਦੇ ਨੇ? ਆਹ ਪਹਿਲੀ ਜਮਾਤ ਵਿਚ ਤਾਂ ਬੇਅੰਤ ਮੁਲਖਈਆ ਫਿਰਦਾ ਹੈ, ਦਾਖਲਾ ਨਹੀਂ ਮਿਲਦਾ, ਥਾਂ-ਥਾਂ ਸਕੂਲ ਖੁਲ੍ਹੇ ਪਏ ਨੇ। ਐਮ.ਏ ਵਿਚ ਥੋੜ੍ਹੇ ਹੀ ਰਹਿ ਜਾਂਦੇ ਨੇ, ਪੀਐਚ.ਡੀ. 'ਚ ਕੋਈ-ਕੋਈ ਹੀ ਜਾਂਦਾ ਹੈ। ਸੋ ਮਹਾਰਾਜ ਕਹਿੰਦੇ ਆਹ ਜਿਹੜੀ ਗੁਰਸਿੱਖੀ ਦੀ ਪੀਐਚ.ਡੀ ਹੈ, ਸਾਰੇ ਨਾ ਸਮਝ ਲਿਓ ਕਿ ਸਭ ਨੇ ਕਰ ਲਈ। ਇਹਨੂੰ ਖਾਲਸਾ ਕਹਿੰਦੇ ਨੇ। ਇਸ ਤੋਂ ਹੇਠਾਂ ਖਾਲਸਾ ਪਦ ਨਹੀਂ ਹੈ। ਇਹ ਚੀਜ਼ ਖਾਲਸਾ ਹੈ -

*ਆਤਮ ਰਸ ਜਿਹ ਜਾਨਹੀ, ਸੋ ਹੈ ਖ਼ਾਲਸ ਦੇਵ।*
*ਪ੍ਰਭ ਮਹਿ, ਮੋਹਿ ਮਹਿ, ਤਾਸ ਮਹਿ ਰੰਚਕ ਨਾਹਨ ਭੇਵ।*
*ਅਕਾਲ ਉਸਤਤਿ*

ਖਾਲਸਾ ਪਦਵੀ ਫੇਰ ਕਿੱਡੀ ਹੋ ਗਈ?

*ਪ੍ਰਭ ਮਹਿ, ਮੋਹਿ ਮਹਿ, ਤਾਸ ਮਹਿ ਰੰਚਕ ਨਾਹਨ ਭੇਵ।*
*ਅਕਾਲ ਉਸਤਤਿ*

ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਸ ਖਾਲਸੇ ਵਿਚ ਕੋਈ ਭੇਤ ਨਹੀਂ ਹੈ। ਇਹ ਪਦਵੀ ਚੌਥੇ ਪਦ ਵਿਚ ਪਹੁੰਚਣ ਵਾਲੇ ਗੁਰਮੁਖ ਨੂੰ ਪ੍ਰਾਪਤ ਹੁੰਦੀ ਹੈ। ਮਹਾਰਾਜ ਕਹਿੰਦੇ -

*ਤੇਰਾ ਜਨੁ ਏਕੁ ਆਧੁ ਕੋਈ ॥* *ਅੰਗ - ੧੧੨੩*

ਸਾਰੇ ਨਹੀਂ ਹਨ, ਇਕ ਤੇ ਨਾਲ ਅੱਧਾ ਕਹਿ ਦਿਤਾ ਮਹਾਰਾਜ ਨੇ। ਬਹੁਤੇ ਤੋਂ ਬਹੁਤਾ ਡੇਢ ਕੁ ਹੋਏਗਾ। ਇਕ ਨੇੜੇ ਪਹੁੰਚਣ ਵਾਲਾ, ਇਕ ਪਹੁੰਚ ਗਿਆ -

*ਕਾਮੁ ਕ੍ਰੋਧੁ ਲੋਭੁ ਮੋਹੁ ਬਿਬਰਜਿਤ*
*ਹਰਿ ਪਦੁ ਚੀਨੈ ਸੋਈ ॥ਰਹਾਉ ॥* *ਅੰਗ - ੧੧੨੩*

ਪੰਜੇ ਚੀਜ਼ਾਂ ਨਹੀਂ, ਨਾ ਕਾਮ, ਨਾ ਕ੍ਰੋਧ, ਨਾ ਲੋਭ, ਨਾ ਮੋਹ, ਨਾ ਹੰਕਾਰ। ਉਹ ਇਸ ਪਦਵੀ ਨੂੰ ਚੀਨਦੈ -

*ਰਜ ਗੁਣ ਤਮ ਗੁਣ ਸਤ ਗੁਣ ਕਹੀਐ*
*ਇਹ ਤੇਰੀ ਸਭ ਮਾਇਆ ॥* *ਅੰਗ - ੧੧੨੩*

ਜੇ ਬਿਰਤੀ ਰਜੋ ਗੁਣ, ਤਮੋ ਗੁਣ, ਸਤੋ ਗੁਣ 'ਚ ਵਰਤਦੀ ਹੈ, ਤਾਂ ਉਹ ਮਾਇਆ ਦਾ ਬੰਦਾ ਹੈ-

*ਚਉਥੇ ਪਦ ਕਉ ਜੋ ਨਰੁ ਚੀਨੈ*
*ਤਿਨ੍ ਹੀ ਪਰਮ ਪਦੁ ਪਾਇਆ ॥* *ਅੰਗ - ੧੧੨੩*

ਓਹੀ ਵਾਹਿਗੁਰੂ ਦੇ ਦਰ 'ਤੇ ਪਹੁੰਚ ਕੇ, ਵਾਹਿਗੁਰੂ ਦੇ ਵਿਚ ਸਮਾਅ ਗਿਆ -

*ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥*
*ਅੰਗ- ੧੧੨੩*

ਫੇਰ ਇਹ ਨਹੀਂ ਹੈ ਕਿ ਉਹ ਕਰਮ ਨਹੀਂ ਕਰਦਾ। ਕਰਮ ਕਰਦੈ, ਸੰਸਾਰ ਨੂੰ ਰਸਤਾ ਦਿਖਾਉਣ ਵਾਸਤੇ।

ਗੁਰੂ ਤੀਸਰੇ ਪਾਤਸ਼ਾਹ ਮਹਾਰਾਜ ਉਸੇ ਤਰ੍ਹਾਂ ਕਿੱਲ੍ਹੀ ਨਾਲ ਕੇਸ ਬੰਨ੍ਹ ਕੇ ਭਜਨ ਕਰਦੇ ਰਹੇ। ਸਿੱਖਾਂ ਨੇ ਪੁੱਛਿਆ ਕਿ ਮਹਾਰਾਜ! ਤੁਹਾਨੂੰ ਤਾਂ ਹੁਣ ਸਭ ਕੁਝ ਪ੍ਰਾਪਤ ਹੋ ਗਿਆ। ਤੁਸੀਂ ਇਹ ਕਾਹਦੇ ਵਾਸਤੇ ਕਰਦੇ ਹੋਂ? ਉਹ ਕਹਿੰਦੇ, ਭਾਈ! ਸਾਨੂੰ ਇਹਦਾ ਮਤਲਬ ਤਾਂ ਕੋਈ ਨਹੀਂ ਸਿਰਫ ਤੁਹਾਡੇ ਵਾਸਤੇ ਹੈ। ਤੁਸੀਂ ਸੁਸਤ ਪੈ ਜਾਓਂਗੇ, ਜੇ ਅਸੀਂ ਨਾ ਕਰਿਆ। ਤੁਹਾਡੇ ਵਾਸਤੇ ਕਰਦੇ ਹਾਂ ਸਾਰਾ ਕੁਝ। ਸੋ ਉਸ ਵੇਲੇ - ***'ਤੀਰਥ ਬਰਤ ਨੇਮ ਸੁਚਿ ਸੰਜਮ ਸਦਾ ਰਹੈ ਨਿਹਕਾਮਾ ॥'*** ਉਹਦੀ ਕੋਈ ਕਾਮਨਾ ਨਹੀਂ ਕਰਦੇ, ਕਰਮ ਸ਼ੁਭ ਕਰਦੇ ਨੇ -

*ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ*
*ਚਿਤਵਤ ਆਤਮ ਰਾਮਾ ॥* *ਅੰਗ - ੧੧੨੩*

ਜਿਹੜੇ ਮਾਇਆ ਦੇ ਭਰਮ ਕਰ ਕੇ ਵੱਖਰੇ-ਵੱਖਰੇ ਨਜ਼ਰ ਆਉਂਦੇ ਨੇ। ਪੰਜ ਭਰਮ ਹੁੰਦੇ ਨੇ, ਉਹਨਾਂ ਪੰਜੇ ਹੀ ਭਰਮਾਂ ਦਾ ਖਾਤਮਾ ਹੋ ਗਿਆ ਤੇ ਰਹਿ ਕੀ ਗਿਆ, ਕੇਵਲ ਵਾਹਿਗੁਰੂ ਰਹਿ ਗਿਆ ਚਾਰੇ ਪਾਸੇ, ਕੋਈ ਦੂਸਰਾ ਨਹੀਂ ਰਿਹਾ ਤੇ ਉਸ ਵੇਲੇ ਉੱਚੀ ਅਵਾਜ਼ ਦੇ ਨਾਲ ਗੁਰਮੁਖ ਇਸ ਤਰ੍ਹਾਂ ਕਹਿੰਦੈ -

*ਧਾਰਨਾ - ਰਾਮ ਬੋਲੇ, ਰਾਮ ਬੋਲੇ, ਰਾਮ ਬੋਲਦੈ,*
*ਸਾਰੀਆਂ ਘਟਾਂ ਦੇ ਵਿਚ ਰਾਮ ਬੋਲਦੈ।*

*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥ ੧ ॥ ਰਹਾਉ ॥ ਅੰਗ - ੯੮੮*

ਇਹ ਗੁਰਮੁਖ ਦੀ ਆਖਰੀ ਅਵਸਥਾ ਹੋਇਆ ਕਰਦੀ ਹੈ। ਇਥੇ ਪਹੁੰਚ ਕੇ ਇਹਨੂੰ ਚੌਥੇ ਪਦ ਦੀ ਰਿਹਾਇਸ਼ ਕਹਿੰਦੇ ਨੇ। ਵਾਸਾ ਕਹਿੰਦੇ ਨੇ ਕਿ ਚੌਥੇ ਪਦ 'ਚ ਵਸਦੈ -

*ਚਉਥੇ ਪਦ ਕਉ ਜੋ ਨਰੁ ਚੀਨੈ*
*ਤਿਨ੍ ਹੀ ਪਰਮ ਪਦੁ ਪਾਇਆ ॥*
*ਤੀਰਥ ਬਰਤ ਨੇਮ ਸੁਚਿ ਸੰਜਮ*
*ਸਦਾ ਰਹੈ ਨਿਹਕਾਮਾ ॥*
*ਤ੍ਰਿਸਨਾ ਅਰੁ ਮਾਇਆ ਭ੍ਰਮੁ ਚੂਕਾ*
*ਚਿਤਵਤ ਆਤਮ ਰਾਮਾ ॥* *ਅੰਗ - ੧੧੨੩*

ਵਾਹਿਗੁਰੂ ਦੇ ਵਿਚ ਉਸ ਦਾ ਹਰ ਵਕਤ ਧਿਆਨ ਰਹਿੰਦੈ, ਸਾਰੇ, ਹਰ ਥਾਂ ਦੇ ਉਤੇ ਪ੍ਰਮੇਸ਼ਰ ਦੇਖਦੈ। ਆਪਣਾ ਆਪ ਲੀਨ ਹੋ ਜਾਂਦੈ -

*ਜਿਹ ਮੰਦਰਿ ਦੀਪਕੁ ਪਰਗਾਸਿਆ ਅੰਧਕਾਰੁ ਤਹ ਨਾਸਾ ॥*
*ਅੰਗ - ੧੧੨੩*

ਹਨ੍ਹੇਰੇ ਕਰਕੇ ਹੀ, ਸਾਧਸੰਗਤ ਜੀ! ਤੂੰ ਮੈਂ, ਮੇਰਾ-ਤੇਰਾ ਨਜ਼ਰ ਆਉਂਦੈ। ਜੇ ਮੇਰਾ ਹਟ ਜਾਵੇ ਤਾਂ ਤੇਰਾ ਮੇਰਾ ਸਭ ਖਤਮ ਹੋ ਜਾਂਦੈ। ਕੁਝ ਵੀ ਨਹੀਂ ਰਹਿੰਦਾ। ਇਕ ਵਾਹਿਗੁਰੂ ਰਹਿ ਜਾਂਦੈ, ਜੋ ਸਤਿ ਬਾਤ ਹੈ -

*ਨਿਰਭਉ ਪੂਰਿ ਰਹੇ ਭ੍ਰਮੁ ਭਾਗਾ*
*ਕਹਿ ਕਬੀਰ ਜਨ ਦਾਸਾ ॥* *ਅੰਗ - ੧੧੨੩*

ਸਾਰੇ ਹੀ ਪਰੀਪੂਰਨ ਵਾਹਿਗੁਰੂ ਨਜ਼ਰ ਆਉਂਦੈ। ਸੋ ਚੌਥੀ ਪਦਵੀ - '

*ਚਉਥੀ ਪਦਵੀ ਗੁਰਮੁਖਿ ਵਰਤਹਿ*

*ਤਿਨ ਨਿਜ ਘਰਿ ਵਾਸਾ ਪਾਇਆ ॥*
*ਪੂਰੈ ਸਤਿਗੁਰਿ ਕਿਰਪਾ ਕੀਨੀ*
*ਵਿਚਹੁ ਆਪੁ ਗਵਾਇਆ ॥ ਅੰਗ - ੧੧੩੦*

ਸੋ ਇਹ ਅਵਸਥਾ ਸਧਾਰਣ ਬੰਦਾ, ਜਿਹਨੂੰ ਰੂਹਾਨੀਅਤ ਦੀ ਏ.ਬੀ.ਸੀ ਦਾ ਵੀ ਨਹੀਂ ਸੀ ਪਤਾ, ਸਮਰੱਥ ਗੁਰੂ ਕੋਲ ਆ ਕੇ, ਦ੍ਰਿੜ੍ਹ ਇਰਾਦੇ ਨਾਲ ਕਿੱਡੀ ਵੱਡੀ ਅਵਸਥਾ ਪ੍ਰਾਪਤ ਕਰ ਲਈ। ਸੋ ਇਸ ਤੋਂ ਉਪਰ ਹੋਇਆ ਕਰਦੈ -

*ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥ ਅੰਗ - ੬੨*

ਫੇਰ ਜੀਵਨ ਦੀ ਕੁਠਾਲੀ 'ਚ ਪੈਂਦੇ, ਪਰਖ 'ਚ ਪੈਂਦੈ ਕਿ ਹੁਣ ਇਹ ਜਿਹੜਾ ਕੁਝ ਸਮਝਿਆ ਹੈ ਉਹਦੇ ਮੁਤਾਬਿਕ ਇਹਦਾ ਜੀਵਨ ਢਲ ਗਿਆ ਕਿ ਨਹੀਂ ਢਲ ਗਿਆ। ਬਹੁਤ ਸਾਰੇ ਪ੍ਰੇਮੀ ਜਿਨ੍ਹਾਂ ਦੇ ਮਨ ਵਿਚ ਅੰਧਕਾਰ ਹੁੰਦੈ ਉਹ ਇਹ ਗੱਲਾਂ ਕਰਨਗੇ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਦੇ ਸਾਮ੍ਹਣੇ ਸਾਹਿਬਜ਼ਾਦੇ ਸ਼ਹੀਦ ਹੋ ਗਏ, ਉਹਨਾਂ ਦੀ ਅੱਖ 'ਚੋਂ ਇਕ ਹੰਝੂ ਨਹੀਂ ਗਿਆ, ਕੀ ਸਮਝਦੇ ਸੀ ਤੁਸੀਂ ਗੁਰੂ ਦਸਵੇਂ ਪਾਤਸ਼ਾਹ ਨੂੰ, ਮਾਮੂਲੀ ਜੀਵ ਸਮਝਦੇ ਹੋਂ? ਉਥੇ ਤਾਂ -

*ਨਾ ਕਛੁ ਆਇਬੋ ਨਾ ਕਛੁ ਜਾਇਬੋ ਰਾਮ ਕੀ ਦੁਹਾਈ ॥*
*ਅੰਗ - ੬੯੫*

ਉਹਨੂੰ ਕਿਉਂ ਜਜ਼ਬਾਤਾਂ 'ਚ ਲਿਆ ਕੇ ਅਗਿਆਨ ਦਾ ਪ੍ਰਚਾਰ ਕਰਦੇ ਹੋਂ। ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ਵਿਪਰੀਤ ਹੋ ਜਾਂਦੀਆਂ ਨੇ ਇਹ ਗੱਲਾਂ ਸਾਰੀਆਂ। ਉਲਟੀਆਂ ਗੱਲਾਂ ਕਰਕੇ ਅਗਿਆਨ ਦਾ ਹਨ੍ਹੇਰਾ ਮਨਾਂ ਵਿਚ ਹੋਰ ਪਾ ਦਿੰਦੇ ਨੇ। ਸਾਡੇ ਵਿਚ ਆ ਜਾਂਦਾ ਹੈ ਕਿ ਮਹਾਰਾਜ ਰੋਏ ਨੀਂ। ਰੋਏ ਤਾਂ ਬਹੁਤ ਹੀ ਨਹੀਂ, ਇਤਿਹਾਸ ਵਿਚ ਐਨੇ ਆਉਂਦੇ ਨੇ। ਜਦੋਂ ਨਾਮਧਾਰੀਆਂ ਦਾ ਇਤਿਹਾਸ ਮਲੇਰਕੋਟਲੇ ਤੋਪਾਂ ਨਾਲ ਉਡਾਉਣੇ ਸ਼ੁਰੂ ਕਰ ਦਿਤੇ। 68 ਸਿੰਘ ਤੋਪਾਂ ਨਾਲ ਉਡਾਏ। ਉਹਨਾਂ ਦੇ ਵਿਚ ਇਕ ਬੱਚਾ ਆ ਗਿਆ 14 ਸਾਲ ਦਾ। ਉਹ, ਉਹਨਾਂ ਨੇ ਛੱਡ ਦਿਤਾ। ਉਹ ਜਿਹੜਾ ਮਿਸਟਰ ਕਾਬਨ ਸੀ, ਉਹਦੀ ਮੇਮ ਨੇ ਕਿਹਾ ਕਿ ਐਨਾ ਸੁੰਦਰ ਬੱਚਾ ਮੈਂ ਨਹੀਂ ਦੇਖਿਆ ਕਿਤੇ, ਇਹਨੂੰ ਨਾ ਤੋਪ ਨਾਲ ਉਡਾਈਂ। ਇਹਨੇ ਕੀ ਕਰਿਐ? ਉਹ ਛੁਡਾ ਦਿਤਾ। ਉਹ ਬੱਚਾ ਮਾਂ ਕੋਲ ਚਲਿਆ ਗਿਆ। ਮਾਂ ਨਰਾਜ਼ ਹੋ ਗਈ, ਉਸ ਨੂੰ ਦੇਖਦੇ ਸਾਰ। ਕਹਿੰਦੀ ਪੁੱਤਰ! ਮਾਫੀ ਮੰਗ ਕੇ ਆਇਐਂ ਕੀ ਤੂੰ? ਉਹ ਜਹਾਜ਼ ਜਾ ਰਿਹੈ ਸ਼ਹੀਦਾਂ ਦਾ, ਤੂੰ ਅੱਡ ਹੋ ਕੇ ਕਿਉਂ ਆਇਐਂ? ਉਹ ਕਹਿੰਦਾ, ਮਾਂ! ਮੈਨੂੰ ਤਾਂ ਛੱਡ ਦਿਤਾ। ਮਾਂ ਨੇ ਕੰਨ ਵਿਚ ਗੱਲ ਦਸ ਦਿਤੀ ਕਿ ਇਸ ਤਰ੍ਹਾਂ ਕਰ ਲੈ, ਤੈਨੂੰ ਆਪੇ ਹੀ ਸ਼ਹੀਦੀ ਵਲ ਤੋਰ ਦੇਣਗੇ। ਸੋ ਉਸ ਵੇਲੇ ਮਿਸਟਰ ਕਾਬਨ ਦੇ ਕੋਲ ਚਲਿਆ ਗਿਆ। ਉਹਨੂੰ ਕਹਿੰਦਾ, ਮੈਂ ਤੈਨੂੰ ਇਕ ਗੱਲ ਦੱਸਣੀ ਹੈ। ਉਹ ਛੇ ਫੁੱਟ ਤੋਂ ਉੱਚਾ ਸੀਗਾ, ਸਾਢੇ ਛੇ ਫੁੱਟ, ਉਹਦੇ ਦਾੜ੍ਹੀ ਧੁੰਨੀ ਤਕ ਆਉਂਦੀ ਸੀ। ਜਦੋਂ ਨੀਵਾਂ ਹੋ ਗਿਆ ਇਹਨੇ ਠੋਡੀ ਦੇ ਕੋਲੋਂ ਦੋਵੇਂ ਹੱਥ ਕਸ ਕੇ ਪਾ ਕੇ, ਦਾੜ੍ਹੀ ਦੇ ਨਾਲ ਹੀ ਲਟਕ ਗਿਆ। ਬਥੇਰਾ ਛੁਡਾਇਆ, ਛੱਡੇ ਨਾ। ਅਖੀਰ ਉਥੇ ਇਕ ਰਾਮ ਸਿੰਘ ਨਾਮ ਦਾ ਸੂਬੇਦਾਰ ਖੜ੍ਹਾ ਸੀ, ਉਹਨੇ ਆਪਣੀ ਕਿਰਚ ਦੇ ਨਾਲ ਉਸ ਬੱਚੇ ਦੀਆਂ ਦੋਵੇਂ ਬਾਹਵਾਂ ਵੱਢੀਆਂ। ਜਦੋਂ ਬਾਹਵਾਂ ਵੱਢ ਦਿਤੀਆਂ, ਗਰਦਨ ਵੀ ਵੱਢ ਦਿਤੀ ਉਹਦੀ, ਮਾਂ ਛਾਲਾਂ ਮਾਰਨ ਲਗ ਗਈ। ਉੱਚੀ-ਉੱਚੀ ਛਾਲਾਂ ਮਾਰੇ, ਕਹਿੰਦੀ, ਮੇਰਾ ਪੁੱਤਰ! ਸ਼ਹੀਦੀ ਦਾ ਜਹਾਜ਼ ਚੜ੍ਹ ਗਿਆ। ਮੇਰੀ ਕੁੱਖ ਸਫਲੀ ਹੋ ਗਈ। ਗੁਰੂ ਮਹਾਰਾਜ ਨੂੰ ਇਸ ਤਰ੍ਹਾਂ ਦੇ ਨਾਲ ਰਲਾਉਂਦੇ ਨੇ, ਇਹ ਤਾਂ ਗੁਰਸਿੱਖਾਂ ਦੇ ਅੰਦਰ ਵੀ ਹੈ ਤੇ ਫੇਰ ਮਾਤਾ ਗੁਜਰੀ ਜੀ ਨੂੰ ਕਹਿਣਗੇ, ਜਦੋਂ ਸਾਹਿਬਜ਼ਾਦਿਆਂ ਦਾ ਸੁਣ ਲਿਆ, ਮਾਤਾ ਜੀ ਦਾ ਉਸੇ ਵੇਲੇ ਹਾਰਟ ਫੇਲ੍ਹ ਹੋ ਗਿਆ। ਐਹੋ ਜਿਹਾ ਪ੍ਰੋਫੈਸਰਾਂ ਦਾ ਲਿਖਿਆ ਹੋਇਆ ਪੜ੍ਹਿਆ ਹੈ ਮੈਂ ਕਿਉਂਕਿ ਆਪ ਅੰਧਕਾਰ 'ਚ ਰਹਿੰਦੇ ਨੇ। ਗੁਰਮੁਖਾਂ ਦੀਆਂ ਅਵਸਥਾ ਦਾ ਪਤਾ ਨਹੀਂ ਹੈ ਕਿ ਗੁਰਮੁਖ ਕਿੱਥੇ ਖੇਡਦੇ ਨੇ। ਆਪਣੇ ਨਾਲ ਮੇਚਦੇ ਨੇ ਗੁਰੂਆਂ ਨੂੰ ਤੇ ਪਹੁੰਚੀਆਂ ਹੋਈਆਂ ਰੂਹਾਂ ਨੂੰ। ਸੋ ਇਸ ਤਰ੍ਹਾਂ ਦੇ ਨਾਲ ਗਲਤ ਗੱਲਾਂ ਹੁੰਦੀਆਂ ਨੇ ਇਹ ਸਾਰੀਆਂ, ਸਾਧਸੰਗਤ ਜੀ।

ਗੁਰਮੁਖ ਦੀ ਅਵਸਥਾ ਬਹੁਤ ਉੱਚੀ ਹੈ। ਅਜੀਬ ਬਾਤ ਹੋਇਆ ਕਰਦੀ ਹੈ ਕਿਉਂਕਿ ਗੁਰਮੁਖ ਫੇਰ ਜਿਉਂ ਕੇ ਦਸਦੈ ਇਸ ਹਿਸਾਬ ਦੇ ਨਾਲ ਤੇ ਉਹਦਾ ਤੇ ਸਾਡੀ ਕਹਾਣੀ ਦਾ ਫਰਕ ਪੈ ਜਾਂਦੈ -

*ਧਾਰਨਾ - ਹਰਿ ਕੇ ਸੇਵਕ ਜੋ ਹਰਿ ਭਾਏ,*
*ਤਿਨ ਕਥਾ ਨਿਰਾਰੀ ਰੇ।*

*ਹਰਿ ਕੇ ਸੇਵਕ ਜੋ ਹਰਿ ਭਾਏ*
*ਤਿਨ੍ ਕੀ ਕਥਾ ਨਿਰਾਰੀ ਰੇ ॥*
*ਆਵਹਿ ਨ ਜਾਹਿ ਨ ਕਬਹੂ ਮਰਤੇ*
*ਪਾਰਬ੍ਰਹਮ ਸੰਗਾਰੀ ਰੇ ॥ ਅੰਗ - ੮੫੫*

ਸੋ ਉਹਨਾਂ ਦੀਆਂ ਕਹਾਣੀਆਂ ਤੇ ਸਾਡੀਆਂ

ਜੀਵਨ ਘਟਨਾਵਾਂ 'ਚ ਬਹੁਤ ਫਰਕ ਹੈ, ਦਿਨ ਤੇ ਰਾਤ ਦਾ। ਸੋ ਜਦੋਂ ਚੌਥੀ ਪਦਵੀ 'ਚ ਗੁਰਮੁਖ ਪਹੁੰਚ ਜਾਂਦੈ ਉਹਦਾ ਜੀਵਨ ਕਿਹੋ ਜਿਹਾ ਹੁੰਦੈ, ਪ੍ਰੈਕਟੀਕਲ ਜੀਵਨ ਜਿਹਨੂੰ ਸੱਚ ਆਚਾਰ ਕਹਿੰਦੇ ਨੇ। ਉਹਦੇ ਵਾਸਤੇ ਗੁਰੂ ਮਹਾਰਾਜ ਨੇ, ਉਸ ਗੁਰਸਿੱਖ ਨੂੰ ਪਰਖਣ ਵਾਸਤੇ, ਪੱਕਾ ਕਰਨ ਵਾਸਤੇ ਸੋਨਾ ਨਿਖਰ ਤਾਂ ਆਉਂਦੈ, ਲੇਕਿਨ ਬਾਰ੍ਹਾਂ ਬੰਨੀ ਦਾ ਬਣਾਉਣ ਵਾਸਤੇ ਮੁੜ-ਮੁੜ ਕੇ ਅੱਗ ਦੇ ਵਿਚ ਤਾਅ ਦੇਣਾ ਪੈਂਦਾ ਹੈ। ਸੋ ਰੂਹਾਨੀਅਤ ਦੇ ਅੰਦਰ ਉਸ ਇਮਹਿਤਾਨ ਨੂੰ ਕਸਵੱਟੀ ਕਹਿੰਦੇ ਨੇ। ਜਦੋਂ ਕਸਵੱਟੀ ਲਗਦੀ ਹੈ ਤਾਂ ਕੋਈ ਵਿਰਲਾ ਹੈ, ਜੋ ਲੰਘ ਜਾਵੇ। ਮਰਜੀਵੜਾ ਤਾ ਲੰਘ ਜਾਂਦੈ, ਜਿਹਦੇ ਵਿਚ ਬਨਾਉਟ ਹੁੰਦੀ ਹੈ, ਕੱਚ-ਪਿਚ ਹੁੰਦੈ ਜਿਹਦੇ ਵਿਚ, ਉਹ ਨਹੀਂ ਲੰਘ ਸਕਿਆ ਕਰਦਾ। ਉਹਦੇ ਕੋਲ ਕੋਈ ਤਰੀਕਾ ਨਹੀਂ ਕਿ ਕਸਵੱਟੀ ਨੂੰ ਪਾ ਕਰ ਜਾਵੇ। ਜਦੋਂ ਵੀ ਕਸਵੱਟੀ ਲੱਗੇਗੀ -

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*

*ਅੰਗ - ੯੪੮*

ਹੁਣ ਇਹਦੇ 'ਤੇ ਕਸਵੱਟੀ ਲਗ ਗਈ। ਮਹਾਰਾਜ ਕਹਿਣ ਲੱਗੇ, ਭਾਈ ਮੰਝ! ਜੋ ਕੁਛ ਤੂੰ ਜਾਨਣਾ ਸੀ, ਜੋ ਕੁਛ ਤੂੰ ਪ੍ਰਾਪਤ ਕਰਨਾ ਸੀ, ਉਹ ਤੂੰ ਪ੍ਰਾਪਤ ਕਰ ਲਿਆ। ਹੁਣ ਤੂੰ ਜਾਹ, ਜਾ ਕੇ ਜਦੋਂ ਤੱਕ ਅਸੀਂ ਬੁਲਾਈਏ ਨਾ, ਤੂੰ ਆਉਣਾ ਨਹੀਂ ਹੈ। ਇਕ ਦਮ ਹੀ ਵਿਛੋੜ ਦਿਤਾ, ਉਹ ਗੁਰਸਿੱਖ ਜਿਹੜਾ ਹਰ ਵਕਤ ਆਪ ਦੇ ਦਰਸ਼ਨ ਕਰ-ਕਰ ਕੇ ਜਿਉਂਦਾ ਸੀ। ਕਹਿੰਦੇ, ਤੂੰ ਨਹੀਂ ਆਉਣਾ, ਜਦੋਂ ਤਕ ਅਸੀਂ ਨਾ ਬੁਲਾਈਏ। ਉਧਰਲੇ ਪਾਸੇ ਆਪਣੀ ਮਾਇਆ ਦੇ ਨਾਲ, ਐਡਾ ਸਖਤ ਬਣਾ ਦਿਤਾ, ਪਰਿਵਾਰ ਉਹਨਾਂ ਦਾ, ਭਰਾ ਵਗੈਰਾ ਜਿੰਨੇ ਰਿਸ਼ਤੇਦਾਰ ਸੀ ਸਾਰੇ, ਕੋਈ ਵੀ ਇਹਨਾਂ ਨਾਲ ਸਹਿਮਤ ਨਾ ਹੋਵੇ। ਜਦੋਂ ਚਲੇ ਗਏ, ਕੋਈ ਨਾ ਬੁਲਾਵੇ ਇਹਨਾਂ ਨੂੰ। ਸਾਰਿਆਂ ਨੇ ਇਕੱਠੇ ਹੋ ਕੇ ਕਿਹਾ ਕਿ ਦੇਖੋ, ਇਸ ਨੇ ਸਰਵਰ ਦਾ ਮੁਕਾਮ ਢਾਹਿਆ ਹੈ, ਆਪਾਂ ਸਰਵਰੀਏ ਹਾਂ। ਇਹਦੇ ਨਾਲ ਕੋਈ ਨਾ ਬੋਲੋ। ਲੇਕਿਨ ਘਰ ਦੇ ਅੰਦਰ ਪਰਿਵਰਤਨ ਹੋਇਐ। ਜਦੋਂ ਇਹ ਗਏ, ਉਸ ਵੇਲੇ ਘਰਵਾਲੀ ਨੇ ਦੇਖਿਆ ਕਿ ਇਹ ਉਹ ਰਿਹਾ ਹੀ ਨਹੀਂ, ਕੁਝ ਹੋਰ ਹੀ ਹੋ ਗਿਆ ਤੇ ਉਹਨੂੰ ਬੜਾ ਹੀ ਪਿਆਰਾ ਲੱਗਿਆ। ਬੱਚੀ ਨੂੰ ਵੀ ਬਹੁਤ ਪਿਆਰੇ ਲੱਗੇ। ਕਹਿਣ ਲੱਗੀ, ਠੀਕ ਹੈ, ਤੁਹਾਨੂੰ ਜ਼ਰੂਰ ਚੀਜ਼ ਲੱਭ ਗਈ ਹੈ ਜਿਸਨੇ ਕਿ ਸਾਡੀ ਕਾਇਆਂ ਕਲਪ ਕਰ ਦਿਤੀ। ਸਾਨੂੰ ਵੀ ਗੁਰੂ ਮਹਾਰਾਜ ਦਾ ਪਿਆਰ ਆਉਣਾ ਸ਼ੁਰੂ ਹੋ ਗਿਆ। ਥੋੜ੍ਹੇ ਦਿਨਾਂ ਦੇ ਸੰਗ ਦੇ ਨਾਲ ਪੂਰੀ ਤਰ੍ਹਾਂ ਦੇ ਨਾਲ ਪੱਕੀਆਂ ਕਰ ਦਿਤੀਆਂ। ਇਧਰਲੇ ਪਾਸੇ ਕੋਈ ਨਹੀਂ ਬੁਲਾਉਂਦਾ, ਕੋਈ ਬਾਤ ਨਹੀਂ ਕਰਦਾ। ਜਿਹੜੇ ਇਹਨਾਂ ਨਾਲ ਬੋਲਦੇ ਸੀ ਉਹ ਵੀ ਦੂਰ ਨੱਠ ਜਾਂਦੇ ਨੇ। ਕੋਈ ਸਾਮ੍ਹਣੇ ਆਉਣ ਨੂੰ ਤਿਆਰ ਨਹੀਂ, ਰਾਹ ਛੱਡ ਜਾਂਦੇ ਨੇ ਕਿ ਕਿਤੇ ਬੁਲਾ ਨਾ ਲਵੇ। ਬੜਾ ਭਾਰਾ ਨਿਰਾਦਰ ਹੈ, ਸਾਧਸੰਗਤ ਜੀ। ਕਿਸੇ ਚੰਗੇ ਬੰਦੇ ਨਾਲ ਹੋਵੇ ਇਹ ਗੱਲਾਂ, ਬੀਤੀਆਂ ਹੋਣ, ਫੇਰ ਉਹਨੂੰ ਪਤਾ ਲਗਦੈ-

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - ੩੨੭*

ਸੋ ਇਸ ਤਰ੍ਹਾਂ ਕਰਕੇ ਪਿੰਡ ਨੇ ਇਕੱਠ ਕਰਿਆ। ਕਹਿਣ ਲੱਗੇ ਕਿ ਲਓ ਬਈ, ਕੱਲ੍ਹ ਤਕ ਇਹ ਸਾਡਾ ਚੌਧਰੀ ਸੀਗਾ। ਇਹ ਸੰਗ ਲੈ ਕੇ ਜਾਂਦਾ ਸੀ। ਹੁਣ ਦੇਖ ਲਓ ਇਸ ਨੇ ਕੀ ਕਰਤੂਤ ਕਰੀ ਹੈ। ਤੁਹਾਨੂੰ ਸਾਰਿਆਂ ਨੂੰ ਪਤਾ ਹੀ ਹੈ ਕਿ ਅੰਮ੍ਰਿਤਸਰ ਚਲਿਆ ਗਿਆ। ਉਥੇ ਜਿਹੜਾ ਵੀ ਬੰਦਾ ਗਿਆ ਹੈ, ਕਹਿੰਦੇ, ਉਹ ਭਟਕ ਕੇ ਆਇਆ ਹੈ ਤੇ ਆਪਣਾ, ਇਹਦੇ ਨਾਲ ਕੋਈ ਮੇਲ-ਜੋਲ ਨਹੀਂ ਹੈ। ਸੋ ਅਸੀਂ ਇਹ ਸਲਾਹ ਦਿੰਦੇ ਹਾਂ ਕਿ ਇਹਨੂੰ ਪਿੰਡ 'ਚੋਂ ਕੱਢ ਦੇਣਾ ਚਾਹੀਦਾ ਹੈ ਤੇ ਕੱਢਣਾ ਵੀ ਇਹਨੂੰ ਸਜ਼ਾ ਦੇ ਕੇ ਚਾਹੀਦੈ। ਸਰਦਾਰੀ ਵੀ ਇਹਦੀ ਖੋਹ ਲਓ, ਧਨ ਵੀ ਖੋਹ ਲਓ ਤੇ ਇਹਦੇ ਪਸ਼ੂ ਵੀ ਖੋਹ ਲਓ ਤੇ ਮਕਾਨ ਵੀ ਨਾ ਇਹਦੇ ਕੋਲ ਰਹਿਣ ਦਿਓ। ਭਾਈ ਸਾਹਿਬ ਲਿਖਦੇ ਨੇ ਕਿ -

*ਛੀਨ ਲੀਨ ਗ੍ਰਿਹ ਧਨ ਸਰਦਾਰੀ।*

ਸਭ ਕੁਝ ਖੋਹ ਲਿਆ, ਇਹ ਕਸਵੱਟੀ ਲਗ ਗਈ, ਸਾਧਸੰਗਤ ਜੀ।

*ਸਰਬ ਸਰੀਕਨ ਦੀਨ ਨਿਕਾਰੀ।*

ਪਿੰਡ ਦੇ ਵਿਚੋਂ ਕੱਢ ਦਿਤੇ। ਸੋ ਇਹੋ ਜਿਹੀ ਅਵਸਥਾ ਦੇ ਅੰਦਰ ਸਮ ਬਿਰਤੀ 'ਚ ਰਹਿ ਜਾਣਾ, ਸਾਰਿਆਂ ਦਾ ਕੰਮ ਨਹੀਂ ਹੈ। ਇਹ ਤਾਂ ਬਹੁਤ ਔਖਾ ਹੈ -

*ਧਾਰਨਾ - ਜਦੋਂ ਲਗਦੀ ਹੈ ਰਾਮ ਕਸੌਟੀ,*
*ਪਾਸ ਹੁੰਦੇ ਮਰਜੀਵੜੇ।*

*ਕਬੀਰ ਕਸਉਟੀ ਰਾਮ ਕੀ ਝੂਠਾ ਟਿਕੈ ਨ ਕੋਇ ॥*
*ਰਾਮ ਕਸਉਟੀ ਸੋ ਸਹੈ ਜੋ ਮਰਜੀਵਾ ਹੋਇ ॥*

*ਅੰਗ - ੯੪੮*

ਜਦੋਂ ਪੀਐਚ.ਡੀ ਦਾ ਇਮਹਿਤਾਨ, ਪੇਪਰ ਪੈਂਦੈ ਸਾਰੇ ਨਹੀਂ ਪਾਸ ਹੋ ਸਕਦੇ, ਜਿਹੜਾ ਮਰਜੀਵੜਾ ਹੋਏਗਾ, ਉਹ ਪਾਸ ਹੋਏਗਾ। ਬੜੀਆਂ ਮਿਸਾਲਾਂ ਨੇ ਧਾਰਮਿਕ ਇਤਿਹਾਸ ਦੇ ਅੰਦਰ। ਨਿਜ਼ਾਮੂਦੀਨ ਔਲੀਆ, ਦਿੱਲੀ ਦੇ ਅੰਦਰ, ਬਾਬੇ ਫਰੀਦ ਤੋਂ ਤੀਸਰੀ ਥਾਂ ਦੇ ਉਤੇ ਹੋਏ ਨੇ। ਆਪ ਦੇ ਮੁਰੀਦਾਂ ਦੇ ਵਿਚੋਂ ਇਕ ਮੁਰੀਦ, ਜਿਸਦਾ ਨਾਮ, ਖੁਸਰੋ ਸੀ। ਉਹਦੇ ਨਾਲ ਦੇ 32 ਹੋਰ ਸੀ ਤੇ ਪਤਾ ਨਹੀਂ ਸੀ ਲਗਦਾ ਕਿ ਕਿਹੜਾ ਪਾਸ ਹੈ, ਕਿਹੜਾ ਫੇਲ੍ਹ ਹੈ। ਗੱਲਾਂ ਇਕ-ਇਕ ਤੋਂ ਵਧ ਕੇ ਮਾਰਦੇ ਸੀ। ਗਿਆਨ ਦੀਆਂ ਬਾਤਾਂ ਵੀ, ਵੈਸੇ ਵੀ, ਪਿਆਰ ਦੀਆਂ ਬਾਤਾਂ ਵੀ।

ਇਕ ਦਿਨ ਔਲੀਆ ਨੇ ਸ਼ਹਿਰ ਵਲ ਨੂੰ ਰੁਖ ਕਰ ਲਿਆ। ਵੇਸਵਾਵਾਂ ਦੇ ਮੁਹੱਲੇ ਆ ਗਿਆ। ਇਕ ਵੇਸਵਾ ਦੇ ਉਤੇ ਨਦਰ ਕਰ ਦਿਤੀ। ਉਸ ਨੇ ਨਮਸ਼ਕਾਰ ਕੀਤੀ, ਉਸ ਦੀਆਂ ਬੁਰਿਆਈਆਂ ਦੂਰ ਕਰ ਦਿਤੀਆਂ। ਕਹਿਣ ਲੱਗੇ, ਬੇਟਾ! ਮੈਨੂੰ ਕੰਮ ਹੈ ਤੇਰੇ ਤੱਕ। ਇਕ ਡਰਾਮਾ ਖੇਡਣਾ ਹੈ, ਉਹ ਪੂਰੀ ਤਰ੍ਹਾਂ ਖੇਡ ਦੇ। ਮੈਂ ਆਪਣੇ ਮੁਰੀਦਾਂ ਦੀ ਚੋਣ ਕਰਨੀ ਹੈ ਕਿ ਕਿਹੜਾ ਅਸਲੀ ਹੈ, ਕਿੰਨੇ ਨਕਲੀ ਨੇ। ਸੋ ਉਸ ਵੇਲੇ ਵੇਸਵਾ ਨੇ ਕਿਹਾ ਕਿ ਤੁਸੀਂ ਅੰਦਰ ਬੈਠੋ, ਸਾਰਾ ਇੰਤਜ਼ਾਮ ਮੈਂ ਕਰ ਦਿੰਦੀ ਹਾਂ। ਮੁਰੀਦਾਂ ਨੂੰ ਕਹਿਣ ਲੱਗੀ, ਬਾਹਰ ਜਾਓ ਤੁਸੀਂ ਸਾਰੇ, ਖਬਰਦਾਰ ਜੇ ਕੋਈ ਅੰਦਰ ਵੜਿਆ। ਔਲੀਆ ਨੇ ਅੱਜ ਇਥੇ ਰਾਤ ਰਹਿਣੈ। ਨੌਕਰਾਂ ਨੂੰ ਕਹਿਣ ਲੱਗੀ, ਜਾਓ ਫਲਾਣੀ ਸ਼ਰਾਬ ਲੈ ਕੇ ਆਓ। ਫਲਾਣਾ ਕਬਾਬ ਲੈ ਕੇ ਆਓ। ਉਹ ਥੋੜ੍ਹੀ-ਥੋੜ੍ਹੀ ਦੇਰ ਬਾਅਦ ਹੁਕਮ ਦੇਈ ਜਾਂਦੀ ਹੈ ਕਿ ਫਲਾਣੀ ਚੀਜ਼ ਲੈ ਕੇ ਆਓ। ਉਹ ਹੈਰਾਨ ਹੋਈ ਜਾਂਦੇ ਨੇ ਕਿ ਔਲੀਆ ਐਨਾ ਗਿਰ ਗਿਆ ਕਿ ਵੇਸਵਾ ਦੇ ਘਰ ਵਿਚ ਆ ਕੇ ਸਭ ਕੁਝ ਭੁੱਲ ਗਿਆ? ਸ਼ਰਾਬ ਪੀਣ ਲਗ ਗਿਆ, ਮਾਸ ਖਾਣ ਲਗ ਗਿਆ। ਉਹ ਹਾਵ-ਭਾਵ ਕਰਦੀ ਹੈ। ਉਹਨਾਂ ਨੂੰ ਆ ਕੇ ਕਹਿ ਦਿੰਦੀ ਕਿ ਤੁਸੀਂ ਇਥੇ ਕੀ ਕਰਦੇ ਹੋਂ, ਨੱਠੋ ਇਥੋਂ ਸਾਰੇ, ਉਹਨਾਂ ਨੇ ਕਿਹੈ, ਚਲੇ ਜਾਣ ਸਾਰੇ, ਮੇਰਾ ਕੋਈ ਨਹੀਂ ਕੁਛ ਲਗਦਾ। ਐਸਾ ਡਰਾਮਾ ਖੇਡਿਆ ਕਿ ਸਾਰਿਆਂ ਦੇ ਮਨਾਂ ਵਿਚ ਸ਼ੱਕ ਪੈ ਗਿਆ ਕਿਉਂਕਿ ਕਸਵੱਟੀ ਐਵੇਂ ਹੀ ਲਗਦੀ ਹੈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਨੇ ਜਦੋਂ ਕਸਵੱਟੀ ਲਾਈ, ਸਾਰੇ ਹੀ ਪਾਸ ਥੋੜ੍ਹਾ ਹੋ ਜਾਂਦੇ ਨੇ, ਡੰਡੇ ਮਾਰ-ਮਾਰ ਕੇ ਸਾਰਿਆਂ ਨੂੰ ਨਠਾਉਂਦੇ ਸੀ।

ਗੁਰੂ ਦਸਵੇਂ ਪਾਤਸ਼ਾਹ ਨੇ ਜਦੋਂ ਕਸਵੱਟੀ ਲਾਈ ਪੰਜ ਪਾਸ ਹੋਏ, 80000 ਬੰਦਾ ਬੈਠਾ ਸੀ ਉਥੇ। ਸਾਰੇ ਡੋਲ ਗਏ ਸੀ। ਇਹ ਕੋਈ ਖੇਡ ਨਹੀਂ ਹੈ, ਬਹੁਤ ਔਖੀ ਚੀਜ਼ ਹੈ। ਸੋ ਉਥੇ ਚਾਰ ਵਜਦੇ ਨੂੰ ਦੋ ਰਹਿ ਗਏ, 30 ਚਲੇ ਗਏ ਤੇ ਜਦੋਂ ਦਿਨ ਚੜ੍ਹਿਆ ਕੋਈ ਨਾ ਰਿਹਾ। ਇਕ ਰਹਿ ਗਿਆ ਖੁਸਰੋ। ਪੁੱਛਦੇ ਨੇ ਕਿ ਕਿੰਨੇ ਰਹਿ ਗਏ? ਕਹਿੰਦੇ, ਇਕ ਰਹਿ ਗਿਆ। ਕਹਿੰਦੇ, ਇਹਨੂੰ ਵੀ ਨਠਾਓ ਹੁਣ। ਉਹ ਡੰਡੇ ਲੈ ਕੇ ਮਗਰ ਪੈ ਗਏ, ਕੁੱਟਣ ਲਗ ਗਏ। ਕਹਿੰਦੇ, ਜਾਂਦਾ ਹੈਂ ਕਿ ਨਹੀਂ? ਜਦੋਂ ਗਿਆ ਹੀ ਨਾ, ਧਰਤੀ 'ਤੇ ਲੰਮਾ ਪੈ ਗਿਆ। ਜਿਵੇਂ ਕੁੱਤੇ ਨੂੰ ਘੜੀਸ ਕੇ ਸੁੱਟ ਆਈਦੈ, ਇਸ ਤਰ੍ਹਾਂ ਘੜੀਸਦੇ ਨੇ, ਬਾਹਰ ਸੁੱਟ ਆਏ ਦੂਰ। ਕੱਪੜੇ ਫਟ ਗਏ ਵਿਚਾਰੇ ਦੇ, ਜ਼ਖਮ ਹੋ ਗਏ। ਜਦੋਂ ਇਹ ਅੰਦਰ ਆਏ, ਉਹ ਫੇਰ ਆ ਗਿਆ।

ਔਲੀਆ ਕਹਿਣ ਲੱਗਿਆ ਕਿ ਦੇਖੋ, ਹੁਣ ਕੋਈ ਆਇਆ ਹੈ ਕਿ ਚਲਿਆ ਗਿਆ?

ਕਹਿੰਦੇ, ਉਹ ਤਾਂ ਫੇਰ ਆ ਗਿਆ ਮਹਾਰਾਜ?

ਕਹਿੰਦੇ, ਫੇਰ ਉਸੇ ਤਰ੍ਹਾਂ ਕਰੋ, ਉਹਦੇ ਨਾਲ। ਤਿੰਨ ਵਾਰੀ ਇਸੇ ਤਰ੍ਹਾਂ ਕਰਾਇਆ। ਧੂਹ ਕੇ ਸੁੱਟ ਆਉਣ, ਜਦੋਂ ਇਹ ਆ ਜਾਣ, ਉਹ ਫੇਰ ਆ ਜਾਏ। ਉਸ ਵੇਲੇ ਔਲੀਆ ਬਾਹਰ ਆਇਆ। ਕਹਿਣ ਲੱਗਿਆ, ਓ ਖੁਸਰੋ! ਤੂੰ ਨਹੀਂ ਗਿਆ? ਜਿਥੇ 31 ਚਲੇ ਗਏ ਤੂੰ ਕਿਉਂ ਨਹੀਂ ਗਿਆ? ਉਹ ਕਹਿਣ ਲੱਗਿਆ, ਔਲੀਆ! ਜਿਨ੍ਹਾਂ ਦਾ ਕੋਈ ਥਾਂ ਸੀ ਉਹ ਚਲੇ ਗਏ। ਮੇਰਾ ਤਾਂ ਕੋਈ ਤੁਹਾਡੇ ਬਗੈਰ ਥਾਂ ਹੀ ਨਹੀਂ ਹੈ। ਮੈਂ ਕਿੱਥੇ ਜਾਵਾਂ? -

*ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥*
*ਬਾਂਹਿ ਗਹੇ ਕੀ ਲਾਜ ਅਸ ਗੋਬਿੰਦ ਦਾਸ ਤੁਹਾਰ॥ ਦੋਹਰਾ*

ਮੈਂ ਤਾਂ ਥਾਂ ਕੋਈ ਬਣਾਇਆ ਹੀ ਨਹੀਂ ਦੁਨੀਆਂ ਦੇ ਅੰਦਰ, ਤੂੰ ਇਥੇ ਰਹਿ, ਤੇਰੀ ਮੌਜ ਹੈ। ਇਸ ਤੋਂ ਵੀ ਹੋਰ ਥਾਂ ਰਹਿਣੈ ਉਹ ਵੀ ਤੇਰੀ ਮੌਜ ਹੈ, ਮੇਰਾ ਤਾਂ ਤੂੰ ਮੁਰਸ਼ਦ ਹੈਂ।

ਉਸ ਵੇਲੇ ਔਲੀਆ ਨੇ ਖੁਸਰੋ ਨੂੰ ਬੁੱਕਲ 'ਚ ਲੈ ਲਿਆ। ਸਾਰੀਆਂ ਸ਼ਕਤੀਆਂ ਬ੍ਰਹਮ ਗਿਆਨ ਸਮੇਤ

ਉਸ ਨੂੰ ਦੇ ਦਿਤੀਆਂ। ਸੋ ਇਸ ਤਰ੍ਹਾਂ ਦੇ ਨਾਲ ਦੂਸਰੀ ਵਾਰੀ ਜਦੋਂ ਇਹ ਰਿਟਾਇਰ ਹੋ ਕੇ ਗਿਆ। ਉਸ ਵੇਲੇ ਇਨ੍ਹਾਂ ਦੇ ਕੋਲ ਇਕ ਪ੍ਰੇਮੀ ਆਇਆ। ਕਹਿਣ ਲੱਗਿਆ, ਮੇਰੀ ਲੜਕੀ ਦੀ ਸ਼ਾਦੀ ਹੈ ਤੇ ਮੈਨੂੰ ਕੁਛ ਦਿਓ। ਉਹ ਕਹਿੰਦੇ, ਚੜ੍ਹਾਵਾ ਲੈ ਜਾਈਂ ਤਿੰਨ ਦਿਨ ਦਾ। ਤਿੰਨ ਦਿਨ ਬੈਠਾ ਰਿਹਾ ਕੋਈ ਪੈਸਾ ਨਾ ਕਿਸੇ ਨੇ ਚਾੜ੍ਹਿਆ। ਐਸੀ ਕਲਾ ਵਰਤੀ। ਉਹ ਨਰਾਜ਼ ਹੋ ਗਿਆ, ਕਹਿੰਦਾ, ਔਲੀਆ! ਤੂੰ ਆਪਣੀ ਸ਼ਕਤੀ ਦੇ ਨਾਲ ਸਭ ਕੁਝ ਕਰ ਦਿਤਾ। ਉਹ ਕਹਿੰਦੇ, ਫੇਰ ਮੈਂ ਕੀ ਕਰਾਂ, ਮੈਂ ਕੁਛ ਜਮ੍ਹਾਂ ਨਹੀਂ ਰੱਖਦਾ। ਜੋ ਆਉਂਦੈ ਖਰਚਿਆ ਜਾਂਦੈ ਰੋਜ਼ ਦੀ ਰੋਜ਼ ਤੇ ਮੇਰੇ ਕੋਲ ਆਹ ਜੋੜਾ ਹੈ, ਇਹ ਲੈ ਜਾ। ਜੋੜਾ ਲੈ ਲਿਆ ਕਹਿੰਦਾ, ਚਲੋ ਚੰਗਾ, ਕੁਛ ਤਾਂ ਮਿਲੇਗਾ ਹੀ ਇਹਦਾ। ਨਰਾਜ਼ ਹੁੰਦਾ ਜਾਂਦਾ ਹੈ। ਅੱਗੇ ਅਮੀਰ ਖੁਸਰੋ 200 ਉੱਠ ਲਈ ਜਾ ਰਿਹੈ, ਸਾਰੀ ਜ਼ਿੰਦਗੀ ਦੀ ਕਮਾਈ, ਸੱਤ ਬਾਦਸ਼ਾਹਾਂ ਦਾ ਉਹ ਰਾਜ ਕਵੀ ਰਿਹਾ ਸੀ। ਕਾਫੀ ਮੰਜ਼ਲਾਂ ਤਹਿ ਕਰਕੇ ਅੱਧ 'ਚ ਜਾਹ ਪਹੁੰਚਿਆ ਸੀ ਰਾਮਪੁਰ ਦੇ ਨੇੜੇ-ਤੇੜੇ, ਬਦਾਇਓਂ ਦਾ ਰਹਿਣ ਵਾਲਾ ਸੀ ਉਹ। ਜਦੋਂ ਇਹਨੂੰ ਮਿਲਿਆ, ਉਥੇ ਇਹਦੇ ਨਾਲ ਗੱਲ ਹੋ ਗਈ ਕਹਿਣ ਲੱਗਿਆ, ਔਲੀਆ ਬੜਾ ਸ਼ੈਤਾਨ ਹੈ। ਖੁਸਰੋ ਕਹਿੰਦਾ, ਖਬਰਦਾਰ! ਜੇ ਇਹੋ ਜਿਹੀ ਗੱਲ ਕਰੀ ਹੈ। ਗੱਲ ਦੱਸ ਕੀ ਹੈ? ਕਹਿੰਦਾ, ਗੱਲ ਕੀ ਮੈਂ ਆਪਣੀ ਕੁੜੀ ਦੇ ਵਿਆਹ ਵਾਸਤੇ ਮਦਦ ਲੈਣ ਗਿਆ ਸੀ, ਕਹਿੰਦਾ, ਜੁੱਤੀ ਦੇ ਕੇ ਮੈਨੂੰ ਸਾਰ ਦਿਤਾ। ਕਹਿੰਦਾ ਦਿਖਾ ਤਾਂ। ਜਦੋਂ ਜੁੱਤੀ ਲਈ ਤਾਂ ਅਮੀਰ ਖੁਸਰੋ ਨੇ ਸਿਰ 'ਤੇ ਰੱਖ ਲਈ, ਅੱਖਾਂ ਨਾਲ ਲਾਈ, ਕਹਿੰਦਾ, ਮੇਰੇ ਮੁਰਸ਼ਦ ਦਾ ਜੋੜਾ ਹੈ? ਧੰਨ ਹੈ, ਮੁਰਸ਼ਦ ਤੂੰ, ਤੂੰ ਮੈਨੂੰ ਦਰਸ਼ਨ ਦੇਣ ਆ ਗਿਆ ਫੇਰ। ਕਹਿਣ ਲੱਗਿਆ, ਇਹਦਾ ਮੁੱਲ ਲੈਣੈ। ਉਹ ਕਹਿੰਦਾ, ਮੁੱਲ ਕੀ ਹੈ ਇਹਦਾ। ਰੁਪਈਆ-ਦੋ ਰੁਪਈਆ ਦੇ ਦੇਵੇਂਗਾ। ਇਸ ਤੋਂ ਵੱਧ ਕੀ ਦੇਵੇਂਗਾ। ਉਹ ਕਹਿੰਦਾ, ਜਾਂ ਤੂੰ ਮੁੱਲ ਪਾ ਲੈ, ਜਾਂ ਮੈਂ ਪਾ ਲੈਂਦਾ ਹਾਂ। ਅਮੀਰ ਖੁਸਰੋ ਨੂੰ ਕਹਿੰਦਾ, ਤੂੰਹੀ ਪਾ ਲੈ। ਉਹ ਕਹਿੰਦਾ, ਇਹਦਾ ਮੁੱਲ ਮੈਂ ਪਾਉਂਦਾ ਹਾਂ, ਸਾਰੀ ਜ਼ਿੰਦਗੀ ਦੀ ਕਮਾਈ, 200 ਉੱਠ ਭਰਿਆ ਹੋਇਆ ਦੌਲਤ ਦਾ, ਸੋਨੇ ਚਾਂਦੀ ਦੇ ਬਰਤਨਾਂ ਦਾ, ਕੱਪੜਿਆਂ ਲੀੜਿਆਂ ਦਾ, ਇਹ ਸਾਰਾ ਸਾਂਭ ਲੈ। ਮੈਨੂੰ ਖੁਸ਼ ਹੋ ਕੇ ਜੋੜਾ ਦੇ-ਦੇ।

ਜੋੜਾ ਲੈ ਲਿਆ, ਸਾਧਸੰਗਤ ਜੀ। ਸਾਰੀ ਜ਼ਿੰਦਗੀ ਦੀ ਕਮਾਈ ਛੱਡ ਦਿਤੀ। ਵਾਪਸ ਆ ਗਿਆ ਮੁਰਸ਼ਦ ਕੋਲ। ਆ ਕੇ ਚਰਨਾਂ 'ਤੇ ਪੈ ਗਿਆ। ਬਹੁਤ ਰੋਇਆ ਕਹਿੰਦਾ, ਔਲੀਆ! ਵਿਛੜੇ ਜਾਂਦੇ ਨੂੰ ਤੂੰ ਜੋੜਾ ਭੇਜ ਕੇ ਮੰਗਾ ਲਿਆ।

ਸੋ ਇਹ ਗੱਲਾਂ ਕਹਾਣੀਆਂ ਕਰਨ ਵਾਸਤੇ ਬਹੁਤ ਸੌਖੀਆਂ ਨੇ ਲੇਕਿਨ ਜਦੋਂ ਵਰਤਦੀ ਹੈ ਫੇਰ ਪਤਾ ਲਗਦੈ।

ਬਾਬਾ ਫਰੀਦ ਬਾਰੇ ਪਿਛਲੇ ਦੀਵਾਨ 'ਚ ਬੇਨਤੀ ਕਰੀ ਸੀ ਕਿ ਕਿੰਨਾਂ ਤਪ ਕਰਿਆ, ਉਹਨਾਂ ਨੇ। ਸਰੀਰ ਸੁੱਕ ਗਿਆ। ਕਾਂ ਠੂੰਗਾਂ ਮਾਰਨ ਲਗ ਗਏ। ਬੇਨਤੀਆਂ ਕਰਦੇ ਨੇ -

*ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ ॥*
*ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ ॥*

*ਅੰਗ - ੧੩੮੨*

ਅਵਾਜ਼ ਆਈ ਫਰੀਦਾ! ਜਿਹਨੂੰ ਤੂੰ ਟੋਲ੍ਹਦਾ ਫਿਰਦਾ ਹੈਂ ਉਹ ਤਾਂ ਤੇਰੇ ਅੰਦਰ ਹੈ -

*ਫਰੀਦਾ ਜੰਗਲੁ ਜੰਗਲੁ ਕਿਆ ਭਵਹਿ ਵਣਿ ਕੰਡਾ ਮੋੜੇਹਿ ॥*
*ਵਸੀ ਰਬੁ ਹਿਆਲੀਐ ਜੰਗਲੁ ਕਿਆ ਢੂਢੇਹਿ ॥*

*ਅੰਗ - ੧੩੭੮*

ਤਾਲਾ ਬੰਦ ਹੈ ਉਥੇ ਕਿਸੇ ਮੁਰਸ਼ਦ-ਏ-ਕਾਮਲ ਕੋਲ ਜਾਹ, ਚਾਬੀ ਲੈ ਕੇ ਤਾਲਾ ਖੋਲ੍ਹ। ਦੱਸ ਪਈ ਕਹਿਣ ਲੱਗੇ, ਬੁਖਤਿਆਰ ਕਾਕੀ ਅਜਮੇਰ ਸ਼ਰੀਫ 'ਚ ਹੈ, ਉਥੇ ਚਲਿਆ ਜਾਹ। ਉਥੇ ਚਲਿਆ ਜਾਂਦਾ ਹੈ, ਉਥੇ ਜਾ ਕੇ 14 ਸਾਲ ਸੇਵਾ ਕਰੀ। ਬਹੁਤ ਸੇਵਾ ਕਰੀ ਸੇਵਾ ਦਾ ਰੂਪ ਹੀ ਬਣਿਆ ਹੋਇਐ ਤੇ ਅੰਮ੍ਰਿਤ ਵੇਲੇ ਉਠ ਕੇ ਗਰਮ ਪਾਣੀ ਕਰਕੇ ਮੁਰਸ਼ਦ ਦਾ ਇਸ਼ਨਾਨ ਕਰਾਉਂਦੈ ਤੇ ਅੱਜ ਉਹਨਾਂ ਦੇ ਸੋਚਿਆ ਕਿ ਦੇਖੀਏ ਕਿ ਇਹ ਕੱਚਾ ਹੈ ਜਾਂ ਪੱਕਾ, ਇਮਤਿਹਾਨ ਲੈਣਾ ਸ਼ੁਰੂ ਕਰ ਦਿਤਾ। ਆਪਣੀ ਤਾਕਤ ਦੇ ਨਾਲ ਐਨਾ ਛਾਛੜੇ ਦਾ ਮੀਂਹ ਵਰ੍ਹਾਇਆ ਕਿ ਜਿਥੇ ਅੱਗ ਰੱਖਦੇ ਸੀ, ਉਹ ਟੋਆ ਭਰ ਗਿਆ। ਇਹ ਜਦੋਂ ਸਮੇਂ ਨਾਲ ਉਠਿਆ। ਜਾ ਕੇ ਅੱਗ ਵਿਚ ਹੱਥ ਪਾਇਆ, ਪਾਣੀ ਹੀ ਪਾਣੀ। ਧਰਤੀ ਨਿਕਲ ਗਈ ਪੈਰਾਂ ਦੇ ਥੱਲਿਓਂ। ਕੁਛ ਨਾ ਪਤਾ ਲੱਗੇ, ਦਿਮਾਗ ਚਕਰਾ ਗਿਆ ਕਿ ਹੁਣ ਕੀ ਹੋਏਗਾ, ਸਮਾਂ ਲੰਘਦਾ ਜਾਂਦੈ ਕਿ ਜੇ ਅੱਜ ਇਸ਼ਨਾਨ ਨਾ ਕਰਾਇਆ, ਚੌਦਾਂ ਸਾਲ ਦੀ ਕੀਤੀ ਹੋਈ ਮਿਹਨਤ ਜਿਵੇਂ ਪਹਾੜ ਦੇ ਉਤੇ ਗੱਡੀ ਚੜ੍ਹਾ ਕੇ ਨਿਊਟ੍ਰਲ ਗੇਅਰ ਲਗਾ ਦਿਓ,

ਮੁੜ ਕੇ ਖੱਡਾਂ 'ਚ ਹੋ ਕੇ ਥੱਲੇ ਆਉਂਦੀ ਹੈ, ਕੱਖ ਨਹੀਂ ਬਚਦਾ ਗੱਡੀ ਦਾ, ਜੇ ਮੁਰਸ਼ਦ ਅੱਜ ਮੇਰੇ 'ਤੇ ਨਰਾਜ਼ ਹੋ ਗਿਆ। ਮੇਰੀ ਘਾਲ ਸਾਰੀ ਅਜਾਈਂ ਚਲੇ ਜਾਏਗੀ। ਬਾਹਰ ਨਿਕਲ ਨਹੀਂ ਸਕਦਾ, ਐਨਾ ਮੀਂਹ ਪੈ ਰਿਹੈ। ਠੰਢ ਪੈ ਰਹੀ ਹੈ ਬਹੁਤ, ਪੋਹ ਮਾਘ ਦਾ ਮਹੀਨਾ ਹੈ। ਸੋ ਉਸ ਵੇਲੇ ਕੁਝ ਵਿਚਾਰ ਉਨ੍ਹਾਂ ਦੇ ਇਸ ਸਬੰਧ ਦੇ ਅੰਦਰ ਜੋ ਗੁਰਬਾਣੀ 'ਚ ਮਿਲਦੇ ਨੇ, ਇਸ ਤਰ੍ਹਾਂ ਦੇ ਨਾਲ ਪੜ੍ਹ ਲਓ ਸਾਰੇ –

*ਧਾਰਨਾ – ਜੇ ਚਲਦਾ ਤਾਂ ਭਿੱਜਦੀ ਕੰਬਲੀ,*
*ਰਹਿੰਦਾ ਨੇਹੁੰ ਟੁਟਦਾ ਮੇਰਾ।*

*ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ ॥*
*ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ ॥*

*ਅੰਗ – ੧੩੭੯*

ਅੱਜ ਤਾਂ ਮੇਰਾ ਨੇਮ ਟੁੱਟ ਜਾਣੈ। ਉਸ ਵੇਲੇ ਖਿਆਲ ਆਇਆ –

*ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ ॥*
*ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ ॥*

*ਅੰਗ – ੧੩੭੯*

*ਧਾਰਨਾ – ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,*
*ਭਿੱਜ ਭਾਵੇਂ ਜਾਵੇ ਕੰਬਲੀ।*

ਸ਼ਹਿਰ ਵੱਲ ਨੂੰ ਚੱਲ ਪਿਆ। ਅਜਮੇਰ ਸ਼ਰੀਫ ਦੇ ਅੰਦਰ ਜਾ ਕੇ ਦੇਖਦੈ ਕਿ ਕਿਸੇ ਦਾ ਦੀਵਾ ਜਲਦਾ ਹੋਵੇ। ਇਕ ਮਕਾਨ ਦੇ ਅੰਦਰ ਖਿੜਕੀ ਖੁੱਲ੍ਹੀ ਹੈ, ਉਹਦੇ ਵਿਚੋਂ ਲੋਅ ਨਜ਼ਰ ਆਈ, ਉਥੇ ਜਾ ਕੇ ਦਸਤਕ ਦਿਤੀ, ਅਵਾਜ਼ ਦਿਤੀ, ਅੰਦਰੋਂ ਅਵਾਜ਼ ਆਈ ਕਿ ਕੌਣ? ਕਹਿਣ ਲੱਗਿਆ, ਮੈਂ ਫਰੀਦ।

ਕੌਣ ਫਰੀਦਾ?

ਕਹਿਣ ਲੱਗੇ, ਮੈਂ ਮੁਰਸ਼ਦ ਦਾ ਮੁਰੀਦ ਹਾਂ ਇਥੇ।

ਕਹਿੰਦੀ, ਫਰੀਦਾ! ਇਹ ਪੀਰਾਂ ਤੇ ਮੁਰੀਦਾਂ ਦਾ ਥਾਂ ਨਹੀਂ ਹੈ, ਇਹ ਤਾਂ ਨਰਕ ਘੋਰ ਦਾ ਦਰਵਾਜ਼ਾ ਹੈ।

*ਸੇਜ ਸੋਹਨੀ ਚੰਦਨੁ ਚੋਆ ਨਰਕ ਘੋਰ ਕਾ ਦੁਆਰਾ ॥*

*ਅੰਗ – ੬੪੨*

ਕਿੱਥੇ ਆ ਗਿਆ ਤੂੰ ਗਲਤੀ ਦੇ ਨਾਲ? ਬੀਬਾ! ਮੈਨੂੰ ਤੇਰੇ ਤਕ ਕੰਮ ਹੈ। ਕਿਵਾੜ ਖੋਲ੍ਹ। ਬੜੀ ਸਖਤ ਬੋਲਦੀ ਹੈ। ਐਸਾ ਕਰੂਰ ਸੁਭਾਅ ਬਣਾ ਦਿਤਾ ਮਹਾਂਪੁਰਸ਼ਾ ਨੇ ਕਿਉਂਕਿ ਇਮਤਿਹਾਨ ਤਾਂ ਪੂਰਾ ਹੀ ਲੈਣਾ ਸੀ। ਕਿਉਂਕਿ ਇਮਤਿਹਾਨ ਜਦੋਂ ਆਉਂਦੇ ਨੇ ਤਾਂ ਪੇਪਰ ਪੂਰੇ ਦੇਣੇ ਪੈਂਦੇ ਨੇ। ਰਿਆਇਤ ਨਹੀਂ ਹੋਇਆ ਕਰਦੀ ਜਦੋਂ ਪਹਿਲੇ ਦਰਜੇ 'ਤੇ ਪਾਸ ਕਰਨਾ ਹੋਵੇ। ਫੇਰ ਦੂਜਾ 100% ਨੰਬਰ ਲੈਣੇ ਪੈਂਦੇ ਨੇ। ਰਿਆਇਤੀ ਨਹੀਂ ਕੋਈ ਪਾਸ ਹੋ ਸਕਦਾ ਰੂਹਾਨੀਅਤ ਦੇ ਅੰਦਰ। ਪੂਰਾ ਹੋਏਗਾ ਤਾਂ ਨਿਕਲਦਾ ਹੈ, ਨਹੀਂ ਤਾਂ ਅਧੂਰਾ ਨਹੀਂ ਨਿਕਲਦਾ।

ਸੋ ਦਰਵਾਜ਼ਾ ਖੋਲ੍ਹਿਆ, ਕਹਿਣ ਲੱਗੀ, ਕੀ ਗੱਲ ਹੈ?

ਕਹਿਣ ਲੱਗੇ, ਬੀਬਾ! ਮੈਨੂੰ ਅੱਗ ਚਾਹੀਦੀ ਹੈ। ਅੱਗ ਬੁਝ ਗਈ ਸਾਡੇ ਤਕੀਏ ਨੇ। ਮੁਰਸ਼ਦ ਦੇ ਇਸ਼ਨਾਨ ਦਾ ਵੇਲਾ ਹੋਣ ਵਾਲਾ ਹੈ। ਕ੍ਰਿਪਾ ਕਰ ਮੈਨੂੰ ਅੱਗ ਦੇ-ਦੇ। ਕਹਿਣ ਲੱਗੀ, ਫਰੀਦਾ! ਅੱਗ ਮੁਫ਼ਤ ਨਹੀਂ ਮਿਲਦੀ। ਕੋਈ ਅੰਗ ਦੇਣਾ ਪੈਣਾ ਹੈ ਸਰੀਰ ਦਾ। ਅੰਗ ਦੇਣ ਵਾਸਤੇ ਤਿਆਰ ਹੋ ਜਾ। ਫੇਰ ਮੈਂ ਅੱਗ ਦੇ ਦੇਵਾਂਗੀ।

ਉਸ ਵੇਲੇ ਬੜੇ ਪ੍ਰਸੰਨ ਹੋ ਗਏ। ਕਹਿਣ ਲੱਗੇ, ਜੇ ਮੈਨੂੰ ਸਿਰ ਵੀ ਦੇਣਾ ਪੈ ਗਿਆ, ਇਹ ਵੀ ਬੜੀ ਸਸਤੀ ਚੀਜ਼ ਹੋਊ ਮੇਰੀ ਮੁਰਸ਼ਦ ਦੇ ਨਾਲ ਨਿਭ ਜਾਵੇ –

*ਧਾਰਨਾ – ਮੇਰੀ ਨਿਭ ਜਾਵੇ ਪ੍ਰੀਤ ਨਾਲ ਗੁਰਾਂ ਦੇ,*
*ਜੋਬਨ ਜਾਂਦੇ ਜਾਣ ਦਿਆਂ।*

*ਜੋਬਨ ਜਾਂਦੇ ਨਾ ਡਰਾਂ ਜੇ ਸਹ ਪ੍ਰੀਤਿ ਨ ਜਾਇ ॥*
*ਫਰੀਦਾ ਕਿਤੀਂ ਜੋਬਨ ਪ੍ਰੀਤਿ ਬਿਨੁ ਸੁਕਿ ਗਏ ਕੁਮਲਾਇ॥*

*ਅੰਗ – ੧੩੭੯*

ਫਰੀਦਾ! ਅੰਗ ਕੱਟ ਕੇ ਦੇਣਾ ਪੈਣੈ। ਜੋਬਨ ਜਾਂਦਾ ਚਲਿਆ ਜਾਵੇ, ਪਰ ਮੇਰਾ ਮੁਰਸ਼ਦ ਨਾਲ ਪਿਆਰ ਰਹਿ ਜਾਵੇ।

ਕਹਿਣ ਲੱਗੇ, ਬੀਬਾ! ਕੀ ਚਾਹੀਦੈ, ਕਿਹੜਾ ਅੰਗ ਚਾਹੀਦੈ। ਛੁਰੀ ਲਿਆ ਦੇ, ਹੁਣੇ ਕੱਟ ਕੇ ਦੇ ਦਿੰਦਾ ਹਾਂ। ਜੇ ਸਿਰ ਦੀ ਲੋੜ ਹੈ, ਸਿਰ ਵੀ ਮੈਂ ਦੇਣ ਨੂੰ ਤਿਆਰ ਹਾਂ। ਇਹ ਚਮੜਾ ਲੈ ਕੇ ਜੇ ਮੇਰੀ ਗੁਰੂ ਨਾਲ ਬਣ ਆਵੇ, ਇਸ ਤੋਂ ਵੱਡੀ ਖੁਸ਼ੀ ਦੀ ਕਿਹੜੀ ਗੱਲ ਹੈ।

ਕਹਿਣ ਲੱਗੀ, ਫਰੀਦਾ! ਇਕ ਅੱਖ ਦਾ ਡੇਲਾ ਕੱਢ ਕੇ ਦੇ-ਦੇ। ਅੱਖ ਅੱਗੇ ਕਰ ਦਿਤੀ ਕਹਿੰਦੀ, ਮੈਂ ਤਾਂ ਨਹੀਂ ਕੱਢਣਾ ਤੂੰ ਆਪੇ ਕੱਢ। ਉਸੇ ਵੇਲੇ ਫਰੀਦ ਨੇ ਕਸੀਸ ਵੱਟੀ ਉਂਗਲੀ ਪਾ ਕੇ, ਖਿੱਚ ਕੇ

ਡੇਲਾ ਪਲੇਟ 'ਚ ਅੱਗੇ ਰੱਖ ਦਿਤਾ। ਕਹਿੰਦੇ, ਲੈ ਬੀਬਾ। ਸਾਫਾ ਉਤਾਰਿਆ ਉਪਰ ਦੀ ਬੰਨ੍ਹ ਲਿਆ। ਉਹਨੇ ਵੀ ਇੱਕੋ ਹੀ ਕੋਲਾ ਲਿਆ ਕੇ ਦਿਤਾ। ਵਾਹਿਗੁਰੂ ਹੀ ਜਾਣਦਾ ਹੈ ਕਿ ਕਿਸ ਤਰ੍ਹਾਂ ਨਾਲ ਅੱਗ ਲਿਆਇਆ ਤੇ ਕਿਸ ਤਰ੍ਹਾਂ ਇਸ਼ਨਾਨ ਕਰਾਇਆ। ਇਸ਼ਨਾਨ ਕਰਾਉਂਦੈ ਮੁਰਸ਼ਦ ਨਾਲ ਕੋਈ ਗੱਲ ਨਹੀਂ ਕਰੀ। ਉਸ ਵੇਲੇ ਜਦੋਂ ਦਿਨ ਚੜ੍ਹ ਗਿਆ ਤਾ ਮੁਰਸ਼ਦ ਨੇ ਪੁੱਛਿਆ ਕਿ ਫਰੀਦ ਕੀ ਕਰਦੈ? ਕਹਿਣ ਲੱਗੇ, ਫਰੀਦ ਤਾਂ ਗੋਸ਼ੇ ਦੇ ਅੰਦਰ ਬੈਠੈ। ਕਹਿੰਦੇ, ਬੁਲਾਓ ਉਸ ਨੂੰ। ਜਦੋਂ ਬੁਲਾਇਆ, ਕਹਿੰਦੇ, ਫਰੀਦਾ! ਅੱਖ ਬੰਨ੍ਹੀਂ ਹੈ ਤੂੰ?

ਪੰਜਾਬੀ ਵਿਚ ਜੇ ਅੱਖ ਦੁਖਦੀ ਹੋਵੇ ਉਹਨੂੰ ਕਹਿੰਦੇ ਨੇ ਕਿ ਅੱਖ ਆਈ ਹੋਈ ਹੈ।

ਕਹਿੰਦੇ, ਮੁਰਸ਼ਦ! ਅੱਖ ਆਈ ਹੋਈ ਹੈ। ਕੋਈ ਗੱਲ ਨਹੀਂ ਕਰੀ ਕਿ ਮੈਂ ਕਿਸ ਤਰ੍ਹਾਂ ਦੇ ਨਾਲ ਜਾ ਕੇ ਰਾਤ ਅੱਗ ਲਿਆਇਆ ਹਾਂ। ਇਹ ਬਹੁਤ ਵੱਡਾ ਜੇਰਾ ਹੈ, ਸਾਧਸੰਗਤ ਜੀ। ਐਵੇਂ ਨਹੀਂ ਵੱਡੇ-ਵੱਡੇ ਮਰਤਬਿਆਂ 'ਤੇ ਪਹੁੰਚਦੇ। ਅਸੀਂ ਮਸਤਕ ਨਿਵਾ ਰਹੇ ਹਾਂ, ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬੈਠੇ ਨੇ। ਜੇ ਕੁਛ ਘਾਲਣਾ ਕਮਾਈ ਕਰੀ ਹੋਈ ਹੈ ਤਾਂ ਹੀ ਮਸਤਕ ਨਿਵਾ ਰਹੇ ਹਾਂ। ਸੋ ਕਹਿੰਦੇ, ਮੁਰਸ਼ਦ! ਅੱਖ ਆਈ ਹੋਈ ਹੈ।

ਮੁਰਸ਼ਦ ਕਹਿੰਦਾ, ਫਰੀਦਾ! ਅੱਖ ਗਈ ਹੋਈ ਬੰਨ੍ਹੀਦੀ ਹੈ, ਆਈਆਂ ਹੋਈਆਂ ਨਹੀਂ ਬੰਨ੍ਹੀਦੀਆਂ। ਖੋਲ੍ਹ ਦੇ ਪੱਟੀ। ਜਦੋਂ ਪੱਟੀ ਖੋਲ੍ਹੀ, ਸਵਾਈ ਅੱਖ, ਵੱਡੀ। ਸੋ ਇਸ ਤਰ੍ਹਾਂ ਕਸਵੱਟੀ ਲਗ ਗਈ, ਭਾਈ ਮੰਝ ਦੇ ਉਤੇ। ਘਰ ਵੀ ਖੋਹ ਲਿਆ, ਸਰਦਾਰੀ ਵੀ ਖੋਹ ਲਈ -

*ਛੀਨ ਲੀਨ ਗ੍ਰਿਹ ਧਨ ਸਰਦਾਰੀ,*
*ਸਰਬ ਸਰੀਕਨ ਦੀਨ ਨਿਕਾਰੀ।*

ਉਸ ਵੇਲੇ ਭਾਈ ਮੰਝ ਨੂੰ ਕੋਈ ਬੁਲਾਉਂਦਾ ਨਹੀਂ। ਕੋਈ ਚੀਜ਼ ਚੁੱਕਦੇ ਨੇ, ਕੋਈ ਚੀਜ਼ ਚੁੱਕਣ ਨਹੀਂ ਦਿਤੀ। ਕੱਪੜੇ ਲੀੜੇ ਨੂੰ ਹੱਥ ਪਾਉਂਦੇ ਨੇ, ਕਹਿੰਦੇ ਬਿਲਕੁਲ ਨਹੀਂ। ਐਵੇਂ ਜਿਵੇਂ ਜਿਹੜੇ ਕੱਪੜੇ ਪਹਿਨੇ ਹੋਏ ਨੇ, ਇਨ੍ਹਾਂ ਦੇ ਨਾਲ ਸਣੇ ਪਰਿਵਾਰ ਨਿਕਲ ਜਾਹ। ਅਸੀਂ ਦੇਖਾਂਗੇ ਤੇਰਾ ਗੁਰੂ ਕੀ ਕਰਦੈ? ਜਾਂ ਫੇਰ ਪਛਤਾ ਜਾਏਂਗਾ, ਆ ਜਾਈਂ ਮੁੜ ਕੇ ਸਾਰਾ ਕੁਛ ਤੈਨੂੰ ਦੇ ਦੇਵਾਂਗੇ। ਦੋਵੇਂ ਪਾਸੇ ਦੀ ਕਸਵੱਟੀ, ਫੈਸਲਾ ਕਰਨ ਦੀ ਘੜੀ ਆ ਗਈ। ਜਿਨ੍ਹਾਂ ਦੇ ਉਤੇ ਉਪਕਾਰ ਕਰੇ ਹੋਏ ਸੀ, ਉਹ ਸਾਰੇ ਅੱਖਾਂ ਫੇਰ ਗਏ। ਜਦੋਂ ਦੇਖਦੇ ਨੇ ਕਿ ਇਹਦੇ ਨਾਲ ਤਾਂ ਮੇਰਾ ਬਹੁਤ ਆਉਣ ਜਾਣ ਸੀ, ਇਹਦਾ ਤਾਂ ਮੈਂ ਬਹੁਤ ਭਲਾ ਕਰਿਐ। ਚੌਧਰੀ ਸੀ। ਸਰਕਾਰੀ ਮਾਮਲੇ ਵੀ ਆਪਣੀ ਜੇਬ 'ਚੋਂ ਦਿਤੇ ਨੇ। ਸਰਕਾਰ ਦੇ ਵਿਚ ਗਏ ਹੋਏ ਨੂੰ ਵੀ ਮੈਂ ਹੀ ਛੁਡਾ ਕੇ ਲਿਆਇਆ ਹਾਂ। ਜਦੋਂ ਨਿਗ੍ਹਾ ਨਾਲ ਨਿਗ੍ਹਾ ਮਿਲਾਉਂਦੇ ਨੇ, ਨੀਵੀਂ ਪਾ ਲੈਂਦੇ ਨੇ। ਜਿਵੇਂ ਪਾਂਡਵ ਬੈਠੇ ਸੀ ਦੁਰਯੋਧਨ ਦੇ ਦਰਬਾਰ ਦੇ ਅੰਦਰ -

*ਅੰਦਰਿ ਸਭਾ ਦੁਸਾਸਣੈ ਮਥੇ ਵਾਲਿ ਦ੍ਰੋਪਤੀ ਆਂਦੀ।*
*ਦੂਤਾ ਨੋ ਫੁਰਮਾਇਆ ਨੰਗੀ ਕਰਹੁ ਪੰਚਾਲੀ ਬਾਂਦੀ।*
*ਪੰਜੇ ਪਾਂਡੋ ਵੇਖਦੇ ਅਉਘਟਿ ਰੁਧੀ ਨਾਰਿ ਜਿਨ੍ਹਾਂ ਦੀ।*

*ਭਾਈ ਗੁਰਦਾਸ ਜੀ*

ਜਿਹਦੇ ਵਲ ਦੇਖਦੀ ਹੈ ਨੀਵੀਂ ਪਾ ਲੈਂਦੇ ਨੇ। ਭੀਸ਼ਮ ਪਿਤਾਮਾ, ਬਜ਼ੁਰਗ ਸੀ, ਉਹਦੇ ਵਲ ਦੇਖਿਆ, ਨੀਵੀਂ ਪਾ ਲਈ ਉਹਨੇ। ਦਰੋਣਾਚਾਰੀਆ ਵਲ ਦੇਖਿਆ, ਉਹਨੇ ਵੀ ਨੀਵੀਂ ਪਾ ਲਈ। ਆਪਣੇ ਗੁਰੂ ਵਲ ਦੇਖਿਆ ਉਹਨਾਂ ਨੇ ਵੀ ਨੀਵੀਂ ਪਾ ਲਈ। ਸੋ ਜਦੋਂ ਕਿਸੇ 'ਤੇ ਕੋਈ ਬਿੱਪਤਾ ਆ ਜਾਵੇ, ਕੋਈ ਕੰਮ ਨਹੀਂ ਆਉਂਦਾ। ਇਸ ਤਰ੍ਹਾਂ ਫੁਰਮਾਨ ਕਰਦੇ ਨੇ ਮਹਾਰਾਜ -

*ਧਾਰਨਾ - ਔਖੇ ਵੇਲੇ ਨਾ ਕੋਈ ਕੰਮ ਆਵੇ,*
*ਦੁਨੀਆਂ ਸਾਰੀ ਮਤਲਬ ਦੀ।*

ਓਹੀ ਬੰਦੇ ਜਿਨ੍ਹਾਂ ਦੇ ਉਤੇ ਉਪਕਾਰ ਕੀਤੇ ਸੀ, ਐਸ ਵੇਲੇ ਨੀਵੀਆਂ ਪਾਈਂ ਖੜ੍ਹ ਨੇ। ਕੋਈ ਦੇਖਦਾ ਨਹੀਂ ਸਗੋਂ ਵਿਰੋਧਤਾ ਕਰ ਰਹੇ ਨੇ। ਗੱਲਾਂ ਬਣਾ ਰਹੇ ਨੇ ਕਿ ਅਸੀਂ ਤਾਂ ਇਹਨੂੰ ਸਮਝਾਇਆ ਸੀ, ਇਹ ਸਮਝਿਆ ਹੀ ਨਹੀਂ। ਹੁਣ ਦੇਖ ਲਓ ਨਤੀਜਾ ਹੁਣ ਆਪੇ ਭੁਗਤੇ। ਮਹਾਰਾਜ ਕਹਿੰਦੇ -

*ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ*
*ਮਨ ਮੇਰੇ ਤੇ ਸਭਿ ਅਪਨੈ ਸੁਆਇ ਮਿਲਾਸਾ ॥*

*ਅੰਗ - ੯੮੦*

ਆਹ ਸੰਸਾਰ ਦੇ ਦਿਸਦੇ ਨੇ ਨਾ, ਮਿਤ੍ਰ, ਕੁਟੰਬ, ਭਾਈ ਦਿਸਦੇ ਨੇ, ਇਹ ਸਾਰੇ ਆਪਣੀ ਗਰਜ ਵਾਸਤੇ ਮਿਲੇ ਹੋਏ ਨੇ। ਗਰਜ ਪੂਰੀ ਨਾ ਹੋਵੇ ਕੋਈ ਨੇੜੇ ਨਹੀਂ ਲਗਦਾ।

ਸੋ ਭਾਈ ਮੰਝ ਨੇ ਗੁਰੂ ਦਾ ਆਸਰਾ ਲਿਆ -

*ਧਾਰਨਾ - ਹੋਰ ਸਾਰੀਆਂ ਢੇਰੀਆਂ ਢਾਹ ਕੇ,*
*ਤੇਰੀ ਢੇਰੀ ਰੱਖੀ ਮਾਲਕਾ।*

*ਵੈਦੋ ਨ ਵਾਈ ਭੈਣੋ ਨ ਭਾਈ ਏਕੋ ਸਹਾਈ ਰਾਮੁ ਹੇ ॥ ੧ ॥*
*ਕੀਤਾ ਜਿਸੋ ਹੋਵੈ ਪਾਪਾਂ ਮਲੋ ਧੋਵੈ*
*ਸੋ ਸਿਮਰਹੁ ਪਰਧਾਨੁ ਹੇ ॥ ੨ ॥*
*ਘਟਿ ਘਟੇ ਵਾਸੀ ਸਰਬ ਨਿਵਾਸੀ*
*ਅਸਥਿਰੁ ਜਾ ਕਾ ਥਾਨੁ ਹੇ ॥ ੩ ॥*
*ਆਵੈ ਨ ਜਾਵੈ ਸੰਗੇ ਸਮਾਵੈ ਪੂਰਨ ਜਾ ਕਾ ਕਾਮੁ ਹੇ ॥ ੪ ॥*
*ਭਗਤ ਜਨਾ ਕਾ ਰਾਖਣਹਾਰਾ ॥*
*ਸੰਤ ਜੀਵਹਿ ਜਪਿ ਪ੍ਰਾਨ ਅਧਾਰਾ ॥*
*ਕਰਨ ਕਾਰਨ ਸਮਰਥੁ ਸੁਆਮੀ*
*ਨਾਨਕੁ ਤਿਸੁ ਕੁਰਬਾਨੁ ਹੇ ॥* *ਅੰਗ - ੧੦੦੮*

ਵਾਹਿਗੁਰੂ ਦੇ ਉਤੇ ਭਰੋਸਾ ਰੱਖ ਲਿਆ। ਕਹਿੰਦਾ, ਕੋਈ ਗੱਲ ਨਹੀਂ। ਕੋਈ ਨਹੀਂ ਬੋਲਦਾ, ਨਾ ਭਰਾ ਬੋਲਦਾ ਹੈ, ਨਾ ਕੋਈ ਭਤੀਜਾ ਬੋਲਦੈ, ਨਾ ਕੋਈ ਤਾਇਆ ਨਾ ਚਾਚਾ ਬੋਲਦੈ। ਨਾ ਕੋਈ ਮਿਤ੍ਰ ਬੋਲਦੈ, ਨਾ ਕੋਈ ਮੰਗੀ ਹੋਈ ਚੀਜ਼ ਦਿੰਦੈ। ਬੁਲਾ-ਬੁਲਾ ਕੇ ਦੇਖੇ। ਕਹਿੰਦਾ, ਐਨਾ ਤੁਹਾਨੂੰ ਕੀ ਹੋ ਗਿਆ। ਅਜੇ ਆਇਆ ਹੀ ਹੈ, ਪਹਿਲੇ ਦਿਨ। ਦੋ ਚਾਰ ਦਿਨ ਅੰਦਰ ਰਿਹਾ ਤੇ ਐਨਾ ਵੈਰ ਵਧਾ ਲਿਆ ਉਹਦੇ ਨਾਲ ਕਿ ਕੋਈ ਮਾੜਾ ਮੋਟਾ ਤਾਂ ਬੁਲਾ ਲਵੇ। ਗੁਰੂ ਮਹਾਰਾਜ ਐਸੀ ਅਵਸਥਾ ਨੂੰ ਇਸ ਤਰ੍ਹਾਂ ਨਾਲ ਵਰਣਨ ਕਰਦੇ ਨੇ -

*ਧਾਰਨਾ - ਢੋਈ ਕੋਈ ਦੇਵੇ ਨਾ,*
*ਲਾਗੂ ਸਭ ਦੁਸ਼ਮਣ ਬਣ ਗਏ।*

*ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥*
*ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥*
*ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥*
*ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥*
*ਅੰਗ - ੭੦*

ਆਖਰੀ ਹੱਦ ਤਕ ਦੀ ਕਿਸੇ ਨੂੰ ਮੁਸ਼ਕਲ ਬਣ ਜਾਵੇ, ਇਕ ਵੀ ਬੰਦਾ ਹਾਅ ਦਾ ਨਾਅਰਾ ਨਾ ਮਾਰੇ। ਜਿਹੜੇ ਭੈਣ, ਭਰਾ, ਸਾਕ ਨੇ ਉਹ ਵੀ ਨੱਠ ਗਏ। ਦੁਸ਼ਮਣ ਬਣ ਗਏ ਸਾਰੇ ਲਾਗੂ। ਜਦੋਂ ਐਸੀ ਹਾਲਤ ਹੋ ਜਾਵੇ ਉਸ ਵੇਲੇ ਆਦਮੀ ਦਾ ਮਨ ਕਿਸੇ-ਕਿਸੇ ਦਾ ਖੜ੍ਹ ਸਕਦੈ, ਹਰ ਬੰਦੇ ਦਾ ਨਹੀਂ। ਉਸ ਵੇਲੇ ਮਨ ਦੇ ਅੰਦਰ ਆਉਂਦੈ ਕਿ ਹੇ ਪਾਤਸ਼ਾਹ! ਇਹ ਕੀ ਕਰਨ ਲਗ ਗਏ, ਮੇਰੇ ਨਾਲ। ਮੈਂ ਗਲਤ ਤਾਂ ਨਹੀਂ, ਮੈਂ ਤਾਂ ਇਹਨਾਂ ਦੇ ਵਿਚ ਵਾਹਿਗੁਰੂ ਦੇਖ ਰਿਹਾ ਹਾਂ ਤੇ ਇਹਨਾਂ ਦੀਆਂ ਅੱਖਾਂ ਬੰਦ ਨੇ ਤੇ ਪਾਤਸ਼ਾਹ! ਇਹਨਾਂ ਦੇ ਉਤੇ ਆਪਣੀ ਮਿਹਰ ਕਰ, ਇਹਨਾਂ ਨੂੰ ਵੀ ਆਪਣਾ ਰੂਪ ਦਿਖਾ ਦੇ। ਉਸ ਵੇਲੇ ਐਸੀ ਅਵਸਥਾ ਮਨ ਵਿਚ ਆਉਂਦੀ ਹੈ, ਪੜ੍ਹੋ ਪਿਆਰ ਨਾਲ -

*ਧਾਰਨਾ - ਝੱਟ ਕਿੱਥੇ ਲੰਘਾਵਾਂ ਓ*
*ਮਾਲਕਾ ਦੁਨੀਆਂ ਟਿਕਣ ਨਾ ਦੇਵੇ।*

ਕੋਈ ਨਹੀਂ ਟਿਕਣ ਦਿੰਦਾ, ਗਲਤੀਆਂ ਕੱਢ ਰਹੇ ਨੇ। ਕੋਈ ਕਹਿੰਦਾ, ਇਹ ਭਲਾ ਚੰਗਾ ਸੀ, ਚੌਧਰੀ ਸੀ, ਸਾਰੇ ਮਾਨਤਾ ਕਰਦੇ ਸੀ, ਕੀ ਪਤਾ ਸੀ ਕਿ ਐਹੋ ਜਿਹਾ ਨਿਕਲੇਗਾ। ਜਿਹੜੇ ਮੂਹਰੇ ਗੱਲ ਨਹੀਂ ਸੀ ਕਰਦੇ ਉਹ ਵੀ ਤਾਅਨੇ-ਮਿਹਣੇ ਦੇ ਰਹੇ ਨੇ -

***ਏਸ ਕਲੀਓ ਪੰਜ ਭੀਤਿਓ***
***ਕਿਉ ਕਰਿ ਰਖਾਂ ਪਤਿ॥***
***ਜੇ ਬੋਲਾਂ ਤਾਂ ਆਖੀਐ***
***ਬੜ ਬੜ ਕਰੈ ਬਹੁਤ॥***
***ਚੁਪ ਕਰਾਂ ਤਾਂ ਆਖੀਐ***
***ਇਤ ਘਟਿ ਨਾਹੀ ਮਤਿ॥***
***ਜੇ ਬਹਿ ਰਹਾਂ ਤਾਂ ਆਖੀਐ***
***ਬੈਠਾ ਸਥਰ ਘਤ॥***
***ਉਠ ਜਾਈ ਤਾਂ ਆਖੀਐ***
***ਛਾਰੁ ਗਇਆ ਸਿਰ ਘਤਿ॥***
***ਜੇ ਕਰਿ ਨਿਵਾਂ ਤਾਂ ਆਖੀਐ***
***ਡਰਦਾ ਕਰੇ ਭਗਤ॥***
***ਕਾਈ ਗਲੀ ਨ ਮੇਵਨੀ ਜਿਥੇ ਕਢਾਂ ਝੱਤਿ॥***
***ਏਥੈ ਓਥੈ ਨਾਨਕਾ ਕਰਤਾ ਰਖੈ ਪਤਿ॥***

ਜੇ ਜਵਾਬ ਦਿੰਦਾ ਹੈ ਕਿ ਭਾਈ ਮਾਨਸ ਜਨਮ ਤਾਂ ਪ੍ਰਮੇਸ਼ਰ ਦੀ ਪ੍ਰਾਪਤੀ ਵਾਸਤੇ ਮਿਲਿਆ ਹੈ। ਕਹਿੰਦੇ ਨੇ, ਇਹ ਬੜ-ਬੜ ਨਾ ਕਰ, ਆਪਣੇ ਕੋਲ ਹੀ ਰੱਖ। ਸਾਨੂੰ ਨਹੀਂ ਤੇਰੇ ਵਾਲੇ ਗਿਆਨ ਦੀ ਲੋੜ। ਨਹੀਂ ਬੋਲਦਾ ਤਾਂ ਕਹਿੰਦੇ ਨੇ ਕਮਲਾ ਹੈ। ਇਹਨੂੰ ਅਕਲ ਨਹੀਂ। ਸੋ ਦੁਨੀਆਂ ਦੇ ਸਾਰੇ ਸਾਕ-ਸਬੰਧੀ, ਕਬੀਲਾ, ਭਾਈਚਾਰਾ, ਮਿੱਤਰ, ਦੋਸਤ ਸਾਰਿਆਂ ਨਾਲੋਂ ਟੁੱਟ ਗਏ। ਜ਼ਮੀਨ-ਜਾਇਦਾਦ ਸਾਰੀ ਖੋਹ ਲਈ, ਪਸ਼ੂ ਕੋਈ ਨਹੀਂ ਨਾਲ ਜਾਣ ਦਿਤਾ। ਕੋਈ ਕੱਪੜਾ ਨਹੀਂ ਨਾਲ ਚੁੱਕਣ ਦਿਤਾ। ਚੌਧਰੀ ਇਲਾਕੇ ਦਾ, ਸਾਰਿਆਂ ਨਾਲੋਂ ਅਮੀਰ ਬੰਦਾ, ਉਸ ਪਿੰਡ ਦਾ। ਕਿੱਡੀ ਵੱਡੀ ਕਸਵੱਟੀ ਹੈ, ਸਾਧਸੰਗਤ ਜੀ।

ਸਾਡੇ ਤਾਂ ਓਵੇਂ ਮਾੜੀ ਜਿਹੀ ਗੱਲ ਹੋਵੇ ਚੰਗੇ ਭਲੇ ਸ਼ਰਾਬ ਪੀਣ ਲਗ ਜਾਂਦੇ ਨੇ। ਗੁਰੂ ਨੂੰ ਛੱਡ ਕੇ ਔਹ ਜਾਂਦੇ ਹਾਂ। ਐਨੀਆਂ ਕਸਵੱਟੀਆਂ ਤਾਂ ਕੀ ਸਹਿਣੀਆਂ ਨੇ, ਸ਼ਰਾਬ ਦੀ ਬੋਤਲ ਹੀ ਨਹੀਂ ਛੱਡ

ਹੁੰਦੀ। ਵੱਡੀਆਂ ਬਾਤਾਂ ਤਾਂ ਸੁਣਨੀਆਂ ਹੀ ਰਹਿ ਗਈਆਂ। ਵਿਚਾਰਨੀ ਤਾਂ ਹੈ ਹੀ ਨਹੀਂ ਨਾ। ਵਿਸ਼ੇ-ਵਿਕਾਰਾਂ 'ਚ ਗਿਰ ਜਾਂਦੇ ਹਾਂ। ਕਿਧਰੇ ਰਹਿ ਗਏ ਉੱਚੇ ਆਦਰਸ਼।

ਸੋ ਇਸ ਤਰ੍ਹਾਂ ਦੇ ਨਾਲ ਕਿੱਡਾ ਦਲੇਰ ਤੇ ਦ੍ਰਿੜ੍ਹ ਗੁਰਸਿੱਖ ਹੈ। ਸਾਰੀਆਂ ਤਕਲੀਫਾਂ ਝੱਲ ਲਈਆਂ। ਕੋਈ ਹਉਕਾ ਨਹੀਂ ਲੈਂਦਾ। ਕੋਈ ਸ਼ਿਕਵਾ ਨਹੀਂ ਕਰਦਾ, ਕਿਸੇ ਨੂੰ ਮਾੜਾ ਨਹੀਂ ਕਹਿੰਦਾ। ਕਿਸੇ ਨੂੰ ਸਰਾਪ ਨਹੀਂ ਦਿੰਦਾ। ਚਿਹਰੇ ਦੇ ਉਤੇ ਉਵੇਂ-ਜਿਵੇਂ ਖੇੜਾ ਹੈ। ਨੇਤਰਾਂ ਦੇ ਵਿਚ ਉਵੇਂ ਜਿਵੇਂ ਚਮਕ ਹੈ। ਸਰੀਰ ਉਵੇਂ ਕਾਇਮ ਹੈ, ਬੋਲ ਦੇ ਵਿਚ ਕੋਈ ਕੰਬਣੀ ਨਹੀਂ। ਬੋਲ ਉਸੇ ਤਰ੍ਹਾਂ ਦਾ ਦ੍ਰਿੜ੍ਹ ਹੈ ਤੇ ਮਿੱਠਾ ਬੋਲਦਾ ਹੈ। ਚੰਗਾ ਭਾਈ ਪ੍ਰੇਮੀਓ! ਤੁਹਾਡੀ ਮਰਜ਼ੀ। ਕੋਈ ਨਾ ਜੇ ਮੇਰੇ ਅਕਾਲ ਪੁਰਖ ਨੂੰ ਇਸ ਤਰ੍ਹਾਂ ਭਾਉਂਦੀ ਹੈ ਤਾਂ ਉਹਦੀ ਮੌਜ ਤੇ ਅੰਦਰੋਂ ਅਰਦਾਸ ਕਰਦੇ ਨੇ ਕਿ ਹੇ ਪ੍ਰਭੂ! ਹੁਣ ਤਾਂ ਕੋਈ ਨਹੀਂ ਰਿਹਾ। ਹੇ ਸਤਿਗੁਰੂ! ਹੁਣ ਤਾਂ ਤੇਰੀ ਹੀ ਓਟ ਰਹਿ ਗਈ ਮੈਨੂੰ, ਹੋਰ ਕਿਸੇ ਦੀ ਨਹੀਂ -

*ਧਾਰਨਾ - ਇਥੇ ਰਿਹਾ ਨਾ ਆਸਰਾ ਕੋਈ,*
*ਤੂੰ ਹੀ ਮੇਰੀ ਰੱਖ ਲੱਜਿਆ।*

*ਸੁਨਹੁ ਬਿਨੰਤੀ ਠਾਕੁਰ ਮੇਰੇ ਜੀਅ ਜੰਤ ਤੇਰੇ ਧਾਰੇ ॥*
*ਰਾਖੁ ਪੈਜ ਨਾਮ ਅਪੁਨੇ ਕੀ ਕਰਨ ਕਰਾਵਨਹਾਰੇ ॥ ੧ ॥*
*ਪ੍ਰਭ ਜੀਉ ਖਸਮਾਨਾ ਕਰਿ ਪਿਆਰੇ ॥*
*ਬੁਰੇ ਭਲੇ ਹਮ ਥਾਰੇ ॥* *ਅੰਗ - ੬੩੧*

ਇਸ ਤਰ੍ਹਾਂ ਬੇਨਤੀਆਂ ਕਰਦਾ, ਘਰਵਾਲੀ ਨਾਲ ਹੈ, ਲੜਕੀ ਨਾਲ ਹੈ। ਚੀਜ਼ ਕੋਈ ਨਹੀਂ ਕੋਲ। ਖਾਲੀ ਹੱਥ ਤਿੰਨੋ ਜਣੇ ਤੁਰੇ ਜਾ ਰਹੇ ਨੇ। ਪਿੰਡ ਦੇ ਵਿਚੋਂ ਨਿਕਲੇ, ਰੁਖ ਕੀਤਾ ਦੁਬਾਰਾ ਪਿੰਡ ਵਲ ਨੂੰ। ਨਮਸ਼ਕਾਰ ਕਰ ਦਿਤੀ। ਕਹਿੰਦੇ, ਚੰਗਾ ਭਾਈ ਹਸਦੇ ਵਸਦੇ ਰਹੋ ਤੁਸੀਂ। ਅਕਾਲ ਪੁਰਖ ਤੁਹਾਨੂੰ ਸੁਖੀ ਰੱਖੇ ਕਿਉਂਕਿ ਗੁਰਮੁਖ ਕਦੇ ਬਦ-ਦੁਆ ਨਹੀਂ ਕਿਸੇ ਨੂੰ ਦਿਆ ਕਰਦੇ। ਇਹੀ ਗੁਰਮੁਖ ਦੇ ਅੰਦਰ ਵਿਸ਼ੇਸ਼ਤਾ ਹੈ। ਆਪਣੇ ਆਪ 'ਚ ਹੀ ਦੋਸ਼ ਕੱਢਿਆ ਕਰਦਾ ਹੈ, ਦੂਸਰੇ 'ਚ ਦੋਸ਼ ਨਹੀਂ ਕੱਢਿਆ ਕਰਦਾ। ਸੋ ਉਸ ਵੇਲੇ ਬੱਚੀ ਵਲ ਦੇਖਿਆ ਹੰਝੂ ਨੇ ਅੱਖਾਂ ਦੇ ਅੰਦਰ, ਘਰਵਾਲੀ ਵਲ ਦੇਖਿਆ, ਹੰਝੂਆਂ ਦੀ ਝੜੀ ਲੱਗੀ ਪਈ ਹੈ ਕਿਉਂਕਿ ਦੁਨੀਆਂ ਐਨੀ ਬਦਲ ਜਾਊ ਕਦੇ ਸੋਚ ਨਹੀਂ ਸੀ ਸਕਦੇ ਕਿ ਉਹ ਬੰਦੇ ਜਿਹੜੇ ਦਿਨ ਰਾਤ ਖੁਸ਼ਾਮਦਾਂ ਕਰਦੇ ਸੀ, ਮੰਜੇ ਦੀ ਪੈਂਦ 'ਤੇ ਆ ਕੇ ਬਹਿੰਦੇ ਸੀ, ਜਿਨ੍ਹਾਂ ਨੇ ਘਰ ਦਾ ਰਸਤਾ ਵੀ ਨੀਵਾਂ ਕਰ ਦਿਤਾ ਸੀ, ਉਹ ਵੀ ਅੱਖਾਂ ਫੇਰ ਜਾਣਗੇ? ਕਿਹੜੀ ਗੱਲ ਹੋ ਗਈ? ਧਰਮ ਤਾਂ ਕੋਈ ਧਾਰਨ ਕਰ ਲਓ, ਹਰੇਕ ਨੂੰ ਆਪਣਾ ਹੱਕ ਹੈ। ਜੇ ਅਸੀਂ ਨਹੀਂ ਮੰਨਿਆ ਗੁਰੂ ਨੂੰ ਪਿਆਰ ਕਰਨ ਲਗ ਗਏ। ਗੁਰੂ ਦੀ ਸੋਝੀ ਹੋ ਗਈ ਤਾਂ ਇਹ ਥੋੜ੍ਹਾ ਕਿ ਸਾਨੂੰ ਜਮੀਨ-ਜਾਇਦਾਦ ਸਭ ਖੋਹ ਕੇ ਧੱਕੇ ਮਾਰ ਕੇ ਬਾਹਰ ਕੱਢ ਦਿਓ। ਉਸ ਵੇਲੇ ਆਪ ਨੇ ਦੋਹਾਂ ਦੀ ਮਾਨਸਿਕ ਅਵਸਥਾ ਅਨੁਭਵ ਕੀਤੀ ਤੇ ਆਪਣੇ ਅੰਦਰ ਝਾਤੀ ਮਾਰ ਕੇ ਇਸ ਤਰ੍ਹਾਂ ਦੇ ਨਾਲ ਆਪ ਦੇ ਵਿਚਾਰ ਪ੍ਰਗਟ ਹੁੰਦੇ ਨੇ -

*ਧਾਰਨਾ - ਕਿਤੇ ਡੋਲ ਨਾ ਜਾਈਂ ਮਨਾਂ ਮੇਰਿਆ।*
*ਦੁਖਾਂ ਦੇ ਪਹਾੜ ਦੇਖ ਕੇ।*

ਆਪਣੇ ਆਪ ਨੂੰ ਕਹਿੰਦੇ ਨੇ ਕਿ ਐਨੇ ਦੁਖ ਆ ਗਏ। ਕਿੱਥੇ ਜਾਵਾਂਗਾ, ਕਿੱਥੇ ਰਹਾਂਗਾ। ਲੜਕੀ ਨਾਲ ਹੈ, ਘਰਵਾਲੀ ਨਾਲ ਹੈ। ਕਿਵੇਂ ਕਮਾ ਕੇ ਖਲਾਵਾਂਗਾ। ਸਾਰੇ ਸਵਾਲ ਮੂਹਰੇ ਆ ਰਹੇ ਨੇ ਤੇ ਉਸ ਵੇਲੇ ਆਪ ਫੁਰਮਾਉਂਦੇ ਨੇ -

*ਤੂ ਕਾਹੇ ਡੋਲਹਿ ਪ੍ਰਾਣੀਆ ਤੁਧੁ ਰਾਖੈਗਾ ਸਿਰਜਣਹਾਰੁ ॥*
*ਜਿਨਿ ਪੈਦਾਇਸਿ ਤੂ ਕੀਆ ਸੋਈ ਦੇਇ ਆਧਾਰੁ ॥ ੧ ॥*
*ਜਿਨਿ ਉਪਾਈ ਮੇਦਨੀ ਸੋਈ ਕਰਦਾ ਸਾਰ ॥*
*ਘਟਿ ਘਟਿ ਮਾਲਕੁ ਦਿਲਾ ਕਾ ਸਚਾ ਪਰਵਦਗਾਰੁ ॥*
*ਅੰਗ - ੭੨੪*

ਸੋ ਤਿੰਨੇ ਜਣੇ ਤੁਰੇ ਜਾ ਰਹੇ ਨੇ, ਕਿੱਥੇ ਨੂੰ ਜਾ ਰਹੇ ਨੇ, ਇਹ, ਇਹਨਾਂ ਨੂੰ ਵੀ ਨਹੀਂ ਪਤਾ। ਕਿੱਥੇ ਜਾ ਰਹਿਣਾ ਹੈ, ਕਿੱਥੇ ਜਾ ਕੇ ਕੀ ਕਿਰਤ ਕਰਨੀ ਹੈ, ਹਾਲੇ ਤਕ ਨਹੀਂ ਪਤਾ। ਰਜਾ ਦੇ ਅੰਦਰ ਨੇ, ਅੱਛਾ ਮਾਲਕਾ! ਜਿੱਧਰ ਨੂੰ ਲਿਜਾਂਦੈ, ਭਲਾ ਹੀ ਭਲਾ ਹੈ। ਕਿਉਂਕਿ ਤੇਰੇ ਹੁਕਮ ਤੋਂ ਬਗੈਰ ਕੁਛ ਨਹੀਂ ਹੋ ਰਿਹਾ। ਤੂੰ ਜੋ ਕੁਛ ਕਰ ਰਿਹੈਂ ਸਭ ਠੀਕ ਹੀ ਕਰ ਰਿਹੈਂ। ਮੇਰੇ ਵਾਸਤੇ -

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥* *ਅੰਗ - ੩੯੪*

ਹੁਣ ਕਿਉਂਕਿ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤ ਕਰਦੇ ਹਾਂ। ਸਾਰੇ ਪ੍ਰੇਮੀ ਅਨੰਦ ਸਾਹਿਬ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।

***(ਵੀਡੀਓ ਫਿਲਮ ਦੀਵਾਨ ਨੰ: 121)***

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ

## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥

**(ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)**

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

ਗੁਰੂ ਮਹਾਰਾਜ ਜੀ ਦੀ ਕ੍ਰਿਪਾ ਹੈ ਕਿ ਇਸ ਕਲਜੁਗ ਦੇ ਵਿਚ ਜਦੋਂ ਆਦਮੀ ਦੇ ਮਨ ਵਿਚ ਸ਼ਾਂਤੀ ਨਾਮ ਦੀ ਕੋਈ ਚੀਜ਼ ਮਹਿਸੂਸ ਨਹੀਂ ਹੋ ਰਹੀ, ਐਸੇ ਜਲਦੇ-ਬਲਦੇ ਸਮੇਂ ਵਿਚ ਬ੍ਰਹਮ ਮਹੂਰਤ ਦੇ ਵਿਚ ਹਰੀ ਦਾ ਜਸ ਸਾਨੂੰ ਸੁਣਨ ਵਾਸਤੇ ਮਿਲਿਆ ਹੈ, ਜਿਸ ਦਾ ਫਲ -

*ਕਈ ਕੋਟਿਕ ਜਗ ਫਲਾ ਸੁਣਿ ਗਾਵਨਹਾਰੇ ਰਾਮ ॥*
*ਅੰਗ - ੫੪੬*

ਜੇ ਮਨ ਚਿਤ ਬਿਰਤੀਆਂ ਨੂੰ ਇਕਾਗਰ ਕਰਕੇ ਹਰੀ ਦਾ ਜਸ ਸੁਣਿਆ ਜਾਵੇ ਤੇ ਉਸ ਦੇ ਸਿਧਾਂਤ ਨੂੰ ਮੰਨ ਲਿਆ ਜਾਵੇ, ਕਮਾਇਆ ਜਾਵੇ ਤਾਂ ਮਹਾਰਾਜ ਕਹਿੰਦੇ ਕਰੋੜਾਂ ਜੱਗਾਂ ਦਾ ਫਲ ਉਸ ਨੂੰ ਪ੍ਰਾਪਤ ਹੋਇਆ ਕਰਦਾ ਹੈ। ਲੇਕਿਨ ਇਹ ਜੋ ਸਮਾਗਮ ਹੈ, ਮਹਾਰਾਜ ਜੀ ਨੇ ਇਸ ਹੁਕਮਨਾਮੇ ਦੇ ਅੰਦਰ ਫੁਰਮਾਨ ਕੀਤਾ ਹੈ ਕਿ ਜਿਸ ਦੇ ਭਾਗ ਪੂਰੇ ਨਾ ਬਣਨ ਉਸ ਨੂੰ ਇਹ ਪ੍ਰਾਪਤ ਨਹੀਂ ਹੋਇਆ ਕਰਦਾ।

ਵੱਡੇ ਭਾਗ, ਸਭ ਤੋਂ ਉੱਤਮ ਭਾਗ, ਜਿਸ ਨੂੰ ਕਿਸਮਤ ਕਹਿੰਦੇ ਨੇ, Luck ਕਹਿੰਦੇ ਨੇ, ਉਹ ਸਮਾਂ ਆ ਜਾਵੇ - ਪੁੰਨ ਕਰਮਾਂ ਦਾ ਫਲ ਦੇਣ ਵਾਲਾ, ਉਸ ਵੇਲੇ ਸਾਧੂ ਦੀ ਸੰਗਤ ਪ੍ਰਾਪਤ ਹੋਇਆ ਕਰਦੀ ਹੈ। ਉਥੇ ਆ ਕੇ ਹੁੰਦਾ ਕੀ ਹੈ - practically (ਅਮਲੀ ਤੌਰ 'ਤੇ) ਕਿ ਜੋ ਖੋਟੀ ਮਤਿ ਹੈ, ਜਿਸ ਨੂੰ ਦੁਰਮਤਿ ਕਹਿੰਦੇ ਨੇ ਉਸ ਦਾ ਵਿਨਾਸ਼ ਹੁੰਦਾ ਹੈ। ਦੋ ਮਤਾਂ ਨੇ -ਇਕ ਦੁਰਮਤਿ ਹੈ, ਦੁਰਮਤਿ ਦੇ ਨਾਲ ਮਨਮਤਿ ਹੈ।

ਦੂਸਰੇ ਪਾਸੇ ਗੁਰੂ ਤੋਂ ਪ੍ਰਾਪਤ ਹੋਈ-ਹੋਈ ਮਤਿ ਹੈ ਜਿਸ ਨੂੰ ਗੁਰਮਤਿ ਕਹਿੰਦੇ ਨੇ। ਸਾਧੂ ਦੀ ਸੰਗਤ ਵਿਚ ਆ ਕੇ ਖੋਟੀ ਮਤਿ ਦਾ ਨਾਸ਼ ਹੋ ਜਾਂਦਾ ਹੈ ਤੇ ਨਾਮ ਦੀ ਪ੍ਰਾਪਤੀ ਹੋ ਜਾਂਦੀ ਹੈ। ਜਦੋਂ ਨਾਮ ਹਿਰਦੇ ਵਿਚ ਵਸ ਜਾਵੇ, ਵਿਆਪਕ ਨਾਮ ਦੇ ਵਿਚ ਸੁਰਤ ਨਿਵਾਸ ਕਰ ਲਵੇ, ਉਸ ਵੇਲੇ ਮਹਾਰਾਜ ਕਹਿੰਦੇ ਉਹ ਪੂਜਣਯੋਗ ਹੋ ਜਾਂਦਾ ਹੈ। ਭਾਵੇਂ ਆਮ ਮਨੁੱਖ ਹੈ - ਪਾਪਾਂ ਨਾਲ ਭਰਿਆ ਹੋਇਆ, ਲੇਕਿਨ ਜਦੋਂ ਨਾਮ ਹਿਰਦੇ ਵਿਚ ਪ੍ਰਵੇਸ਼ ਕਰ ਗਿਆ, ਫੇਰ ਪਹਿਲਾ ਕੰਮ ਉਸ ਦਾ ਹੁੰਦਾ ਹੈ, ਸਾਰੇ ਪਾਪਾਂ ਦਾ ਨਾਸ਼ ਕਰਨਾ-

*ਗੁਰ ਕਾ ਸਬਦੁ ਕਾਟੈ ਕੋਟਿ ਕਰਮ ॥ ਅੰਗ - ੧੧੯੫*

ਸਾਰੀਆਂ ਮੈਲਾਂ ਦਾ ਨਾਸ਼ ਕਰਨਾ -

*ਭਰੀਐ ਹਥੁ ਪੈਰੁ ਤਨੁ ਦੇਹ ॥ ਪਾਣੀ ਧੋਤੈ ਉਤਰਸੁ ਖੇਹ ॥*
*ਮੂਤ ਪਲੀਤੀ ਕਪੜੁ ਹੋਇ ॥*
*ਦੇ ਸਾਬੂਣੁ ਲਈਐ ਓਹੁ ਧੋਇ ॥*
*ਭਰੀਐ ਮਤਿ ਪਾਪਾ ਕੈ ਸੰਗਿ ॥*
*ਓਹੁ ਧੋਪੈ ਨਾਵੈ ਕੈ ਰੰਗਿ ॥ ਅੰਗ - ੪*

ਜਦੋਂ ਨਾਮ ਦਾ ਨਿਵਾਸ ਹੋ ਗਿਆ ਉਸ ਦੀ ਪਦਵੀ ਕਿੱਡੀ ਹੋ ਜਾਂਦੀ ਹੈ? ਮਹਾਰਾਜ ਕਹਿੰਦੇ -

*ਜਿਨ੍ਾ ਨ ਵਿਸਰੈ ਨਾਮੁ ਸੇ ਕਿਨੇਹਿਆ ॥*
*ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ ॥ ਅੰਗ - ੩੯੭*

ਵਾਹਿਗੁਰੂ ਵਰਗੇ ਹੀ ਹੋਇਆ ਕਰਦੇ ਨੇ, ਕਿਉਂਕਿ ਉਹ ਨਾਮ ਦੇ ਵਿਚ ਨਿਵਾਸ ਕਰ ਗਏ। ਉਨ੍ਹਾਂ ਦਾ ਸਰੀਰ ਨਾਮ ਨਿਵਾਸ ਕਰਨ ਤੋਂ ਪਹਿਲਾਂ ਭਾਵੇਂ ਕਿੰਨਾਂ ਹੀ ਮੈਲ ਨਾਲ ਭਰਿਆ ਹੋਇਆ ਸੀ ਪਰ ਉਹ ਮੈਲ ਪਾਕ ਹੋ ਕੇ, ਸਾਫ ਹੋ ਕੇ, ਪਵਿੱਤਰ ਹੋ ਕੇ, ਜੋਤੀ ਸਰੂਪ ਧਾਰਨ ਕਰ ਲਿਆ ਤੇ ਪ੍ਰਮੇਸ਼ਰ ਦੇ ਵਿਚ ਪ੍ਰਮੇਸ਼ਰ ਵਰਗਾ ਹੀ ਹੋ ਗਿਆ, ਜਿਵੇਂ ਲਹਿਰ ਸਮੁੰਦਰ ਦੇ ਵਿਚ ਸਮਾ ਜਾਵੇ।

*ਆਤਮ ਰਸ ਜਿਹ ਜਾਨਹੀ ਸੋ ਹੈ ਖ਼ਾਲਸ ਦੇਵ॥*
*ਪ੍ਰਭ ਮਹਿ ਮੋ ਮਹਿ ਤਾਸ ਮਹਿ ਰੰਚਕ ਨਾਹਨ ਭੇਵ॥*
*(ਸਰਬ ਲੋਹ ਗ੍ਰੰਥ 'ਚੋਂ)*

ਫੁਰਮਾਉਂਦੇ ਹਨ ਕਿ ਮੇਰੇ ਵਿਚ, ਵਾਹਿਗੁਰੂ ਵਿਚ ਤੇ ਉਸ ਪੁਰਸ਼, ਵਿਚ ਜਿਸ ਨੂੰ ਆਤਮਾ ਦਾ ਰਸ ਆ ਗਿਆ, ਜਿਸ ਦੇ ਨਿਸਚੇ ਦੇ ਅੰਦਰ ਹਰ ਪਾਸੇ ਪ੍ਰਮੇਸ਼ਰ ਹੀ ਪ੍ਰਮੇਸ਼ਰ ਹੋ ਗਿਆ, ਬ੍ਰਹਮ ਦ੍ਰਿਸ਼ਟੀ ਹੋ ਗਈ ਜਿਸ ਦੇ ਅੰਦਰ, ਮਹਾਰਾਜ ਕਹਿੰਦੇ ਕੋਈ ਭੇਦ

ਬੁੱਧੀ ਨਹੀਂ ਰਹੀ, ਉਹ ਵਾਹਿਗੁਰੂ ਵਰਗੇ ਹੀ ਹੋ ਜਾਇਆ ਕਰਦੇ ਹਨ - ਇਹ ਬਚਨ ਸਤਿ ਬਚਨ ਹੈ। ਸਤਿ ਬਚਨ ਵਿਚ ਮਿਥਿਆ ਭਾਖਾ ਦੀ ਬਿਲਕੁਲ ਅੰਸ਼ ਨਹੀਂ ਹੋਇਆ ਕਰਦੀ ਅਤੇ ਨਾ ਹੀ ਇਹ ਕੋਈ ਅਲੰਕਾਰਕ ਬਚਨ ਹੈ।

*ਯਾ ਮੈ ਰੰਚ ਨ ਮਿਥਿਆ ਭਾਖੀ*
*ਪਾਰਬ੍ਰਹਮ ਗੁਰ ਨਾਨਕ ਸਾਖੀ॥* *(ਸਰਬ ਲੋਹ ਗ੍ਰੰਥ)*

ਗੁਰੂ ਮਹਾਰਾਜ ਫੁਰਮਾਉਂਦੇ ਹਨ, ਇਹ ਅਸੀਂ ਕੋਈ ਕਵਿਤਾ ਨਹੀਂ ਰਚੀ, ਮਿਥਿਆ ਬਾਤ ਨਹੀਂ ਕਹੀ। ਇਹ ਪ੍ਰਤੱਖ ਰੂਪ ਦੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਪਾਰਬ੍ਰਹਮ ਨੂੰ ਜਾਮਨ ਰੱਖ ਕੇ ਇਹ ਬਚਨ ਕਿਹਾ ਗਿਆ ਹੈ। ਸੋ ਮਹਾਰਾਜ ਕਹਿੰਦੇ ਜਿਸ ਦੇ ਅੰਦਰ ਵੀ ਨਾਮ ਪ੍ਰਵੇਸ਼ ਕਰ ਗਿਆ, ਨਾਮ ਸਾਖਸ਼ਤਕਾਰ ਹੋ ਗਿਆ, ਉਸ ਦੀ ਅਸੀਂ ਧੂੜ ਮੰਗਦੇ ਹਾਂ ਕਿਉਂਕਿ ਮੈਲ ਦੂਰ ਹੋ ਗਈ -

*ਅਬਿਨਾਸੀ ਜੀਅਨ ਕੋ ਦਾਤਾ ਸਿਮਰਤ ਸਭ ਮਲੁ ਖੋਈ ॥*
*ਗੁਣ ਨਿਧਾਨ ਭਗਤਨ ਕਉ ਬਰਤਨਿ*
*ਬਿਰਲਾ ਪਾਵੈ ਕੋਈ॥* *ਅੰਗ - ੬੧੭*

ਉਸ ਦਾ ਤਰੀਕਾ ਕੀ ਹੈ? ਕਹਿੰਦੇ ਜੋ ਵਾਹਿਗੁਰੂ ਹੈ ਉਹ ਜਦੋਂ ਸਾਡੀ ਯਾਦ ਵਿਚ ਵਸ ਜਾਵੇ ਤਾਂ ਸਾਡੇ ਅੰਦਰੋਂ ਮੈਲ ਦੂਰ ਹੋਣੀ ਸ਼ੁਰੂ ਹੋ ਜਾਂਦੀ ਹੈ। ਸਾਨੂੰ ਸਰੀਰ ਦੀ ਮੈਲ ਦਾ ਤਾਂ ਪਤਾ ਹੈ, ਕਪੜਿਆਂ ਦੀ ਮੈਲ ਦਾ ਪਤਾ ਹੈ, ਆਪਣੇ ਮਕਾਨ ਦੇ ਆਲੇ-ਦੁਆਲੇ ਮੈਲ ਹੋਵੇ, ਉਸ ਦਾ ਪਤਾ ਹੈ, ਕੋਈ ਸ਼ਹਿਰ ਮੈਲਾ ਹੋਵੇ, ਉਸ ਦਾ ਪਤਾ ਹੈ ਲੇਕਿਨ ਆਪਣੇ ਆਪ ਦੀ ਮੈਲ ਦਾ ਨਹੀਂ ਸਾਨੂੰ ਪਤਾ ਕਿ ਸਾਡੇ ਅੰਦਰ ਵੀ ਮੈਲ ਲੱਗੀ ਹੋਈ ਹੈ। ਮਹਾਰਾਜ ਕਹਿੰਦੇ, ਥੋੜ੍ਹੀ-ਥੋੜ੍ਹੀ ਨਹੀਂ ਲੱਗੀ ਹੋਈ, ਐਨੀ ਜ਼ਿਆਦਾ ਲੱਗੀ ਹੋਈ ਹੈ ਕਿ ਇਸ ਦਾ ਜੋ ਆਤਮਿਕ ਸ਼ੀਸ਼ਾ ਹੈ, ਅੰਤਸ਼ਕਰਣ ਦਾ, ਜਿਸ ਦੇ ਅੰਦਰ ਆਤਮਾ ਦਾ ਪ੍ਰਕਾਸ਼ ਪੈ ਕੇ ਇਸ ਨੂੰ ਗਿਆਨ ਹੋ ਜਾਣਾ ਸੀ ਤੇ ਜੰਮਣ-ਮਰਨ ਦੇ ਚੱਕਰ ਵਿਚੋਂ ਨਿਕਲ ਜਾਣਾ ਸੀ ਉਹ ਐਨਾ ਮੈਲਾ ਹੋ ਚੁੱਕਿਆ ਹੈ ਕਿ ਉਸ ਦੇ ਵਿਚ ਕੁਝ ਵੀ ਨਜ਼ਰ ਨਹੀਂ ਆਉਂਦਾ। ਆਪਣਾ ਸਰੂਪ ਅਦ੍ਰਿਸ਼ ਹੋ ਗਿਆ। ਐਨਾ ਅੰਧਕਾਰ ਛਾ ਗਿਆ ਕਿ ਅਸਲੀਅਤ ਗੁੰਮ ਹੋ ਗਈ। ਅਸੱਤਿ ਦਾ ਜਾਲ ਫੈਲ ਗਿਆ। ਪਹਿਲਾਂ ਆਪਣੇ ਆਪ ਨੂੰ ਵਖਰਾ ਅਨੰਦ, ਫਿਰ ਬੁੱਧੀ, ਫਿਰ ਮਨ, ਫਿਰ ਪ੍ਰਾਣ ਅਤੇ ਅੰਤ ਵਿਚ ਪੰਜਾਂ ਤੱਤਾਂ ਦੀ ਜੜ੍ਹ ਮਲੀਨ ਦੇਹੀ, ਜੋ ਨਾਸ਼ਵੰਤ ਹੈ, ਨੂੰ ਹੀ ਆਪਣਾ ਆਪ ਸਮਝ ਲਿਆ। ਕਾਰਨ ਇਹ ਹੈ ਕਿ ਐਨੀ ਮੈਲ ਲਗ ਗਈ ਜਿਸ ਕਰਕੇ ਕਾਲਖ, ਅੰਤਸ਼ਕਰਣ ਅਤੇ ਅਨੁਭਵ ਦੇ ਸ਼ੀਸ਼ੇ ਉਤੇ ਜਮ ਗਈ -

*ਜਨਮ ਜਨਮ ਕੀ ਇਸੁ ਮਨ ਕਉ ਮਲੁ ਲਾਗੀ*
*ਕਾਲਾ ਹੋਆ ਸਿਆਹੁ ॥* *ਅੰਗ - ੬੫੧*

ਬਿਲਕੁਲ ਕਾਲਾ ਹੋ ਗਿਆ, ਕਾਲਾ ਕਹਿ ਕੇ ਮਹਾਰਾਜ ਨੇ ਵਿਚ ਇਕ ਹੋਰ ਅੱਖਰ ਵਰਤਿਆ ਹੈ 'ਸਿਆਹੁ' ਕਿ ਕਾਲੇ ਵਿਚ ਵੀ ਡਿਗਰੀ ਹੁੰਦੀ ਹੈ - ਥੋੜ੍ਹਾ ਕਾਲਾ ਲੇਕਿਨ extreme (ਹਦ) ਤਕ ਕਾਲਾ ਹੋ ਗਿਆ -

*ਖੰਨਲੀ ਧੋਤੀ ਉਜਲੀ ਨ ਹੋਵਈ ਜੇ ਸਉ ਧੋਵਣਿ ਪਾਹੁ ॥*
*ਅੰਗ - ੬੫੧*

ਜਿਵੇਂ ਕੋਹਲੂ ਦੀ ਲੀਰ ਬਾਰ-ਬਾਰ ਤੇਲ ਸਾਫ ਕਰਨ ਨਾਲ ਐਨੀ ਮੈਲੀ ਹੋ ਜਾਂਦੀ ਹੈ ਕਿ ਉਸ ਦੀ ਅਸਲੀ ਹਾਲਤ ਮੁੜ ਕੇ ਨਹੀਂ ਆਉਂਦੀ -

*.............ਜੇ ਸਉ ਧੋਵਣਿ ਪਾਹੁ॥* *ਅੰਗ - ੬੫੧*

ਚਾਹੇ ਸੈਂਕੜੇ ਵਾਰੀ ਧੋ ਲਓ ਤਾਂ ਵੀ ਉਹ ਚਿੱਟੀ ਨਹੀਂ ਹੁੰਦੀ। ਸੋ problem (ਸਮੱਸਿਆ) ਇਹ ਹੈ ਕਿ ਹਰ ਰੋਜ਼, ਹਰ ਘੜੀ ਮੈਲ ਲਗਦੀ ਹੈ। ਅੱਖਾਂ ਨਾਲ ਮੈਲ ਲਗਦੀ ਹੈ, ਕੰਨਾਂ ਨਾਲ ਮੈਲ ਲਗਦੀ ਹੈ, ਖਾਣ ਨਾਲ ਮੈਲ ਲਗਦੀ ਹੈ, ਸੋਚਣ ਨਾਲ ਮੈਲ ਲਗਦੀ ਹੈ, ਬੇਅੰਤ ਮੈਲਾਂ ਹੀ ਮੈਲਾਂ ਨੇ। ਸਾਡੀ ਸੋਚ ਜੋ ਪ੍ਰਮੇਸ਼ਰ ਤੋਂ ਬਗੈਰ, ਬਾਕੀ ਹੈ ਸਭ ਮੈਲ ਪੈਦਾ ਕਰਦੀ ਹੈ, ਇਹ ਮੈਲ ਹੋਣ ਨਾਲ ਸਾਨੂੰ ਪ੍ਰਮੇਸ਼ਰ ਨਹੀਂ ਦਿਖਦਾ। ਸਭ ਤੋਂ ਵੱਡੀ ਜੋ ਮੈਲ ਹੈ, ਜੋ ਦੂਰ ਹੋ ਹੀ ਨਹੀਂ ਸਕਦੀ ਉਸ ਨੂੰ ਮਹਾਰਾਜ ਹਉਮੈ ਦੀ ਮੈਲ ਕਹਿੰਦੇ ਨੇ। ਉਸ ਦੇ ਨਾਲ ਮਨ ਮੈਲਾ ਹੋ ਗਿਆ। ਜਦੋਂ ਤਕ ਮਨ ਮੈਲਾ ਹੈ, ਜੇ ਅਸੀਂ ਤਨ ਨੂੰ ਧੋ ਕੇ ਕਹੀਏ ਕਿ ਮਨ ਸਾਫ ਹੋ ਜਾਏ, ਮਹਾਰਾਜ ਕਹਿੰਦੇ ਨਾ -

*ਮਨਿ ਮੈਲੈ ਸਭੁ ਕਿਛੁ ਮੈਲਾ*
*ਤਨਿ ਧੋਤੈ ਮਨੁ ਹਛਾ ਨ ਹੋਇ ॥* *ਅੰਗ - ੫੫੮*

ਤਨ ਧੋਣ ਦੇ ਨਾਲ ਨਹੀਂ ਮਨ ਅੱਛਾ ਹੁੰਦਾ। ਜਿੰਨਾਂ ਚਿਰ ਮਨ ਦੇ ਵਿਚ ਮੈਲ ਹੈ ਓਨਾਂ ਚਿਰ ਸਭ ਕੁਛ ਹੀ ਮੈਲਾ ਹੈ, thinking (ਸੋਚ) ਸਾਰੀ ਮੈਲੀ ਹੈ ਉਸ ਦੀ, ਗੱਲ-ਬਾਤ ਮੈਲੀ ਹੈ।

ਸੋ ਇਸ ਦਾ ਇਕੋ ਹੀ ਤਰੀਕਾ ਦੱਸਿਆ ਹੈ ਮਹਾਰਾਜ ਜੀ ਨੇ ਕਿ ਜੇ ਪ੍ਰਮੇਸ਼ਰ ਦੀ ਹੋਂਦ ਹਿਰਦੇ ਵਿਚ ਵਸ ਜਾਵੇ। ਇਸ ਨਿਸ਼ਚੇ ਤੇ ਅਭੁੱਲ ਰੂਪ

ਧਾਰ ਕੇ ਆ ਜਾਵੇ -

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੩*

ਇਹ ਇਕ ਪਰਮ ਤੱਤ ਜੋ ਹਰ ਥਾਂ ਪਰੀਪੂਰਨ ਦਾ ਨਿਸ਼ਚਾ ਹੋ ਗਿਆ ਜਿਸ ਨੂੰ ਸਤਿ ਕਹਿੰਦੇ ਨੇ ਬਾਕੀ ਕਿਉਂਕਿ ਸਭ ਮਿਥਿਆ ਹੈ, ਇਸ ਤੋਂ ਬਿਨਾਂ ਹੋਰ ਸਾਰੇ ਗਲਤ ਨਿਸ਼ਚੇ ਨੇ। ਜਿਸ ਦੇ ਅੰਦਰ ਸਤਿ ਪ੍ਰਵੇਸ਼ ਕਰਕੇ ਪੂਰੀ ਤਰ੍ਹਾਂ ਦੇ ਨਾਲ ਵਰਤੋਂ ਵਿਚ ਆ ਗਿਆ, ਕਦੇ ਭੁੱਲ ਵਿਚ ਨਹੀਂ ਜਾਂਦਾ। ਉਸ ਦੇ ਅੰਦਰੋਂ ਮੈਲ ਦਾ ਖਾਤਮਾ ਹੋ ਜਾਂਦਾ ਹੈ।

ਜੇ ਮੈਲਾਂ ਨੂੰ ਗਿਣਨ ਲੱਗੋ ਤਾਂ ਹਿਸਾਬ-ਕਿਤਾਬ ਨਹੀਂ ਹੈ ਐਨੀਆਂ ਮੈਲਾਂ ਨੇ, ਹਰ ਚੀਜ਼ ਮੈਲੀ ਹੈ। ਸੋ ਮਹਾਰਾਜ ਕਹਿੰਦੇ ਜਿਸ ਵਕਤ ਮਨ ਨਿਰਮਲ ਹੋ ਜਾਂਦਾ ਹੈ, ਮੈਲ ਤੋਂ ਰਹਿਤ ਹੋ ਜਾਂਦਾ ਹੈ ਉਸ ਵੇਲੇ ਅਵਸਥਾ ਕੀ ਹੁੰਦੀ ਹੈ? ਪ੍ਰਮੇਸ਼ਰ ਜਿਸ ਨੂੰ ਅਸੀਂ ਟੋਲਦੇ ਫਿਰਦੇ ਹਾਂ ਉਹ ਓਤ-ਪੋਤ ਹੋ ਜਾਂਦਾ ਹੈ। ਇਹ ਭੁੱਲ ਜਾਂਦਾ ਹੈ ਕਿ ਉਹ ਮੈਂ ਹਾਂ ਜਾਂ ਮੈਂ ਉਹੋ ਹਾਂ। 'ਮੈਂ' ਮਿਟ ਜਾਂਦੀ ਹੈ, ਓਹੋ ਹੀ ਰਹਿ ਹਾਂਦਾ ਹੈ। ਫਿਰ ਇਹ ਭੇਦ ਮਿਟ ਜਾਂਦਾ ਹੈ ਕਿ ਮੈਂ ਰਾਮ-ਰਾਮ ਕਹਿੰਦਾ ਹਾਂ ਜਾਂ ਵਾਹਿਗੁਰੂ-ਵਾਹਿਗੁਰੂ। ਕਬੀਰ ਸਾਹਿਬ ਕਹਿੰਦੇ ਹਨ। ਇਹ ਭੇਦ ਦ੍ਵੈਤ ਦੇ ਹਨ, ਏਕਤਾ ਵਿਚ ਨਹੀਂ ਹੁੰਦੇ, ਉਹ ਫਿਰ ਸਾਡਾ ਨਾਉਂ ਜਪਦਾ ਹੈ ਐਨੀ ਪਵਿੱਤਰਤਾ ਹੋ ਜਾਂਦੀ ਹੈ।

*ਕਬੀਰ ਮਨੁ ਨਿਰਮਲੁ ਭਇਆ ਜੈਸਾ ਗੰਗਾ ਨੀਰੁ ॥*
*ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ ॥*
*ਅੰਗ - ੧੩੬੭*

ਸੋ ਮੈਲ ਨੂੰ ਦੂਰ ਕਰਨ ਦਾ ਤਰੀਕਾ ਹਰੀ ਦਾ ਜਸ, ਨਾਮ ਦਾ ਸਿਮਰਨ, ਪ੍ਰਮੇਸ਼ਰ ਦੇ ਨਾਲ ਬਿਰਤੀ ਲਾ ਕੇ ਹੌਲੀ-ਹੌਲੀ ਅੰਦਰ ਰੌਸ਼ਨੀ ਆਉਣੀ ਸ਼ੁਰੂ ਹੋ ਜਾਂਦੀ ਹੈ ਤੇ ਮੈਲ ਦਾ ਖਾਤਮਾ ਹੋ ਜਾਂਦਾ ਹੈ। ਉਸ ਦੇ ਵਿਚ ਜੋ ਮਹਾਰਾਜ ਨੇ ਸਭ ਤੋਂ ਵੱਡਾ ਸਾਧਨ, ਸਾਧੂ ਦੀ ਸੰਗਤ ਦਾ ਦੱਸਿਆ ਹੈ, ਜਿੰਨਾਂ ਚਿਰ ਪੂਰੇ ਭਾਗ ਨਹੀਂ ਬਣਦੇ, ਸਾਧੂ ਦੀ ਸੰਗਤ ਪ੍ਰਾਪਤ ਹੋ ਹੀ ਨਹੀਂ ਸਕਦੀ।

ਸਾਧੂ ਕੌਣ ਹੁੰਦਾ ਹੈ? ਮਹਾਰਾਜ ਕਹਿੰਦੇ ਨਾਂ ਤਾਂ ਇਹ ਕੋਈ ਭੇਖ ਹੁੰਦਾ ਹੈ, ਨਾ ਕੋਈ ਇਹ ਇਸ ਤਰ੍ਹਾਂ ਜਿਵੇਂ ਦੁਕਾਨਾਂ ਨੇ, ਇਨ੍ਹਾਂ ਤੇ ਬੈਠਣ ਵਾਲਾ ਹੁੰਦਾ ਹੈ। ਉਹ ਕਿਰਿਆਸ਼ੀਲ ਪੁਰਸ਼ ਹੁੰਦਾ ਹੈ, ਚਾਹੇ ਉਹ ਕਿਸੇ ਵੀ ਕਿਰਿਆ ਵਿਚ ਪਿਆ ਹੋਇਆ ਹੈ - ਖੇਤੀ ਕਰਦਾ ਹੈ, ਨੌਕਰੀ ਕਰਦਾ ਹੈ, ਫੌਜ ਵਿਚ ਨੌਕਰੀ ਕਰਦਾ ਹੈ ਜਾਂ ਵਪਾਰ ਕਰਦਾ ਹੈ ਜਾਂ ਕਿਸੇ ਥਾਂ ਇਕਾਂਤ ਵਾਸੀ ਹੈ ਜਾਂ ਕੋਈ ਡੇਰੇਦਾਰ ਨਜ਼ਰੀਂ ਪੈਂਦਾ ਹੈ ਜਿਸ ਨੂੰ ਪ੍ਰਮੇਸ਼ਰ ਨਹੀਂ ਭੁੱਲਦਾ। ਜਿਸ ਦੀ ਦ੍ਰਿਸ਼ਟੀ ਤੋਂ ਪ੍ਰਮੇਸ਼ਰ ਓਹਲੇ ਨਹੀਂ ਹੁੰਦਾ ਜਿਸ ਦੇ ਅੰਦਰੋਂ ਹਉਮੈ ਦਾ ਪੂਰਨ ਤੌਰ ਤੇ ਅਭਾਵ ਹੋ ਚੁਕਿਆ ਹੁੰਦਾ ਹੈ, ਕਹਿੰਦੇ ਉਹ ਹੋਇਆ ਕਰਦਾ ਹੈ-ਸਾਧੂ

*ਜਿਨਾ ਸਾਸਿ ਗਿਰਾਸਿ ਨ ਵਿਸਰੈ*
*ਹਰਿ ਨਾਮਾਂ ਮਨਿ ਮੰਤੁ ॥*
*ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥ ਅੰਗ - ੩੧੯*

ਜਿਸ ਵਕਤ ਸਾਧੂ ਦੀ ਸੰਗਤ ਸਹੀ ਤਰੀਕੇ ਦੇ ਨਾਲ ਪ੍ਰਾਪਤ ਹੋ ਗਈ, ਜਦੋਂ ਉਸ ਨੂੰ ਭੇਟਿਆ ਇਹੋ 'ਭੇਟ', ਸ਼ਬਦ ਦੀ ਆਪਣੀ ਰੂਪ-ਰੇਖਾ ਹੈ ਜੋ ਸਮਝਣੀ ਜ਼ਰੂਰੀ ਹੈ। ਆਪਣਾ ਆਪ ਭੇਟ ਕਰ ਦੇਣਾ - ਤਨ ਭੀ, ਪ੍ਰਾਣ ਭੀ, ਮਨ ਭੀ, ਬੁੱਧੀ ਭੀ, ਚਿਤ ਭੀ ਅਤੇ ਆਪਣੀ ਵਖਰੀ ਹੋਂਦ ਭੀ ਜੋ ਹਉਮੈ ਕਰਕੇ ਸਭ ਅੰਦਰ ਵਖਰੇਪੁਣ ਵਿਚ ਭਾਸਦੀ ਹੈ ਤਾ ਇਸ ਭੇਟ ਨੇ ਖੋਟੀ ਮੱਤ ਦੂਰ ਕਰ ਦੇਣੀ ਹੈ, ਨਿਰਮਲ ਮਤ ਪੈਦਾ ਹੋਣ ਕਰਕੇ ਬਾਕੀ ਸਾਰੀਆਂ ਮੈਲਾਂ ਕੱਟੀਆਂ ਜਾਣੀਆਂ ਨੇ। ਮਹਾਰਾਜ ਕਹਿੰਦੇ, ਮੈਂ ਧੂੜ ਮੰਗਦਾ ਹਾਂ, ਐਸੇ ਪ੍ਰੇਮੀ ਦੀ ਜਿਸ ਨੇ ਨਾਮ ਰਿਦੇ ਵਿਚ ਪਰੋਇਆ ਹੋਇਆ ਹੈ। ਵਿਆਪਕ ਨਾਮ ਜੋ ਹੈ, ਹੈ ਤਾਂ ਸਾਡੇ ਅੰਦਰ ਹੀ -

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥*
*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥ ਅੰਗ - ੨੯੩*

ਇਹ ਅਸਚਰਜ ਵਿਸਮਾਦ (rapture) ਵਾਲਾ ਜੋ ਨਾਮ ਹੈ, ਉਹ ਅੰਦਰ ਹੈ ਸਾਡੇ। ਜਿਸ ਦੀ ਪ੍ਰਾਪਤੀ ਉਥੇ ਤੱਕ ਹੋ ਗਈ ਮਹਾਰਾਜ ਕਹਿੰਦੇ, ਉਸ ਦੇ ਅਸੀਂ ਚਰਨਾਂ ਦੀ ਧੂੜੀ ਮੰਗਦੇ ਹਾਂ।

ਸੋ ਨਾਮ ਦੀ ਮਹਿਮਾ ਜੋ ਹੈ, ਸੰਸਾਰ ਨੂੰ ਨਹੀਂ ਪਤਾ –

*ਨਾਮ ਕੀ ਮਹਿਮਾ ਸੰਤ ਰਿਦ ਵਸੈ ॥*
*ਸੰਤ ਪ੍ਰਤਾਪਿ ਦੁਰਤੁ ਸਭੁ ਨਸੈ ॥* *ਅੰਗ – ੨੬੫*

ਸੰਤਾਂ ਦੇ ਪ੍ਰਤਾਪ ਨਾਲ ਜੋ ਖੋਟੀ ਮੱਤ ਹੈ ਉਹ ਨੱਸ ਜਾਂਦੀ ਹੈ ਕਿਉਂਕਿ ਉਨ੍ਹਾਂ ਦੇ ਹਿਰਦੇ ਵਿਚ ਨਾਮ ਦੀ ਮਹਿਮਾ ਵਸਦੀ ਹੈ, ਸੰਸਾਰ ਦੇ ਨਹੀਂ ਵਸਦੀ, ਸੰਸਾਰ ਨੂੰ ਨਹੀਂ ਪਤਾ। ਜੇ ਪਤਾ ਹੋਵੇ ਤਾਂ ਇਹ ਇਕ ਸਕਿੰਟ ਵੀ ਨਾਮ ਤੋਂ ਪਾਸੇ ਨਾ ਹੋਣ। ਸੋ ਇਹ ਮਹਾਰਾਜ ਕ੍ਰਿਪਾ ਕਰਦੇ ਨੇ, ਸਾਨੂੰ ਸਤਿਸੰਗ ਦਿੰਦੇ ਨੇ ਫੇਰ ਸਾਨੂੰ ਸੋਝੀ ਪੈਂਦੀ ਹੈ। ਜੇ ਅਸੀਂ ਇਸ ਨੂੰ ਮੰਨ ਲਈਏ –

*ਸੇਵਕ ਸਿਖ ਪੂਜਣ ਸਭਿ ਆਵਹਿ*
*ਸਭਿ ਗਾਵਹਿ ਹਰਿ ਹਰਿ ਊਤਮ ਬਾਨੀ ॥*
*ਗਾਵਿਆ ਸੁਣਿਆ ਤਿਨ ਕਾ ਹਰਿ ਥਾਇ ਪਾਵੈ*
*ਜਿਨ ਸਤਿਗੁਰ ਕੀ ਆਗਿਆ ਸਤਿ ਸਤਿ ਕਰਿ ਮਾਨੀ ॥*
*ਅੰਗ – ੬੬੯*

ਜਿਵੇਂ ਬੱਚਾ ਪੜ੍ਹਦਾ ਹੈ – ਕਲਾਸ ਦੇ ਅੰਦਰ, ਹੌਲੀ-ਹੌਲੀ ਪੀਐਚ.ਡੀ, ਡੀ.ਲਿਟ ਤੱਕ ਪਹੁੰਚ ਜਾਂਦਾ ਹੈ। ਇਸੇ ਤਰ੍ਹਾਂ ਸਤਿਸੰਗ ਵਿਚ ਆਉਂਦੇ-ਆਉਂਦੇ ਅੰਦਰ ਲਗਨ ਲੱਗ ਜਾਂਦੀ ਹੈ, ਵੈਰਾਗ ਪੈਦਾ ਹੋ ਜਾਂਦਾ ਹੈ, ਬਿਬੇਕ ਪੈਦਾ ਹੋ ਜਾਂਦਾ ਹੈ, ਤਤਿਕਸ਼ਾ ਉਸ ਦੇ ਅੰਦਰ ਆ ਜਾਂਦੀ ਹੈ ਤੇ ਫੇਰ ਨਿਸ਼ਚਾ ਬਣ ਜਾਂਦਾ ਹੈ ਕਿ ਮੈਂ ਇਸੇ ਜਨਮ ਵਿਚ ਪ੍ਰਾਪਤੀ ਕਰਨੀ ਹੈ। ਫੇਰ ਸੁਣਦਾ ਹੈ ਪਿਆਰ ਦੇ ਨਾਲ, ਸੁਣਨ ਤੋਂ ਬਾਅਦ ਮੰਨਦਾ ਹੈ, ਮੰਨਣ ਤੋਂ ਬਾਅਦ ਕਮਾਈ ਕਰਦਾ ਹੈ, ਅਭਿਆਸ ਕਰਦਾ ਹੈ, ਮੁਸ਼ੱਕਤ ਘਾਲਦਾ ਹੈ। ਉਸ ਤੋਂ ਬਾਅਦ ਉਸ ਨੂੰ ਆਪਣੇ ਸਰੂਪ ਦੇ ਵੀ ਦਰਸ਼ਨ ਹੁੰਦੇ ਨੇ ਤੇ ਸਰੂਪ ਦੇ ਵਿਚ ਹੀ ਪ੍ਰਮੇਸ਼ਰ ਦੇ ਦਰਸ਼ਨ ਹੋ ਜਾਂਦੇ ਨੇ ਅਤੇ ਪ੍ਰਕਾਸ਼ ਹੋ ਜਾਂਦਾ ਹੈ, ਝੂਠੀ ਤੇ ਨਕਲੀ ਪਰਛਾਵੇਂ ਰੂਪ ਰੂਹ ਕਿਤੇ ਬਚਦੀ ਹੀ ਨਹੀਂ, ਸਤਿ ਹੀ ਸਤਿ, ਇਕੋ ਅਸਲੀ ਤੱਤ ਸਾਰੇ ਦ੍ਰਿਸ਼ਟੀ ਪੈਂਦਾ ਹੈ। ਸਾਰੇ ਭਰਮ ਭੁਲੇਖੇ ਮਿਟ ਜਾਂਦੇ ਹਨ। ***'ਸੋਈ ਫਿਰਿ ਕੈ ਤੂ ਭਇਆ ਜਾ ਕਉ ਕਹਤਾ ਅਉਰ॥ (ਅੰਗ-੧੩੬੯)*** ਸਤਿ ਅਵਸਥਾ ਦਾ ਪ੍ਰਕਾਸ਼ ਹੋ ਜਾਂਦਾ ਹੈ।

ਇਕ ਸੱਚ ਦੇ ਲੜ ਲਗ ਕੇ ਉਨ੍ਹਾਂ ਦੇ ਕੂੜੇ ਲਾਲਚ ਖਤਮ ਹੋ ਗਏ। ਉਸ ਦੇ ਪਿਆਰ ਵਿਚ ਲਬਾਲਬ ਭਰੇ ਹੁੰਦੇ ਹਨ –

ਕੂੜ ਗਏ ਦੁਬਿਧਾ ਨਸੀ ਪੂਰਨ ਸਚਿ ਭਰੇ ॥

ਕਿਉਂਕਿ ਉਹ ਇਕ ਦਾ ਹੀ ਸਿਮਰਨ ਕਰਦੇ ਹਨ। ਉਸ ੴ ਇਕ ਨਾਲ ਹੀ ਜੁੜੇ ਹੁੰਦੇ ਹਨ-

ਪਾਰਬ੍ਰਹਮੁ ਪ੍ਰਭੁ ਸੇਵਦੇ ਮਨ ਅੰਦਰਿ ਏਕੁ ਧਰੇ ॥

ਅਖੀਰ ਵਿਚ ਸੱਚੇ ਪਾਤਸ਼ਾਹ ਸਾਨੂੰ ਬਖਸ਼ਿਸ਼ ਕਰ ਰਹੇ ਹਨ ਕਿ-

ਮਾਹ ਦਿਵਸ ਮੂਰਤ ਭਲੇ ਜਿਸ ਕਉ ਨਦਰਿ ਕਰੇ ॥

ਸਾਰੀਆਂ ਥਿਤਾਂ, ਘੜੀਆਂ, ਦਿਹਾੜੇ ਅਤੇ ਮਹੀਨੇ ਭਲੇ ਹਨ ਭਾਵ ਸੋਭਨੀਕ ਹਨ, ਸੁਹਾਵਣੇ ਹਨ, ਜਦੋਂ ਉਸ ਦੀ ਨਦਰਿ ਸਵੱਲੀ ਹੋਵੇ –

*ਲਖ ਖੁਸੀਆ ਪਾਤਿਸਾਹੀਆ ਜੇ ਸਤਿਗੁਰੁ ਨਦਰਿ ਕਰੇਇ ॥*
*ਅੰਗ – ੪੪*

ਭਾਵ –

*ਰੈਣਿ ਸੁਹਾਵੜੀ ਦਿਨਸੁ ਸੁਹੇਲਾ ॥*
*ਜਪਿ ਅੰਮ੍ਰਿਤ ਨਾਮੁ ਸੰਤਸੰਗਿ ਮੇਲਾ ॥*
*ਘੜੀ ਮੂਰਤ ਸਿਮਰਤ ਪਲ ਵੰਞਹਿ*
*ਜੀਵਣੁ ਸਫਲੁ ਤਿਥਾਈ ਜੀਉ ॥* *ਅੰਗ – ੧੦੭*

ਇਸ ਕਰਕੇ ਅਰਦਾਸ ਹੈ ਕਿ ਸਾਨੂੰ ਆਪਣੇ ਦਰਸ਼ਨ ਦਾ ਦਾਨ ਬਖਸ਼ੋ।

ਭਾਵ –

*ਦਰਸਨ ਪਿਆਸੀ ਦਿਨਸੁ ਰਾਤਿ*
*ਚਿਤਵਉ ਅਨਦਿਨੁ ਨੀਤ ॥*
*ਖੋਲਿ੍ ਕਪਟ ਗੁਰਿ ਮੇਲੀਆ ਨਾਨਕ ਹਰਿ ਸੰਗਿ ਮੀਤ ॥*
*ਅੰਗ – ੭੦੩*

ਭਾਵ –

ਨਾਨਕੁ ਮੰਗੈ ਦਰਸ ਦਾਨੁ ਕਿਰਪਾ ਕਰਹੁ ਹਰੇ ॥

ਕ੍ਰਿਪਾ ਕਰਕੇ ਆਪਣੇ ਦਰਸ਼ਨਾਂ ਦਾ ਦਾਨ ਸਾਡੀ ਝੋਲੀ ਵਿਚ ਪਾ ਦਿਉ ਤਾਂ ਜੋ ਸਾਡਾ ਲੋਕ ਤੇ ਪ੍ਰਲੋਕ ਸੁਹੇਲਾ ਹੋ ਸਕੇ –

*ਇਹ ਲੋਕ ਸੁਖੀਏ ਪਰਲੋਕ ਸੁਹੇਲੇ ॥*
*ਨਾਨਕ ਹਰਿ ਪ੍ਰਭਿ ਆਪਹਿ ਮੇਲੇ ॥* *ਅੰਗ – ੨੯੩*

# ਗੁਰ ਕੀ ਪ੍ਰਤੀਤ

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ!*

*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ ॥*

*ਅੰਗ - ੨੫੬*

*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - ੨੮੯*

*ਧਾਰਨਾ - ਕੋਇ ਨ ਜਾਣੈ ਤੁਮਰੀ ਗਤਿ ਮਿਤਿ,*
*ਆਪੇ ਏਕ ਪਾਸਾਰਾ ਜੀ।*

*ਪ੍ਰਭ ਜੀ ਮੋਹਿ ਕਵਨੁ ਅਨਾਥੁ ਬਿਚਾਰਾ ॥*
*ਕਵਨ ਮੂਲ ਤੇ ਮਾਨੁਖੁ ਕਰਿਆ*
*ਇਹੁ ਪਰਤਾਪੁ ਤੁਹਾਰਾ ॥ ੧ ॥ ਰਹਾਉ ॥*
*ਜੀਅ ਪ੍ਰਾਣ ਸਰਬ ਕੇ ਦਾਤੇ ਗੁਣ ਕਹੇ ਨ ਜਾਹਿ ਅਪਾਰਾ ॥*
*ਸਭ ਕੇ ਪ੍ਰੀਤਮ ਸ੍ਰਬ ਪ੍ਰਤਿਪਾਲਕ*
*ਸਰਬ ਘਟਾਂ ਆਧਾਰਾ ॥ ੧ ॥*
*ਕੋਇ ਨ ਜਾਣੈ ਤੁਮਰੀ ਗਤਿ ਮਿਤਿ*
*ਆਪਹਿ ਏਕ ਪਸਾਰਾ ॥*
*ਸਾਧ ਨਾਵ ਬੈਠਾਵਹੁ ਨਾਨਕ ਭਵ ਸਾਗਰੁ ਪਾਰਿ ਉਤਾਰਾ॥*

*ਅੰਗ - ੧੨੨੦*

ਸਾਧਸੰਗਤ ਜੀ! ਗੱਜ ਕੇ ਬੋਲਣਾ, ਸਤਿਨਾਮੁ ਸ੍ਰੀ ਵਾਹਿਗੁਰੂ। ਕਾਰਜ ਸੰਕੋਚਦੇ ਹੋਏ ਆਪ ਦੂਰ-ਦਰਾਜ਼ ਤੋਂ ਚੱਲ ਕੇ ਗੁਰੂ ਦਰਬਾਰ ਵਿਚ ਪਹੁੰਚੇ ਹੋਂ। ਗੁਰੂ ਮਹਾਰਾਜ ਦਾ ਫੁਰਮਾਨ ਹੋਇਆ ਹੈ ਕਿ ਕੋਈ, ਸੰਸਾਰ ਦੇ ਅੰਦਰ ਐਸਾ ਨਹੀਂ ਹੈ, ਜਿਹੜਾ ਪ੍ਰਮੇਸ਼ਰ ਦੀ ਗਤੀ ਨੂੰ, ਪ੍ਰਮੇਸ਼ਰ ਦੀ ਮਹਿਮਾ ਨੂੰ ਜਾਣ ਸਕੇ। ਉਹ ਆਪੇ ਹੀ ਇਕ ਹੈ ਤੇ ਆਪਣੇ ਆਪ ਤੋਂ ਹੀ ਉਸ ਨੇ ਪਸਾਰਾ ਕੀਤਾ ਹੈ। ਇਥੇ ਦੂਜਾ ਕੋਈ ਨਹੀਂ ਹੈ -

*ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥*
*ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥ ਜਾਪੁ ਸਾਹਿਬ*

ਮੂਰਤਿ ਤਾਂ ਇਕੋ ਹੀ ਹੈ ਏਕੰਕਾਰ -

*ਨਿਰੰਕਾਰੁ ਆਕਾਰੁ ਹੋਇ ਏਕੰਕਾਰ ਅਪਾਰੁ ਸਦਾਇਆ।*

*ਭਾਈ ਗੁਰਦਾਸ ਜੀ*

ਨਿਰੰਕਾਰ ਤੋਂ ਏਕੰਕਾਰ ਜਿਹਦਾ ਪਾਰਾਵਾਰ ਕੋਈ ਨਹੀਂ ਲਗਦਾ -

*ਏਕੰਕਾਰਹੁ ਸਬਦ ਧੁਨਿ ਓਅੰਕਾਰ ਅਕਾਰੁ ਬਣਾਇਆ।*

*ਭਾਈ ਗੁਰਦਾਸ ਜੀ*

ਥੋੜ੍ਹੀ ਜਿਹੀ ਵਿਆਖਿਆ ਹੈ, ਹੈ ਇੱਕੋ ਹੀ, ਚਾਹੇ ਓਅੰਕਾਰ ਕਹਿ ਦਿਓ, ਚਾਹੇ ਏਕੰਕਾਰ ਕਹਿ ਲਓ, ਚਾਹੇ ਨਿਰੰਕਾਰ ਕਹਿ ਲਓ, ਨਿਰਗੁਨ ਬ੍ਰਹਮ ਕਹਿ ਲਓ; ਉਹ ਦੋ ਨਹੀਂ ਹੋਇਆ ਕਰਦੇ, ਇਕੋ ਹੀ ਰਹਿੰਦੈ। ਆਪਣੇ ਆਪ ਤੋਂ ਆਪੇ ਹੀ ਪਸਾਰਾ ਕਰ ਲਿਆ। ਇਸ ਬਾਤ ਨੂੰ ਕੋਈ ਕਹਿ ਨਹੀਂ ਸਕਦਾ। ਮਹਾਰਾਜ ਕਹਿੰਦੇ, ਹੁਕਮ ਦੀ ਵਿਆਖਿਆ, ਸੰਸਾਰ 'ਚ ਕੋਈ ਬੰਦਾ ਨਹੀਂ, ਜਿਹੜਾ ਕਰ ਸਕੇ। ਕਿਉਂਕਿ ਵਾਹਿਗੁਰੂ ਦੀ ਮੌਜ ਹੈ, ਆਪਣੀ ਮੌਜ ਦੇ ਵਿਚ ਪਸਾਰਾ ਕਰਿਆ। ਕਿੱਡਾ ਕੁ ਵੱਡਾ ਪਸਾਰਾ ਹੈ ਇਸ ਬਾਤ ਨੂੰ ਕੋਈ ਸੰਸਾਰ ਦਾ ਬੰਦਾ ਦਸ ਨਹੀਂ ਸਕਦਾ। ਪਹਿਲਾਂ-ਪਹਿਲਾਂ ਕਈ ਮਹਾਂਪੁਰਸ਼ਾਂ ਨੇ ਦੱਸਣ ਦਾ ਯਤਨ ਕਰਿਆ ਕਿ ਪਸਾਰੇ ਦੇ ਵਿਚ ਚੌਦਾਂ ਲੋਕ ਨੇ, ਸੱਤ ਆਕਾਸ਼ ਨੇ, ਸੱਤ ਪਾਤਾਲ ਨੇ। ਇਹ ਗੱਲ ਸੀਮਾ ਵਿਚ ਆ ਗਈ। ਸ੍ਰੀ ਗੁਰੂ ਨਾਨਕ ਪਾਤਸ਼ਾਹ ਪਹਿਲੇ ਨੇ, ਜਿਨ੍ਹਾਂ ਨੇ ਇਹ ਕਿਹਾ ਕਿ ਨਿਰੰਕਾਰ ਦਾ ਵੀ ਕੋਈ ਪਾਰਾਵਾਰ ਨਹੀਂ ਹੈ ਤੇ ਉਸ ਦੇ ਪਸਾਰੇ ਦਾ ਵੀ ਕੋਈ ਪਾਰਾਵਾਰ ਨਹੀ ਹੈ। ਕਿੰਨਾ ਹੈ? ਮਹਾਰਾਜ ਕਹਿੰਦੇ, ਕਿੰਨੇ ਦਾ ਸਵਾਲ ਹੀ ਨਹੀਂ। ਜਿੰਨਾਂ ਉਸ ਨੂੰ ਭਾਉਂਦੈ -

*ਜੇਵਡੁ ਭਾਵੈ ਤੇਵਡੁ ਹੋਇ ॥* *ਅੰਗ - ੬*

ਜਿੰਨਾਂ ਭਾਅ ਜਾਂਦੈ ਓਨਾ ਹੀ ਹੋ ਜਾਂਦੈ। ਇਹ ਕੋਈ ਸੀਮਾ 'ਚ ਆਉਣ ਵਾਲੀ ਗੱਲ ਨਹੀਂ ਹੈ। ਨਾ ਇਹਦੀਆਂ ਦੂਰੀਆਂ ਨਾਪੀਆਂ ਜਾਂਦੀਆਂ ਨੇ। ਇਹਨੂੰ ਬੇਅੰਤ ਕਹਿ ਕੇ ਛੁਟਕਾਰਾ ਹੁੰਦੈ ਲੇਕਿਨ ਬੇਅੰਤ ਦਾ ਅਨੁਭਵ ਜਿਹੜਾ ਹੈ ਉਹ ਚੁੱਪ ਵਿਚ ਹੈ। ਬੋਲ ਕੇ ਤਾਂ ਆਦਮੀ ਦਸ ਹੀ ਨਹੀਂ ਸਕਦਾ। ਅੰਦਰ ਹੈ, ਚੁੱਪ ਹੋ ਜਾਂਦੈ ਜਦ, ਚੁੱਪ ਹੁੰਦੈ ਉਹ ਪਸਾਰੇ ਨੂੰ ਦੇਖ ਕੇ ਕਿ ਇਹਦਾ ਤਾਂ ਆਦਿ-ਅੰਤ ਹੀ ਨਹੀਂ ਕਿਤੇ। ਨਾ ਕੋਈ ਏਧਰਲਾ ਸਿਰਾ ਹੈ ਨਾ ਓਧਰਲਾ ਸਿਰਾ ਹੈ। ਬੇਅੰਤ-ਬੇਅੰਤ ਹੈ ਤੇ ਕੋਈ ਕਹਿ ਨਹੀਂ ਸਕਦਾ।

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ।*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ।*

*ਪਾਤਿਸ਼ਾਹੀ ੧੦*

ਇਕ ਤੋਂ ਅਨੇਕ ਹੋ ਗਿਆ। ***'ਏਕ ਮੂਰਤਿ ਅਨੇਕ ਦਰਸਨ ਕੀਨ ਰੂਪ ਅਨੇਕ॥ ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ॥'*** ਉਹ ਖੇਲ੍ਹ-ਖੇਲ੍ਹਦੈ, ਜਦੋਂ ਖੇਲ੍ਹ ਖੇਲ੍ਹ ਕੇ ਫੇਰ ਨਹੀਂ ਖੇਲ੍ਹਦਾ, ਮਹਾਰਾਜ ਕਹਿੰਦੇ, ਫੇਰ ਇਕ ਹੋ ਜਾਂਦੈ। ਪਹਿਲਾਂ ਇਕ ਹੈ, ਵਿਚਾਲੇ ਕੀ ਹੈ, ਕਹਿੰਦੇ ਉਹ ਵੀ ਇੱਕੋ ਹੀ ਹੈ ਕਹਿੰਦੇ -

*ਆਦਿ ਸਚੁ ਜੁਗਾਦਿ ਸਚੁ ॥*
*ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥* *ਅੰਗ - ੧*

ਐਨੀ ਇੱਕੋ ਹੀ ਗੱਲ ਹੈ, ਜ਼ਿਆਦਾ ਹੈ ਨਹੀਂ। ਨਾ ਧਰਮ ਦੇ ਵਿਚ ਕੋਈ ਗੁੰਝਲ ਹੈ। ਨਾ ਕੋਈ ਪਰਦਾ ਹੈ, ਨਾ ਕੋਈ ਛੁਪਾ ਕਰਿਆ ਹੈ। ਇੱਕ ਗੱਲ ਹੈ। ਮਹਾਰਾਜ ਕਹਿੰਦੇ, ਚਾਹੇ ਕਰੋੜਾਂ ਕਿਤਾਬਾਂ ਪੜ੍ਹ ਲੈ ਤਾਂ ਵੀ ਇਥੇ ਹੀ ਆਉਣੈ -

*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ ॥*
*ਪੜਿ ਪੜਿ ਬੇੜੀ ਪਾਈਐ ਪੜਿ ਪੜਿ ਗਡੀਅਹਿ ਖਾਤ ॥*
*ਪੜੀਅਹਿ ਜੇਤੇ ਬਰਸ ਬਰਸ ਪੜੀਅਹਿ ਜੇਤੇ ਮਾਸ ॥*
*ਪੜੀਐ ਜੇਤੀ ਆਰਜਾ ਪੜੀਅਹਿ ਜੇਤੇ ਸਾਸ ॥*
*ਨਾਨਕ ਲੇਖੈ ਇਕ ਗਲ ਹੋਰੁ ਹਉਮੈ ਝਖਣਾ ਝਾਖ ॥*
*ਅੰਗ - ੪੬੭*

ਝੱਖਣਾ ਝਾਖ ਇਸ ਤਰ੍ਹਾਂ ਕਹਿੰਦੇ ਨੇ ਕਿ ਜਿਵੇਂ ਪਾਣੀ 'ਚ ਮਧਾਣੀ ਪਾਈ ਹੁੰਦੀ ਹੈ ਤੇ ਫਲ ਕੋਈ ਹੱਥ ਵਿਚ ਨਹੀਂ ਆਉਂਦਾ। ਇਸੇ ਤਰ੍ਹਾਂ ਮਹਾਰਾਜ ਕਹਿੰਦੇ, ਪੜ੍ਹ-ਪੜ੍ਹ ਕੇ ਗੱਡੀਆਂ ਪੜ੍ਹ ਲੈਂਦੈ। ਖੱਤੀਆਂ ਲਾ-ਲੈ ਜਿਵੇਂ ਚਰੀ ਦੀਆਂ ਖੱਤੀਆਂ ਕਿਸਾਨ ਲਾਉਂਦੈ, ਵੱਢ ਲੈਂਦੈ, ਸਾਰਾ ਖੇਤ ਫੇਰ ਗਰ੍ਹੇ ਲਾ ਕੇ ਰੱਖ ਲੈਂਦੈ। ਕਹਿੰਦੇ, ਇਸ ਤਰ੍ਹਾਂ ਕਿਤਾਬਾਂ ਦੇ ਗਰ੍ਹੇ ਲਾ ਲਏ। ਲਾਇਬ੍ਰੇਰੀਆਂ, ਬੇਅੰਤ ਕਿਤਾਬਾਂ ਪੜ੍ਹਦੈ। ਪੜ੍ਹੇ 'ਤੇ ਨਹੀਂ ਬਣਨਾ ਕੁਛ ਵੀ -

*ਪੜਿਐ ਨਾਹੀ ਭੇਦੁ ਬੁਝਿਐ ਪਾਵਣਾ ॥* *ਅੰਗ - ੧੪੮*

ਇਹਨੂੰ ਬੁੱਝਣਾ ਪੈਂਦੈ। ਜਦੋਂ ਤਕ ਬੁਝਦਾ ਨਹੀਂ ਹੈ, ਪੜ੍ਹੀ ਹੋਈ ਬਾਤ ਦਾ ਕੋਈ ਫਾਇਦਾ ਨਹੀਂ ਹੁੰਦਾ। ਇਹ ਤਾਂ ਹੈ, ਜਦੋਂ ਬਚਨ ਕਰੇਗਾ, ਉਹ ਉਸ ਵੇਲੇ ਕਿਸੇ ਨੂੰ ਬੋਲਣ ਨਹੀਂ ਦੇਏਗਾ। ਜਦੋਂ ਕਿਤਾਬ ਲਿਖੇਗਾ ਉਸ ਵੇਲੇ ਵੀ ਇਸੇ ਤਰ੍ਹਾਂ ਕਰੇਗਾ। ਏਧਰੋਂ-ਉਧਰੋਂ ਗੱਲਾਂ ਇਕੱਠੀਆਂ ਕਰੀਆਂ, ਲਿਖ ਦਿਤੀਆਂ। ਲੇਕਿਨ ਆਪ ਸੁੱਕਾ ਹੋਏਗਾ। ਕਿਉਂਕਿ ਉਹਨੇ ਅਕਲ ਤਕ ਤਾਂ ਰੁਸਵਾਈ ਕਰ ਲਈ, ਅਕਲ ਤੋਂ ਅਗਾਂਹਾਂ ਜਿਹੜੀ ਗੱਲ ਸ਼ੁਰੂ ਹੁੰਦੀ ਹੈ, ਉਹ ਹੈ - ਅਨੁਭਵ। ਅਨੁਭਵ ਵਿਚ ਉਹਦੀ ਬਿਰਤੀ ਨਾ ਜਾਣ ਕਰਕੇ, ਉਹਨੂੰ ਕੋਈ ਰਸ ਨਹੀਂ ਆਇਆ ਕਰਦਾ। ਮਹਾਰਾਜ ਕਹਿੰਦੇ, ਕੜਛੀਆਂ ਫਿਰਦੀਆਂ ਨੇ ਭੋਜਨਾਂ 'ਚ, ਅਨੇਕ ਕਿਸਮ ਦੇ ਭੋਜਨਾਂ 'ਚ ਲੇਕਿਨ ਕੜਛੀ ਨੂੰ ਤਾਂ ਕੋਈ ਵੀ ਸੁਆਦ ਨਹੀਂ ਆਉਂਦਾ। ਕੜਛੀ ਨਹੀਂ ਦਸ ਸਕਦੀ ਕਿ ਸਲੂਣਾ ਹੈ ਜਾਂ ਕਿਹੋ ਜਿਹਾ ਸਵਾਦ ਹੈ। ਉਹਦਾ ਫਿਰਨਾ ਹੀ ਹੈ ਕੰਮ। ਇਸੇ ਤਰ੍ਹਾਂ ਜਿਹੜੀ ਆਦਮੀ ਦੀ ਅਕਲ ਹੈ ਇਹ ਕਿਸੇ ਹੱਦ ਤਕ ਤਾਂ ਹੈਗੀ ਸਹਾਇਕ। ਜੇ ਇਹਨੂੰ ਸਤੋ ਗੁਣੀ ਅਕਲ ਬਣਾ ਕੇ, ਪ੍ਰਮੇਸ਼ਰ ਵਲ ਵਰਤੀਏ। ਜੇ ਇਹ ਅਕਲ ਰਜੋ ਗੁਣੀ ਹੈ, ਤਮੋ ਗੁਣੀ ਹੈ, ਸੰਸਾਰ ਦੇ ਵਿਚ ਫਸਦੀ ਹੈ ਫੇਰ ਮਹਾਰਾਜ ਕਹਿੰਦੇ, ਫੇਰ ਅਕਲ ਦੀ ਕੋਈ ਲੋੜ ਨਹੀਂ। ਉਹ ਅਕਲ ਹੋਰ ਹੈ ਜਿਹਦੀ ਸਾਨੂੰ ਲੋੜ ਹੈ। ਸੋ ਇਸ ਤਰ੍ਹਾਂ ਦੇ ਨਾਲ ਉਹਦਾ ਕੋਈ ਪਾਰਾਵਾਰ ਨਹੀਂ ਪੈਂਦਾ। ਪਾਰਾਵਾਰ ਪਾਉਣ ਵਾਸਤੇ, ਸਾਨੂੰ ਉਸ ਮਹਾਂ ਸ਼ਕਤੀ ਨੂੰ ਜਾਨਣ ਵਾਸਤੇ, ਸਭ ਤੋਂ ਪਹਿਲਾਂ ਗੁਰੂ ਦੇ ਨਾਲ ਸਨਮੁਖ ਹੋਣਾ ਪੈਂਦੈ। ਜਿੰਨਾਂ ਚਿਰ ਅਸੀਂ ਸਨਮੁਖ ਨਹੀਂ ਹੁੰਦੇ ਸਾਨੂੰ ਦੂਸਰਾ ਸਬਕ ਮਿਲਦਾ ਹੀ ਨਹੀਂ। ਇਹਦੇ ਵਿਚ ਸਭ ਤੋਂ ਪਹਿਲਾਂ ਜ਼ਰੂਰੀ ਚੀਜ਼ ਹੈ ਕਿ ਗੁਰੂ ਦੇ ਉਤੇ ਭਰੋਸਾ ਹੋਵੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੇ ਕਿਉਂਕਿ ਅਸੀਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਦੇ ਹਾਂ, ਬਾਕੀ ਸੰਸਾਰ ਦੀ ਆਪਣੀ ਮਰਜ਼ੀ ਹੈ ਲੇਕਿਨ ਫਾਰਮੂਲਾ ਸਭ 'ਤੇ ਇਕੋ ਲਾਗੂ ਹੁੰਦੈ, ਦੋ ਨਹੀਂ ਹੁੰਦੇ। ਇਸ ਗੁਰੂ ਦੇ ਬਚਨਾਂ 'ਤੇ ਜੇ ਪ੍ਰਤੀਤ ਨਹੀਂ ਹੈ ਤੇ ਬਚਨਾਂ ਨੂੰ ਕਮਾਉਣ ਵਾਸਤੇ ਅੰਦਰ ਪ੍ਰੀਤ ਨਹੀਂ ਹੈ, ਮਹਾਰਾਜ ਕਹਿੰਦੇ, ਫੇਰ ਤਾਂ ਕੁਝ ਨਹੀਂ ਬਣਿਆ ਕਰਦਾ ਕਿਉਂਕਿ ਇਹ ਲਾਜ਼ਮੀ ਚੀਜ਼ ਹੈ। ਪਹਿਲਾਂ ਆਦਮੀ ਨੂੰ ਭਰੋਸਾ, ਯਕੀਨ, ਪ੍ਰਤੀਤ ਆਉਣੀ ਚਾਹੀਦੀ ਹੈ। ਜਿੰਨਾਂ ਚਿਰ ਪ੍ਰਤੀਤ ਨਹੀਂ ਆਉਂਦੀ, ਓਨਾਂ ਚਿਰ ਪ੍ਰਮੇਸ਼ਰ ਦਾ ਨਾਮ ਹਿਰਦੇ 'ਚ ਨਹੀਂ ਵਸਿਆ ਕਰਦਾ। ਐਸਾ ਫੁਰਮਾਨ ਹੈ ਪੜ੍ਹੋ ਪਿਆਰ ਨਾਲ -

*ਧਾਰਨਾ - ਗੁਰ ਕੀ ਪ੍ਰਤੀਤ ਜੀ,*
*ਜਿਸ ਦੇ ਮਨ ਵਿਚ ਹੈ ਭਾਈ।*

*ਜਾ ਕੈ ਮਨਿ ਗੁਰ ਕੀ ਪਰਤੀਤਿ ॥*
*ਤਿਸੁ ਜਨ ਆਵੈ ਹਰਿ ਪ੍ਰਭੁ ਚੀਤਿ ॥* *ਅੰਗ - ੨੮੩*

ਜਿਹਨੂੰ ਪ੍ਰਤੀਤ ਨਹੀਂ ਹੈ ਗੁਰੂ ਦੇ ਉਤੇ, ਭਰੋਸਾ ਨਹੀਂ ਹੈ, ਯਕੀਨ ਨਹੀਂ ਹੈ, faith ਨਹੀਂ ਹੈ; ਉਹਨੂੰ ਪ੍ਰਮੇਸ਼ਰ ਚਿਤ ਨਹੀਂ ਆਏਗਾ, ਕਦੇ ਵੀ। ਕਿਉਂਕਿ ਪਹਿਲੀ ਇਕ ਸ਼ਰਤ ਲਾ ਦਿਤੀ ਕਿ ਜੇ ਵਾਹਿਗੁਰੂ ਤਕ ਪਹੁੰਚਣਾ ਹੈ ਤਾਂ ਭਰੋਸੇ ਦੀ ਝੋਲੀ, ਸ਼ਰਧਾ ਦੀ ਝੋਲੀ, ਤੇਰੇ ਕੋਲ ਅਵੱਸ਼ ਹੋਣੀ ਚਾਹੀਦੀ ਹੈ। ਜੇ ਪ੍ਰਤੀਤ ਨਹੀਂ ਹੈ ਤਾਂ ਗੱਲ ਨਹੀਂ ਬਣਿਆ ਕਰਦੀ। ਪ੍ਰਤੀਤ ਕਹਿ ਲਓ, ਯਕੀਨ ਕਹਿ ਲਓ, ਭਰੋਸਾ ਕਹਿ

ਲਓ, faith ਕਹਿ ਲਓ, ਇਕੋ ਹੀ ਗੱਲ ਹੋਇਆ ਕਰਦੀ ਹੈ।

ਇਕ ਵਾਰੀ ਇਕ ਰਾਜੇ ਨੇ ਆਪਣੇ ਵਜ਼ੀਰ ਨਾਲ ਇਸ ਗੱਲ ਦੇ ਉਤੇ ਚਰਚਾ ਕਰਦੇ ਹੋਏ, ਕਹਿਣ ਲੱਗੇ, ਵਜ਼ੀਰ ਸਾਹਿਬ! ਜਿਥੇ ਤੁਸੀਂ ਰਾਜ-ਕਾਜ ਦੇ ਕੰਮਾਂ ਨੂੰ ਚੰਗੀ ਤਰ੍ਹਾਂ ਨੇਪਰੇ ਚਾੜ੍ਹਦੇ ਹੋਂ ਤੇ ਬਹੁਤ ਸੋਹਣੀ ਦਲੀਲ ਦਿੰਦੇ ਹੋਂ। ਬਹੁਤ ਵਾਰੀ ਐਸੀ ਦਲੀਲ ਦੇ ਦਿੰਦੇ ਹੋਂ ਕਿ ਜੰਗ 'ਚ ਉਲਝਦੇ-ਉਲਝਦੇ ਬਚ ਜਾਂਦੇ ਹੋਂ ਤੇ ਕੰਮ ਹੋ ਜਾਂਦਾ ਹੈ। ਬੜੇ ਸਿਆਣੇ ਹੋਂ, ਇਸੇ ਤਰ੍ਹਾਂ ਦੇ ਨਾਲ ਤੁਸੀਂ ਰੂਹਾਨੀ ਮਾਰਗ ਦੇ ਵਿਚ ਵੀ ਬੜੇ ਸਿਆਣੇ ਹੋਂ ਤੇ ਮੈਂ ਇਕ ਗੱਲ ਦਾ ਨਿਰਣਾ ਕਰਨਾ ਚਾਹੁੰਦਾ ਹਾਂ। ਜੋ ਮੇਰੇ ਮਨ ਵਿਚ ਸ਼ੰਕਾ ਬਣ ਕੇ ਆਈ ਹੋਈ ਹੈ। ਉਹ ਇਹ ਹੈ ਕਿ ਪੀਰ ਵੱਡਾ ਹੁੰਦੈ ਕਿ ਯਕੀਨ ਵੱਡਾ ਹੁੰਦੈ? ਭਰੋਸਾ ਵੱਡਾ ਹੁੰਦੈ ਕਿ ਗੁਰੂ ਵੱਡਾ ਹੁੰਦੈ? ਸ਼ਰਧਾ ਵੱਡੀ ਹੁੰਦੀ ਹੈ ਕਿ ਗੁਰੂ ਵੱਡਾ ਹੁੰਦੈ?

ਵਜ਼ੀਰ ਕਹਿਣ ਲੱਗਿਆ, ਮਹਾਰਾਜ! ਦੋਹਾਂ ਚੀਜ਼ਾਂ ਦੀ ਬੜੀ ਜ਼ਰੂਰਤ ਹੈ। ਦੋਵੇਂ ਚੀਜ਼ਾਂ ਹੋਣ, ਤਾਂ ਗੱਲ ਬਣਿਆ ਕਰਦੀ ਹੈ।

ਕਹਿਣ ਲੱਗਿਆ, ਨਹੀਂ ਵਜ਼ੀਰ ਸਾਹਿਬ! ਮੇਰਾ ਇਹ ਮਤਲਬ ਨਹੀਂ ਹੈ ਕਿ ਮੈਂ ਦੋ ਜਵਾਬ ਚਾਹੁੰਦਾ ਹਾਂ। ਮੈਂ ਤਾਂ ਇਕ ਜਵਾਬ ਚਾਹੁੰਦਾ ਹਾਂ। ਮੈਨੂੰ ਇਨ੍ਹਾਂ ਦੋਹਾਂ 'ਚੋਂ ਨਿਰਣਾ ਕਰਕੇ ਦਸੋ ਕਿ ਪੀਰ ਵੱਡਾ ਹੈ ਕਿ ਭਰੋਸਾ ਵੱਡਾ ਹੈ। ਜਦੋਂ ਬਾਰ-ਬਾਰ ਇਹ ਗੱਲ ਕਹੀ ਉਹ ਕਹਿਣ ਲੱਗੇ, ਰਾਜਨ! ਵੱਡੀ ਚੀਜ਼ ਭਰੋਸਾ ਹੋਇਆ ਕਰਦੈ। ਪੀਰ ਭਾਵੇਂ ਪੂਰਾ ਹੋਵੇ ਜੇ ਭਰੋਸਾ ਨਹੀਂ ਹੈ, ਤਾਂ ਕਦੇ ਵੀ ਗੱਲ ਨਹੀਂ ਬਣਿਆ ਕਰਦੀ। ਕਿੱਡਾ ਹੀ ਵੱਡਾ ਪੀਰ ਕਿਉਂ ਨਾ ਹੋਵੇ। ਜਦੋਂ ਇਸ ਗੱਲ ਦੇ ਉਤੇ ਨਿਗ੍ਹਾ ਮਾਰਦੇ ਹਾਂ ਤਾਂ ਮੁੱਢ ਤੋਂ ਲੈ ਕੇ, ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਇਤਿਹਾਸ ਤੋਂ ਜੇ ਅਸੀਂ ਚੱਲੀਏ, ਗੁਰਸਿੱਖਾਂ ਦੇ ਜੀਵਨ ਨੂੰ ਵਿਚਾਰਦੇ ਹਾਂ ਤਾਂ ਪਤਾ ਲਗਦੈ ਕਿ ਭਰੋਸਾ ਵੱਡੀ ਚੀਜ਼ ਹੈ। ਪੀਰ ਵੱਡਾ ਹੋਵੇ, ਤਾਂ ਬਹੁਤ ਵੱਡੀ ਬਾਤ ਹੈ। ਜੇ ਭਰੋਸਾ ਪੂਰਾ ਹੋਵੇ, ਤਾਂ ਗੱਲ ਬਣਦੀ ਹੈ। ਜੇ ਭਰੋਸਾ ਪੂਰਾ ਨਾ ਹੋਵੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਐਸਾ ਫੁਰਮਾਨ ਕਰਦੇ ਨੇ ਕਿ ਗੁਰੂ ਕੀ ਕਰੇ ਜੇ ਸਿੱਖ ਦੇ ਵਿਚ ਭਰੋਸਾ ਹੀ ਨਹੀਂ ਹੈ, ਯਕੀਨ ਹੀ ਨਹੀਂ ਹੈ। ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਿਐ ਆਪ ਨੇ -

*ਧਾਰਨਾ - ਕਬੀਰ ਸਾਚਾ ਸਤਿਗੁਰ ਕਿਆ ਕਰੈ,*
*ਜਾ ਸਿੱਖਾਂ ਮਹਿ ਚੂਕ।*

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥*
*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*
*ਅੰਗ - ੧੩੭੨*

ਜਿਵੇਂ ਬਾਂਸ ਦੇ ਵਿਚ ਫੂਕ ਮਾਰੀਏ ਸਾਰ-ਪਾਰ ਨਿਕਲ ਜਾਂਦੀ ਹੈ, ਬੰਸਰੀ 'ਚ ਮਾਰੀਏ ਤਾਂ ਉਸ ਵੇਲੇ ਸੁਰੀਲੀ ਅਵਾਜ਼ ਨਿਕਲਦੀ ਹੈ। ਇਸੇ ਤਰ੍ਹਾਂ ਜੇ ਭਰੋਸਾ ਨਹੀਂ ਹੈ ਹਿਰਦੇ ਦੇ ਅੰਦਰ, ਤਾਂ ਮਹਾਂਪੁਰਸ਼ ਇਹ ਗੱਲ ਕਹਿੰਦੇ ਨੇ ਕਿ ਭਾਵੇਂ ਸਤਿਗੁਰੂ ਪੂਰਾ ਹੋਵੇ, ਸਮਰੱਥ ਹੋਵੇ ਜੇ ਸਿੱਖ ਦੇ ਵਿਚ ਤਰਕ ਚਲਦੀ ਹੈ ਤਾਂ ਉਹ ਤਰਿਆ ਨਹੀਂ ਕਰਦਾ। ਮਰਨਾ ਪੈਂਦੈ। ਇਸੇ ਕਰਕੇ ਇਕ ਸੁਰ ਹੋਣ ਵਾਸਤੇ ਮਹਾਰਾਜ ਕਹਿੰਦੇ ਨੇ ਕਿ ਤੈਨੂੰ ਮਰਨਾ ਕਬੂਲਣਾ ਪਵੇਗਾ। ਤੇਰੀ ਆਪਣੀ ਜਿਹੜੀ ਅਕਲ ਹੈ, ਆਪਣਾ ਜਿਹੜਾ ਮਾਣ ਹੈ, ਇਹ ਖਤਮ ਕਰਨਾ ਪਵੇਗਾ। ਜੇ ਅਸੀਂ ਵਿਚਾਰ ਕਰੀਏ, 27 ਸਾਲ ਲੰਮਾ ਅਰਸਾ, ਗੁਰੂ ਦਸਵੇਂ ਪਾਤਸ਼ਾਹ ਦੇ ਬਿਲਕੁਲ ਨਿਕਟਵਰਤੀ ਜਿਹੜਾ ਪ੍ਰਸ਼ਾਦੇ ਦੀ ਸੇਵਾ ਕਰਦਾ ਸੀ, ਲੰਗਰ ਦੇ ਵਿਚ। ਜਿਸ ਦਾ ਨਾਮ ਗੰਗੂ ਸੀਗਾ, ਖੇੜੀ ਦਾ। 27 ਸਾਲ ਗੁਰੂ ਦਸਮੇਸ਼ ਪਿਤਾ ਦੇ ਨਾਲ ਰਿਹਾ। ਚੂਕ ਕਿੱਡੀ ਵੱਡੀ ਸੀ। ਜਿਸਨੂੰ ਇਤਿਹਾਸ ਮਾਫ ਹੀ ਨਹੀਂ ਕਰ ਸਕਦਾ ਕਿ ਐਡਾ ਨਿਕੰਮਾ ਬੰਦਾ, ਕੁਛ ਪੈਸਿਆਂ ਦੇ ਵਾਸਤੇ? ਗੁਰੂ ਦੇ ਘਰ ਵਿਚ ਰਹਿ ਕੇ ਇਹ ਨਹੀਂ ਸਮਝਿਆ ਕਿ ਪੈਸਿਆਂ ਨੇ ਤਾਂ ਨਾਲ ਨਹੀਂ ਜਾਣਾ, ਨਾਲ ਤਾਂ ਜਾਣਾ ਹੈ ਸੁੱਚੀ ਕਮਾਈ ਨੇ, ਨਾਮ ਨੇ, ਸ਼ੁਭ ਕਰਨੀ ਨੇ। 27 ਸਾਲਾਂ 'ਚ ਉਹ ਇਹ ਗੱਲ ਨਹੀਂ ਸਮਝ ਸਕਿਆ ਤੇ ਕਿੱਡਾ ਵੱਡਾ ਪਾਪ ਕੀਤਾ ਜਿਹਨੂੰ ਕਦੇ ਇਤਿਹਾਸ ਮਾਫ ਨਹੀਂ ਕਰ ਸਕਦਾ। ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਾਉਣ ਦਾ ਦੋਸ਼ੀ, ਇਹ ਗੰਗੂ ਦੀ ਰੁਚੀ ਸੀ। ਉਹ ਰੁਚੀ ਨਾ ਬਦਲ ਸਕੀ ਉਸ ਦੀ, ਗੁਰੂ ਦਸਵੇਂ ਪਾਤਸ਼ਾਹ ਦੇ ਪਾਸ ਰਹਿ ਕੇ ਵੀ।

ਇਸੇ ਤਰ੍ਹਾਂ ਮਸੰਦ ਸੀ, ਬਹੁਤ ਸਾਰੇ। ਸੀਹਾਂ ਮਸੰਦ ਸੀ। ਗੁਰੂ ਸਾਹਿਬਾਨ ਦੇ ਕੋਲ ਰਿਹਾ ਲੇਕਿਨ ਗੁਰੂ ਨੌਵੇਂ ਪਾਤਸ਼ਾਹ ਜਦੋਂ ਆਏ ਬਾਬੇ ਬਕਾਲੇ ਸਨ। ਉਸ ਵੇਲੇ ਗੁਰੂ ਨੌਵੇਂ ਪਾਤਸ਼ਾਹ ਮਹਾਰਾਜ ਦੇ ਮੱਥੇ ਵਿਚ ਗੋਲੀ ਮਾਰੀ ਉਸ ਨੇ। ਕਿੱਡਾ ਵੱਡਾ ਸਿੱਖ ਕਹਾਉਂਦਾ ਸੀ ਆਪਣੇ ਆਪ ਨੂੰ। ਕਿੰਨਾਂ ਚਿਰ ਗੁਰੂ ਸਾਹਿਬਾਨ ਦੇ ਕੋਲ ਰਿਹਾ। ਲੇਕਿਨ ਅਸਰ ਨਹੀਂ ਉਹਨਾਂ 'ਤੇ ਹੋਇਆ। ਭੌਰਾ ਜਿਹੜਾ ਹੈ ਉਹ ਦੂਰ ਤੋਂ ਆਉਂਦਾ ਹੈ ਉੱਡ ਕੇ, ਕਮਲ ਦਾ ਫੁੱਲ ਪਾਣੀ ਵਿਚ ਹੁੰਦੈ ਤੇ ਉਹਦੀ ਸੁਗੰਧੀ ਲੈ ਜਾਂਦਾ ਹੈ ਉਹ। ਲੇਕਿਨ ਡੱਡੂ ਜਿਹੜਾ ਹੈ ਉਹ ਕੋਲ ਰਹਿੰਦਾ ਹੈ,

ਉਹ ਉਹਦੀਆਂ ਜੜ੍ਹਾਂ ਦੇ ਵਿਚੋਂ ਚਿੱਕੜ ਕੱਢ ਕੇ ਖਾਂਦੈ। ਸੋ ਇਹ ਕੀ ਪਤਾ ਹੈ, ਇਥੇ ਹੀ ਆ ਕੇ ਮਹਾਂਪੁਰਸ਼ ਬੇਵਸ ਹੋ ਕੇ ਕਹਿੰਦੇ ਨੇ -

*ਫਰੀਦਾ ਕੂਕੇਦਿਆ ਚਾਂਗੇਦਿਆ ਮਤੀ ਦੇਦਿਆ ਨਿਤ ॥*
*ਜੋ ਸੈਤਾਨਿ ਵੰਞਾਇਆ ਸੇ ਕਿਤ ਫੇਰਹਿ ਚਿਤ ॥*
*ਅੰਗ - ੧੩੭੨*

ਕਿਉਂਕਿ ਆਪ ਦਾ ਅਕੀਦਾ ਸੀ ਕਿ ਐਸੀ ਸ਼ਕਤੀ ਹੈ ਸੰਸਾਰ ਦੇ ਅੰਦਰ, ਜਿਹੜੀ ਆਦਮੀਆਂ ਨੂੰ ਭਜਨ ਵਲ ਨਹੀਂ ਲੱਗਣ ਦਿੰਦੀ। ਉਹ ਸ਼ਕਤੀ ਜਿਹੜੀ ਹੈ ਆਦਮੀ ਦੇ ਅੰਦਰ ਕੋਈ ਉਸ ਨੂੰ ਮਨਮੁਖਤਾਈ ਕਹਿੰਦੈ, ਕੋਈ ਮਨ ਕਹਿੰਦੈ, ਕੋਈ ਸ਼ੈਤਾਨ ਕਹਿੰਦੈ ਬਈ ਉਹ ਉਲਟੇ ਰਸਤੇ ਜਿਹੜਾ ਪਾ ਦੇਵੇ ਉਹ ਚਿੱਤ ਨਹੀਂ ਫੇਰਦਾ। ਗੁਰੂ ਕੀ ਕਰ ਸਕਦੈ ਜੇ ਸਿੱਖ ਵਿਚ ਹੀ ਚੂਕ ਹੋਵੇ। ਜੇ ਕਹੋ ਕੌਡੇ ਰਾਖਸ਼ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਕ ਦਮ ਤਾਰਿਆ। ਕੌਡਾ ਰਾਖਸ਼ ਜਦੋਂ ਮਰਦਾਨੇ ਨੂੰ ਖਾਣ ਲਗਦੈ, ਉਹ ਪਖੰਡੀ ਨਹੀਂ ਸੀਗਾ। ਬਿਲਕੁਲ ਸਹੀ ਬੰਦਾ ਸੀ। ਆਦਮ-ਖੋਰ ਸੀ, ਆਦਮੀ ਖਾਂਦਾ ਸੀ। ਉਹਨੂੰ ਕੋਈ ਬੰਦਾ ਐਸਾ ਨਹੀਂ ਸੀ ਲੱਭਿਆ ਜਿਹਦੇ ਉਪਰ ਉਹ ਵਿਸ਼ਵਾਸ਼ ਕਰ ਲਵੇ। ਜਦੋਂ ਉਬਲਦਾ ਕੜਾਹਾ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਨਿਗ੍ਹਾ ਪੈਣ ਦੇ ਨਾਲ ਠੰਢਾ ਹੋ ਗਿਆ ਤੇ ਖਦ-ਖਦ ਕਰਦਾ ਉਹ ਉਛਾਲੇ ਖਾਂਦੈ, ਉਸ ਵੇਲੇ ਮਰਦਾਨੇ ਨੂੰ ਵਿਚ ਸੁੱਟਣ ਲਗਦੈ ਕਿ ਹੁਣ ਇਹ ਤਲਿਆ ਜਾਵੇਗਾ। ਲੇਕਿਨ ਜਦੋਂ ਉਹਦੇ ਵਿਚ ਸੁੱਟਦੈ, ਕੁਛ ਵੀ ਨਹੀਂ ਹੁੰਦਾ, ਜਿਵੇਂ ਠੰਢਾ ਪਾਣੀ ਬਰਫ ਦਾ ਹੁੰਦੈ, ਕੜਾਹਾ ਇਸ ਤਰ੍ਹਾਂ ਹੋਇਆ ਪਿਐ। ਉਸ ਵੇਲੇ ਆਲਾ-ਦੁਆਲਾ ਦੇਖਿਆ ਕਿ ਕੀ ਹੋਇਆ? ਸਾਮ੍ਹਣੇ ਦੇਖਿਆ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਖੜ੍ਹੇ ਨੇ। ਹੈਰਾਨ ਹੋ ਗਿਆ ਕਿ ਇਹਦੇ ਆਉਣ ਦੇ ਨਾਲ ਹੀ ਕੜਾਹਾ ਠੰਢਾ ਹੋ ਗਿਆ। ਉਸ ਵੇਲੇ ਨੇਤਰਾਂ ਦੇ ਦਰਸ਼ਨ ਕੀਤੇ ਦਿਲ ਨੇ ਕਾਂਪ ਖਾਧੀ। ਕਿਸੇ ਭੈ ਦੇ ਰੰਗ ਵਿਚ ਚਲਿਆ ਗਿਆ। ਇਹ ਨਿਰਣਾ ਕਰਨ ਵਾਸਤੇ ਨੱਠਿਆ ਗਿਆ, ਅੰਦਰੋਂ ਜਾ ਕੇ ਇਕ ਸ਼ੀਸ਼ਾ ਲੈ ਕੇ ਆਇਆ। ਉਹ ਦਰਪਣ ਲਿਆ ਕੇ ਉਹਦੇ ਵਿਚੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਣ ਲੱਗਿਆ ਤੇ ਜਦੋਂ ਦੇਖਦੈ ਤਾਂ ਨਿਰਾ ਨੂਰ ਹੀ ਨਜ਼ਰ ਆਉਂਦੈ। ਉਸ ਵੇਲੇ ਨਾਲ ਦੀ ਨਾਲ ਉਹਦੇ ਅੰਦਰ ਕੁਛ ਬਦਲਦਾ ਜਾਂਦੈ। ਸ਼ੀਸ਼ਾ ਰੱਖ ਦਿਤਾ, ਆ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਚਰਨ ਫੜ ਲਏ। ਕਹਿਣ ਲੱਗਿਆ ਕਿ ਤੁਸੀਂ ਆ ਗਏ, ਜਿਹਨਾਂ ਨੇ ਮੇਰੇ ਕੋਲ ਆ ਕੇ ਮੇਰੇ ਵਰਗੇ ਨੂੰ ਬਦਲਣਾ ਸੀ। ਉਹ ਤੁਸੀਂ ਹੀ ਹੋ, ਹੋਰ ਨਹੀਂ ਕੋਈ। 100% ਭਰੋਸਾ ਉਹਦੇ ਹਿਰਦੇ 'ਚ ਜਾਗ ਪਿਆ। ਬਾਅਦ 'ਚ ਮਰਦਾਨੇ ਨੇ ਪੁੱਛਿਆ ਕਿ ਤੂੰ ਸ਼ੀਸ਼ਾ ਕਿਉਂ ਲਿਆਇਆ ਸੀ? ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਕਿ ਇਹਨੂੰ ਦਸ ਕਿ ਸ਼ੀਸ਼ਾ ਕਿਉਂ ਲਿਆਇਆ ਸੀ?

ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਬੜਾ ਵਿਦਵਾਨ ਸੀ, ਮੈਨੂੰ ਵਿਦਿਆ ਦਾ ਬਹੁਤ ਅਭਿਮਾਨ ਹੋ ਗਿਆ ਸੀ ਤੇ ਮੈਂ ਆਪਣੇ ਗੁਰੂ ਨਾਲੋਂ ਵੀ ਜ਼ਿਆਦਾ ਵਿਦਿਆ ਪੜ੍ਹ ਲਈ। ਜਿਥੇ ਉਹਨਾਂ ਦਾ ਉਚਾਰਨ ਕਦੇ-ਕਦੇ ਅਸ਼ੁੱਧ ਹੋ ਜਾਂਦਾ ਸੀ, ਵਿਆਖਿਆ 'ਚ ਫਰਕ ਪੈਂਦਾ ਸੀ ਮੈਂ ਦਸ ਦਿੰਦਾ ਸੀ, ਤੇ ਮੇਰੇ ਮਨ ਵਿਚ ਐਨਾ ਅਭਿਮਾਨ ਹੋਇਆ ਕਿ ਜਦੋਂ ਮੇਰੇ ਗੁਰੂ ਆਏ, ਤਾਂ ਮੈਂ ਉਹਨਾਂ ਦੇ ਆਦਰ ਵਾਸਤੇ ਖੜ੍ਹਾ ਨਾ ਹੋਇਆ। ਨਾ ਖੜ੍ਹਾ ਹੋਣ ਕਰਕੇ, ਭਾਵੇਂ ਜੋ ਮਹਾਂਪੁਰਸ਼ ਹੁੰਦੇ ਨੇ ਉਹਨਾਂ ਨੂੰ ਕੋਈ ਲੋੜ ਨਹੀਂ ਹੁੰਦੀ ਕਿ ਕੋਈ ਉਹਨਾਂ ਦਾ ਆਦਰ ਕਰੇ ਜਾਂ ਨਿਰਾਦਰ ਕਰੇ। ਦੋਹਾਂ ਗੱਲਾਂ 'ਚ ਕੋਈ ਫਰਕ ਨਹੀਂ ਹੁੰਦਾ ਪਰ ਉਹਨਾਂ ਦੇ ਮਨ ਵਿਚ ਹੁੰਦੈ ਕਿ ਇਹਦਾ ਬੁਰਾ ਹੋ ਜਾਏਗਾ, ਇਹਨੂੰ ਪਤਾ ਨਹੀਂ, ਮੂਰਖ ਬੰਦਾ ਹੈ ਇਹ। ਜੇ ਸਾਧੂ ਦਾ ਨਿਰਾਦਰ ਕੀਤਾ ਜਾਵੇ ਤਾਂ ਇਹ ਦੋਸ਼ਾਂ ਦਾ ਭਾਗੀ ਬਣ ਕੇ ਨਰਕ ਨੂੰ ਜਾਂਦੈ। ਉਹਨੂੰ ਹਟਾਉਣ ਵਾਸਤੇ, ਉਹਦੇ ਭਲੇ ਵਾਸਤੇ ਤਾਂ ਕਹਿ ਦੇਣ ਕਿ ਇਹ ਠੀਕ ਨਹੀਂ ਹੈ ਲੇਕਿਨ ਉਹਨਾਂ ਨੂੰ ਕੋਈ ਲੇਪ ਨਹੀਂ ਹੋਇਆ ਕਰਦਾ।

ਸੋ ਜਦੋਂ ਮਹਾਂਪੁਰਸ਼ਾਂ ਨੇ ਦੇਖਿਆ ਕਿ ਇਹ ਖੜ੍ਹਾ ਨਹੀਂ ਹੋਇਆ ਸਾਡੇ ਆਉਣ 'ਤੇ, ਆਦਰ ਵੀ ਨਹੀਂ ਕਰਿਆ ਇਸ ਨੇ। ਉਸ ਵੇਲੇ ਆ ਦੇ ਮੁੱਖ ਤੋਂ ਨਿਕਲਿਆ ਕਿ ਤੂੰ ਤਾਂ ਰਾਖਸ਼ਸ਼ ਹੈਂ। ਤੂੰ ਮੇਰਾ ਵਿਦਿਆਰਥੀ ਨਹੀਂ ਹੈ, ਸ਼ਿਸ਼ ਨਹੀਂ ਹੈਂ, ਤੂੰ ਤਾਂ ਰਾਖਸ਼ਸ਼ ਹੈਂ, ਤੇਰੇ ਅੰਦਰ ਅਭਿਮਾਨ ਸਵਾਰ ਹੋਇਆ-ਹੋਇਆ ਹੈ। ਉਸੇ ਵੇਲੇ ਬੁੱਧੀ ਪਲਟਣੀ ਸ਼ੁਰੂ ਹੋ ਗਈ। ਬਚਨ ਦਾ ਜ਼ੋਰ ਸੀ। ਸੰਭਾਲ ਲਿਆ ਇਸ ਨੇ ਕਹਿਣ ਲੱਗਿਆ, ਮਹਾਰਾਜ! ਮੇਰੀ ਬੁੱਧੀ ਹੁਣ ਰਾਖਸ਼ਸ਼ਾਂ ਵਾਲੀ ਹੋ ਜਾਏਗੀ। ਉਹ ਆਦਮੀ ਖਾਂਦੇ ਨੇ ਮੈਂ ਵੀ ਆਦਮੀ ਖਾਣਾ ਸ਼ੁਰੂ ਕਰ ਦੇਵਾਂਗਾ ਤੇ ਮੇਰਾ ਕਲਿਆਣ ਵੀ ਕਿਤੇ ਹੋਏਗਾ?

ਕਹਿਣ ਲੱਗੇ, ਹਾਂ, ਚੰਗੀ ਗੱਲ ਤੂੰ ਕਰ ਲਈ। ਕਿਉਂਕਿ ਗੁਰੂ ਦਿਆਲੂ ਹੋਇਆ ਕਰਦੈ। ਔਗੁਣਾਂ ਨੂੰ ਬਹੁਤ ਘੱਟ ਚਿਤਾਰਦੈ ਗੁਰੂ। ਸਿੱਖ ਟੁੱਟ ਜਾਂਦੈ,

ਗੁਰੂ ਕਦੇ ਵੀ ਸਿੱਖ ਨਾਲੋਂ ਨਹੀਂ ਟੁੱਟਿਆ ਕਰਦਾ, ਜਿਹਨੂੰ ਆਪਣਾ ਬਣਾ ਲਵੇ, ਫੇਰ ਬਾਹਾਂ ਖੋਲ੍ਹ ਕੇ ਰਖਦੈ। ਪੁਰਾਣੇ ਸਿੰਘ ਕਿਹਾ ਕਰਦੇ ਸੀ ਕਿ ਗੁਰੂ ਦਸਵੇਂ ਪਾਤਸ਼ਾਹ 60 ਸਾਲ ਦੀ ਉਮਰ ਤਕ ਹਜ਼ੂਰ ਸਾਹਿਬ ਇੰਤਜ਼ਾਰ ਕਰਦੇ ਨੇ। ਭਾਵੇਂ ਇਹਦਾ ਮਤਲਬ ਕੁਛ ਹੋਰ ਸੀ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤਾਂ ਕਹਿੰਦੇ ਨੇ ਕਿ ਆਖਰੀ ਦਮ ਤਕ ਇੰਤਜ਼ਾਰ ਹੁੰਦੈ। ਜਿਹੜਾ ਪਿਛਲਾ ਸਵਾਸ ਵੀ ਜਾਂਦੈ ਉਸ ਵੇਲੇ ਵੀ ਇੰਤਜ਼ਾਰ ਕੀਤਾ ਜਾਂਦੈ ਕਿ ਸ਼ਾਇਦ ਇਸ ਨੂੰ ਆਖਰੀ ਸਵਾਸ ਦੇ ਵਿਚ ਹੀ ਧਿਆਨ ਆ ਜਾਵੇ। ਅਜਾਮਲ ਨੂੰ ਆਖਰੀ ਸਵਾਸ 'ਤੇ ਧਿਆਨ ਆਇਆ ਸੀ –

*ਅਜਾਮਲ ਕਉ ਅੰਤ ਕਾਲ ਮਹਿ ਨਾਰਾਇਨ ਸੁਧਿ ਆਈ ॥*
*ਜਾਂ ਗਤਿ ਕਉ ਜੋਗੀਸੁਰ ਬਾਛਤ*
*ਸੋ ਗਤਿ ਛਿਨ ਮਹਿ ਪਾਈ ॥* *ਅੰਗ – ੯੦੨*

ਉਹ ਗਤੀ ਛਿਨ ਦੇ ਵਿਚ ਪ੍ਰਾਪਤ ਹੋ ਗਈ ਸੀ, ਜਿਹਨੂੰ ਵੱਡੇ-ਵੱਡੇ ਜੋਗੀਸਰ, ਵੱਡੀਆਂ-ਵੱਡੀਆਂ ਸਾਧਨਾਂ, ਤਪੱਸਿਆ ਕਰਨ ਤੋਂ ਬਾਅਦ ਪ੍ਰਾਪਤ ਕਰਨ ਦੀ ਲੋਚਾ ਰਖਦੇ ਨੇ। ਇਕੋ ਸਵਾਸ ਸੀਗਾ –

*ਮੇਰੇ ਠਾਕੁਰ ਕੈ ਮਨਿ ਭਾਇ ਭਾਵਨੀ*
*ਜਮਕੰਕਰ ਮਾਰਿ ਬਿਦਾਰੇ ॥* *ਅੰਗ – ੯੮੧*

ਉਹ ਇਕੋ ਸਵਾਸ ਦੀ ਭਾਵਨੀ ਪ੍ਰਭੂ ਨੂੰ ਪ੍ਰਸੰਨ ਕਰ ਗਈ। ਗੁਰੂ ਨਹੀਂ ਦਰਵਾਜ਼ਾ ਬੰਦ ਕਰਿਆ ਕਰਦਾ, ਸਿੱਖ ਪਿੱਠ ਕਰਿਆ ਕਰਦੈ।

ਸੋ ਉਸ ਵੇਲੇ ਕਹਿਣ ਲੱਗੇ, ਭਾਈ ਗੁਰਮੁਖਾ! ਤੇਰੀ ਬੁੱਧੀ ਤਾਂ ਹੁਣ ਭ੍ਰਿਸ਼ਟ ਹੋ ਜਾਣੀ ਹੈ। ਰਾਖਸ਼ਸ਼ਾਂ ਵਾਲੇ ਕੰਮ ਕਰਨੇ ਨੇ, ਜਾਨਵਰ ਫੜ-ਫੜ ਕੇ ਖਾਵੇਂਗਾ, ਮਨੁੱਖ ਫੜ-ਫੜ ਕੇ ਖਾਵੇਂਗਾ। ਪਰ ਅਸੀਂ ਤੈਨੂੰ ਸ਼ੀਸ਼ਾ ਦਿੰਦੇ ਹਾਂ ਇਹਦੇ ਵਿਚ ਦੇਖ ਕੇ ਖਾਈਂ। ਜੇ ਤਾਂ ਤੈਨੂੰ ਕੋਈ ਮਨੁੱਖ ਦੇ ਰੂਪ ਵਿਚ ਨਜ਼ਰ ਆਇਆ, ਉਹਨੂੰ ਨਾ ਖਾਈਂ। ਜੇ ਤੈਨੂੰ ਪਸ਼ੂ-ਪੰਛੀ, ਜਾਨਵਰ ਨਜ਼ਰ ਆਉਂਦੇ ਨੇ ਤਾਂ ਖਾਈਂ।

ਕਹਿਣ ਲੱਗਿਆ, ਭਾਈ ਮਰਦਾਨਾ! ਖਾਣ ਤੋਂ ਪਹਿਲਾਂ ਮੈਂ ਸ਼ੀਸ਼ੇ ਵਿਚ ਦੇਖਦਾ ਸੀ। ਤੈਨੂੰ ਵੀ ਦੇਖਿਆ, ਜਵਾਬ ਦੇ ਕੇ ਤੁਰਿਆ ਸੀ ਕਿ ਮੈਂ ਨਹੀਂ ਅਗਾਂਹਾਂ ਜਾਂਦਾ, ਮੇਰਾ ਤੁਹਾਡਾ ਸਾਥ ਬੱਸ। ਤੇਰੀ ਜਿਹੜੀ ਪ੍ਰਵਿਰਤੀ ਸੀ ਉਹ ਮਨੁੱਖਾਂ ਵਾਲੀ ਨਾ ਹੋਣ ਕਰਕੇ, ਤੂੰ ਖਾਣ ਯੋਗ ਵਸਤੂ ਬਣ ਗਿਆ। ਇਸ ਕਰਕੇ ਮੈਂ ਤੈਨੂੰ ਖਾਣਾ ਚਾਹੁੰਦਾ ਸੀ ਤੇ ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਆਏ ਨੇ ਤਾਂ ਇਹ ਨਿਰਾ ਨੂਰ ਹੀ ਨੂਰ ਦਿਸੇ ਨੇ। ਮੇਰੇ ਗੁਰੂ ਨੇ ਕਿਹਾ ਸੀ ਕਿ ਜਿਸ ਦਿਨ ਇਸ ਪ੍ਰਤਾਪ ਦੇ ਤੇਰੇ ਕੋਲ ਮਹਾਂਪੁਰਸ਼ ਆਉਣਗੇ, ਓਦਣ ਤੇਰਾ ਉਹ ਉਧਾਰ ਕਰਨਗੇ। ਸੋ ਅੱਜ ਉਹ ਆ ਗਏ। ਇਸ ਕਰਕੇ ਇਕੋ ਮਿਲਣੀ ਹੋਈ ਹੈ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ, ਨਾ ਗਿਆਨ ਦਿਤਾ, ਨਾ ਕੁਛ ਹੋਰ ਦਿਤਾ। ਕਿਉਂਕਿ ਭਾਈ ਕੌਡੇ ਦੇ ਵਿਚ ਵਿਸ਼ਵਾਸ਼ ਪੈਦਾ ਹੋ ਗਿਆ। ਕੌਡਾ ਗੁਰੂ ਹੋ ਕੇ ਨਿਬੜਿਆ। ਉਹ ਕੌਮ ਹੁਣ ਤਕ ਉਹਨੂੰ ਗੁਰੂ ਕੌਡਾ ਕਹਿੰਦੀ ਹੈ।

ਸੋ ਸੱਜਣ ਦੇ ਨਾਲ ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਵਾਸਤਾ ਪਿਆ ਹੈ ਤੇ ਉਹ ਮਾਰਨ ਦਾ ਯਤਨ ਕਰਦੈ, ਵਿਉਂਤਾਂ ਬਣਾਈ ਜਾਂਦੈ, ਆਖਰੀ ਦਮ ਤਾਈਂ। ਲੇਕਿਨ ਜਦੋਂ ਉਹਦੇ ਕੰਨ ਵਿਚ ਸ਼ਬਦ ਪੈਂਦੈ –

*ਉਜਲੁ ਕੈਹਾ ਚਿਲਕਣਾ ਘੋਟਿਮ ਕਾਲੜੀ ਮਸੁ ॥*
*ਧੋਤਿਆ ਜੂਠਿ ਨ ਉਤਰੈ ਜੇ ਸਉ ਧੋਵਾ ਤਿਸੁ ॥ ੧ ॥*
*ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨ੍ਹਿ ॥*
*ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ ॥* *ਅੰਗ – ੭੨੯*

ਜਿਉਂ ਉਹ ਸ਼ਬਦ ਸੁਣਦੈ, ਉਹਦੇ ਅੰਦਰ ਭਰੋਸਾ ਬੱਝਦਾ ਜਾਂਦੈ। ਇਕ ਹੜ੍ਹ ਆ ਗਿਆ ਭਰੋਸੇ ਦਾ ਕਿ ਸੱਜਣਾ! ਸਾਰੇ ਹੀ ਠੱਗੀ ਠੋਰੀ ਨਹੀਂ ਹੈ। ਸੱਚ ਵੀ ਹੈ ਕਿਸੇ ਥਾਂ ਦੇ ਉਤੇ। ਜੇ ਸੱਚ ਹੈ ਤਾਂ ਆਹੀ ਸੱਚ ਹੈ ਨਿਰਾ ਸੱਚ ਦਾ ਵਜੂਦ ਆ ਗਿਆ ਮੇਰੇ ਕੋਲ। ਉਸ ਵੇਲੇ ਸੱਜਣ ਰੋ-ਰੋ ਕੇ, ਚੀਕਾਂ ਮਾਰ-ਮਾਰ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨਾਂ 'ਤੇ ਢਹਿ ਪੈਂਦੈ। ਕਹਿਣ ਲੱਗਿਆ, ਹੇ ਨਾਨਕ! ਫਜ਼ਲ ਕਰ! ਫਜ਼ਲ ਕਰ! ਰਹਿਮ ਕਰ ਮੇਰੇ ਉਤੇ। ਮੇਰੇ 'ਤੇ ਰਹਿਮ ਕਰਨ ਤੋਂ ਪਹਿਲਾਂ ਮੇਰੇ ਪਾਪ ਜ਼ਰੂਰ ਦੇਖ ਲਈਂ ਕਿਉਂਕਿ ਮੈਂ ਛੋਟਾ-ਮੋਟਾ ਪਾਪੀ ਨਹੀਂ। ਮੇਰੇ ਨਾਲ ਦਾ ਤਾਂ ਸ਼ਾਇਦ ਹੀ ਕੋਈ ਪਾਪੀ ਹੋਵੇ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਭੋਰੇ ਵਿਚ ਲੈ ਜਾਂਦੈ। ਮਸ਼ਾਲ ਹੱਥ ਵਿਚ ਫੜੀ ਹੋਈ ਹੈ। ਮਰਦਾਨਾ ਥੋੜ੍ਹਾ ਘਬਰਾਉਂਦਾ ਹੇ ਕਿ ਪਾਤਸ਼ਾਹ ਕਿਤੇ ਅੰਦਰ ਲਿਜਾ ਕੇ ਮਾਰ ਨਾ ਦੇਵੇ। ਕਹਿੰਦੇ, ਮਰਦਾਨਿਆਂ! ਉਹ ਸੱਜਣ ਮਰ ਚੁੱਕਿਐ, ਜਿਹਨੇ ਮਾਰਨ ਦੀਆਂ ਵਿਉਂਤਾਂ ਕਰੀਆਂ ਸੀ। ਹੁਣ ਤਾਂ ਸੱਚਮੁੱਚ ਦਾ ਸੱਜਣ ਇਹਦੇ ਵਿਚ ਪ੍ਰਵੇਸ਼ ਕਰ ਗਿਆ। ਅੰਦਰ ਜਾ ਕੇ ਦੇਖਦੇ ਨੇ ਪਿੰਜਰਾਂ ਦੇ ਢੇਰ ਲੱਗੇ ਪਏ ਨੇ ਤੇ ਬਖਸ਼ਣ ਵਾਲਾ ਉਸੇ ਵੇਲੇ ਬਖਸ਼ ਦਿੰਦੈ।

ਕਹਿੰਦੇ, ਸੱਜਣਾਂ! ਕੀ ਚਾਹੁੰਦੈਂ?

ਕਹਿੰਦਾ, ਮੇਰੇ ਗੁਨਾਹ ਮਾਫ ਹੋ ਜਾਣ। ਤੁਹਾਡੇ ਤੋਂ ਬਗੈਰ ਕੋਈ ਨਹੀਂ ਸੰਸਾਰ ਦੇ ਅੰਦਰ ਜਿਹੜਾ

ਮੇਰੇ ਵਰਗੇ ਪਾਪੀ ਨੂੰ ਬਖਸ਼ ਦੇਵੇ। ਸ੍ਰੀ ਗੁਰੂ ਨਾਨਕ ਪਾਤਸ਼ਾਹ ਕਹਿਣ ਲੱਗੇ ਕਿ ਜੇ ਬਖਸ਼ਿਸ਼ ਚਾਹੁੰਦਾ ਹੈਂ ਤਾਂ ਢਾਹ ਦੇ ਇਹ ਹਵੇਲੀਆਂ। ਘਰ ਵੰਡ ਦੇ ਕਿਹੜਾ-ਕਿਹੜਾ ਯਾਦ ਹੈ, ਉਹਨਾਂ ਦੇ ਘਰ ਵੰਡ ਦੇ। ਜੋ ਨਹੀਂ ਯਾਦ ਉਹ ਗਰੀਬਾਂ ਦੇ ਵਿਚ ਵੰਡ ਦੇ, ਲੋੜਵੰਦਾਂ ਦੇ ਵਿਚ ਵੰਡ ਦੇ; ਫੇਰ ਮੈਂ ਤੇਰੇ ਨਾਲ ਗੱਲ ਕਰੂੰ।

ਸੈਂਕੜਿਆਂ ਦੀ ਤਦਾਦ ਦੇ ਵਿਚ ਮਜ਼ਦੂਰ ਲਾ ਲੈਂਦੈ। ਇੱਕੋ ਦਿਨ ਦੇ ਵਿਚ ਇੱਟਾਂ ਚੁੱਕ ਦਿੰਦੈ, ਹਵੇਲੀ ਦੀਆਂ। ਖੰਡਰ ਬਣਾ ਕੇ ਸਾਫ ਕਰ ਦਿੰਦੈ ਥਾਉਂ। ਕਹਿ ਦਿੰਦੈ, ਲੁੱਟ ਲਓ ਇਹ ਸਾਰੀਆਂ ਇੱਟਾਂ। ਕੋਈ ਚੀਜ਼ ਨਾ ਛੱਡੋ, ਕੋਈ ਦਰਵਾਜ਼ਾ ਨਾ ਛੱਡੋ। ਝੌਂਪੜੀ ਬਣ ਜਾਂਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਨਿਵਾਸ ਕਰਾ ਦਿਤਾ ਜਾਂਦੈ। ਪੈਸੇ ਵੰਡ ਦਿੰਦੈ। ਹੁਣ ਸੱਜਣ ਸੱਚਮੁੱਚ ਦਾ ਸੱਜਣ ਬਣ ਗਿਆ ਤੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਮਿਹਰ ਕਰ ਰਹੇ ਨੇ। ਮਿਹਰ ਕਰਨ ਤੋਂ ਬਾਅਦ ਕਹਿਣ ਲੱਗੇ, ਸੱਜਣਾ! ਇਕ ਮੰਜੀ ਲੈ ਕੇ ਆ, ਮੰਜੀ ਲਿਆਂਦੀ, ਕਹਿੰਦੇ, ਵਿਛਾ ਲੈ ਇਹਨੂੰ। ਵਿਛਾ ਲਈ। ਮੋਢੇ ਤੋਂ ਫੜਿਆ, ਕਹਿੰਦੇ, ਆਹ ਮੰਜੀ 'ਤੇ ਬਹਿ ਜਾ ਤੂੰ। ਦੇਖ, ਅੱਜ ਤੋਂ ਬਾਅਦ ਆਹ ਜਿਹੜਾ ਅਨੰਦ ਤੇਰੇ ਅੰਦਰ ਆਇਆ ਹੈ ਇਹਨੂੰ ਵੰਡਣੈ। ਇਹਨੂੰ ਜਦੋਂ ਵੰਡੇਂਗਾ, ਸੰਸਾਰ ਸੁਖੀ ਹੋਏਗਾ। ਦਰਜਾ ਕਿੱਡਾ ਦਸਦੇ ਨੇ ਮਹਾਰਾਜ -

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥* *ਅੰਗ - ੩੦੬*

ਜਿਹੜਾ ਆਪ ਨਾਮ ਜਪਦੈ ਤੇ ਦੂਜਿਆਂ ਨੂੰ ਜਪਾਉਂਦਾ ਹੈ। ਮਹਾਰਾਜ ਕਹਿੰਦੇ, ਉਹਨੂੰ 'ਸਤਿ ਸ੍ਰੀ ਅਕਾਲ' ਤਾਂ ਇਕ ਪਾਸੇ ਰਹੀ, ਉਹਦਾ ਆਦਰ ਸਤਿਕਾਰ ਤਾਂ ਕਰਨਾ ਇਕ ਪਾਸੇ ਰਿਹਾ, ਅਸੀਂ ਤਾਂ ਅਕਾਲ ਪੁਰਖ ਕੋਲ ਅਰਦਾਸ ਕਰਦੇ ਹਾਂ -

*ਦਾਨੁ ਮਹਿੰਡਾ ਤਲੀ ਖਾਕੁ ਜੇ ਮਿਲੈ ਤ ਮਸਤਕਿ ਲਾਈਐ ॥*
*ਅੰਗ - ੩੦੬*

ਮੈਂ ਦਾਨ ਮੰਗਦਾ ਹਾਂ ਉਹਨਾਂ ਗੁਰਸਿੱਖਾਂ ਦੀ ਧੂੜੀ ਦਾ - ***'ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥'***

ਹੁਣ ਤੂੰ ਥੱਲੇ ਨਹੀਂ ਬੈਠਣਾ, ਤੈਨੂੰ ਅਸੀਂ ਸਤਿਕਾਰ ਦਾ ਥਾਂ ਦਿੰਦੇ ਹਾਂ ਕਿਉਂਕਿ ਤੇਰੇ ਰੋਮ-ਰੋਮ ਦੇ ਵਿਚ ਨਾਮ ਪ੍ਰਵੇਸ਼ ਕਰ ਗਿਆ। ਨਾਮ ਦਾ ਅਸੀਂ ਆਦਰ ਕਰਦੇ ਹਾਂ, ਸਰੀਰ ਦਾ ਨਹੀਂ।

ਸੋ ਇਹ ਬਚਨ ਜਿਹੜੇ ਨੇ ਇਹਨਾਂ ਤੋਂ ਪਤਾ ਲਗਦੈ ਕਿ ਭਰੋਸਾ ਕਿੱਡੀ ਵੱਡੀ ਚੀਜ਼ ਹੈ, ਯਕੀਨ ਕਿੱਡੀ ਵੱਡੀ ਚੀਜ਼ ਹੈ। ਜੇ ਭਰੋਸਾ ਨਹੀਂ ਹੈ, ਫੇਰ ਚਾਹੇ ਦਿਨ-ਰਾਤ ਗੁਰੂ ਸਾਹਿਬ ਕੋਲ ਰਹੇ।

ਪ੍ਰਿਥੀ ਚੰਦ, ਸ੍ਰੀ ਗੁਰੂ ਅਰਜਨ ਸਾਹਿਬ ਮਹਾਰਾਜ ਜੀ ਨਾਲੋਂ ਦੋ ਥਾਂ ਵੱਡਾ ਸੀ। ਹਰ ਵਕਤ ਸ੍ਰੀ ਗੁਰੂ ਰਾਮਦਾਸ ਜੀ ਦੀ ਸੇਵਾ ਵਿਚ ਰਹਿੰਦਾ ਸੀ ਪਰ ਫਰਕ ਕਿੰਨਾ ਰਿਹਾ, ਤੁਸੀਂ ਆਪ ਹੀ ਦੇਖ ਲਓ। ਇਕ ਖਾਲੀ ਰਹਿ ਗਿਆ। ਇਕ ਉਹਨਾਂ ਦਾ ਰੂਪ ਬਣ ਗਏ -

*ਧਾਰਨਾ - ਬਾਂਸ ਰਹਿ ਗਿਆ ਸੁਗੰਧੀਓਂ ਖਾਲੀ,*
*ਨੇੜੇ ਰਹਿ ਕੇ ਚੰਦਨ ਦੇ।*
*ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ ॥*
*ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥*
*ਅੰਗ - ੧੩੬੫*

ਮੀਂਹ ਪੈਂਦੈ, ਉੱਚੇ ਪਹਾੜਾਂ 'ਤੇ। ਮਿੱਟੀ ਵੀ ਖੁਰ ਆਉਂਦੀ ਹੈ ਤੇ ਗਿੱਲ ਉਥੇ ਕੋਈ ਨਹੀਂ ਹੁੰਦੀ। ਜਿਹੜੇ ਨੀਵੇਂ ਖੇਤ ਹੁੰਦੇ ਨੇ ਉਹਨਾਂ ਵਿਚ ਪਾਣੀ ਖੜ੍ਹ ਜਾਂਦੈ। ਉਪਰਲੇ, ਉਚਿਆਂ ਖੇਤਾਂ 'ਚ ਗਿੱਲ ਨਹੀਂ ਰਿਹਾ ਕਰਦੀ। ਸੋ ਇਸ ਤਰ੍ਹਾਂ ਭਾਵੇਂ ਨੇੜੇ ਰਹਿੰਦੈ ਗੁਰੂ ਦੇ -

*ਕਬੀਰ ਸਾਚਾ ਸਤਿਗੁਰੁ ਕਿਆ ਕਰੈ*
*ਜਉ ਸਿਖਾ ਮਹਿ ਚੂਕ ॥* *ਅੰਗ- ੧੩੭੨*

ਸਿੱਖ ਵਿਚ ਚੂਕ ਹੋਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਨੇੜੇ ਰਹਿੰਦਾ ਹੋਵੇ, ਪ੍ਰਕਾਸ਼ ਕਰਦਾ ਹੋਵੇ, ਬਾਣੀ ਪੜ੍ਹਦਾ ਹੋਵੇ, ਕੀਰਤਨ ਕਰਦਾ ਹੋਵੇ; ਜੇ ਅੰਦਰ ਚੂਕ ਹੈ -

*ਅੰਧੇ ਏਕ ਨ ਲਾਗਈ ਜਿਉ ਬਾਂਸੁ ਬਜਾਈਐ ਫੂਕ ॥*
*ਅੰਗ - ੧੩੭੨*

ਅੰਧਿਆਂ ਵਾਲੀ ਗੱਲ ਹੁੰਦੀ ਹੈ ਕਿਉਂਕਿ ਉਹਦੇ ਜੀਵਨ ਵਿਚ ਕੋਈ ਰਸ ਨਹੀਂ ਆਉਂਦਾ। ਕੋਈ ਪਰਿਵਰਤਨ ਨਹੀਂ ਆਉਂਦਾ। ਓਹੀ ਨਿੰਦਿਆ, ਓਹੀ ਹੈਂਕੜ, ਓਹੀ ਨਫ਼ਰਤ, ਓਹੀ ਚੀਜ਼ਾਂ ਸਾਰੀਆਂ ਮਨ ਦੇ ਅੰਦਰ। ਫਰਕ ਤਾਂ ਕੋਈ ਨਾ ਹੋਇਆ -

*ਕਬੀਰ ਗੁਰੁ ਲਾਗਾ ਤਬ ਜਾਨੀਐ ਮਿਟੈ ਮੋਹੁ ਤਨ ਤਾਪ ॥*
*ਅੰਗ - ੧੩੭੪*

ਜੇ ਉਸੇ ਤਰ੍ਹਾਂ ਦਾ ਬੰਦਾ ਹੈ ਤਾਂ ਫੇਰ ਉਹਦਾ ਗੁਰੂ ਨਾਲ ਤਾਂ ਸਬੰਧ ਨਾ ਹੋਇਆ। ਸੋ ਇਸ ਤਰ੍ਹਾਂ ਦੇ ਨਾਲ ਜਿਹੜਾ ਨੇੜੇ ਵੀ ਰਹਿੰਦੈ, ਪਰ ਵਿਸ਼ਵਾਸ਼ ਨਹੀਂ ਬਣਦਾ ਉਸਦਾ ਤਾਂ ਉਹ ਗੱਲ ਨਹੀਂ ਬਣਦੀ।

ਵਜ਼ੀਰ ਕਹਿਣ ਲੱਗਿਆ, ਬਾਦਸ਼ਾਹ ਸਲਾਮਤ!

ਗੁਰੂ ਭਾਵੇਂ ਵੱਡਾ ਹੀ ਹੋਵੇ, ਜੇ ਸਿੱਖ ਦੇ ਮਨ ਵਿਚ ਵਿਸ਼ਵਾਸ਼ ਨਹੀਂ ਹੈ ਤਾਂ ਗੱਲ ਨਹੀਂ ਬਣਿਆ ਕਰਦੀ। ਗੱਲ, ਤਾਂ ਬਣਦੀ ਹੈ ਜੇ ਸਿੱਖ, ਮਨ ਵਿਚ, ਗੁਰੂ ਦੀ ਬਾਤ 'ਤੇ ਯਕੀਨ ਕਰਦਾ ਹੋਵੇ। ਭਰੋਸਾ ਹੋਵੇ ਤੇ ਪ੍ਰਤੀਤ ਹੋਵੇ। ਕਿੱਡੀ ਪ੍ਰਤੀਤ ਹੁੰਦੀ ਹੈ?

ਗੁਰੂ ਅੰਗਦ ਸਾਹਿਬ ਮਹਾਰਾਜ, ਸੰਗਤ ਬੈਠੀ ਹੈ ਤੇ ਇਕ ਦਿਨ ਸਹਿਜ-ਸੁਭਾਅ ਬੋਲ ਉਠੇ ਕਿ ਭਾਈ ਬਾਲਾ! ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਦੇ ਨਾਲ ਨੌਆਂ ਖੰਡਾਂ, ਸੱਤਾਂ ਦੀਪਾਂ ਦੇ ਵਿਚ ਭਰਮਣ ਕੀਤਾ ਹੈ ਤੇ ਆਪਣੇ ਨੇਤਰਾਂ ਦੇ ਨਾਲ ਤੁਸੀਂ ਮਹਾਰਾਜ ਦੇ ਕੌਤਕ ਦੇਖੇ ਨੇ। ਜਿਹੜੇ ਤੁਸੀਂ ਸਾਰੀ ਸੰਗਤ ਨੂੰ ਵੀ ਸਰਵਣ ਕਰਾਏ ਨੇ। ਇਕ ਗੱਲ ਦੱਸੋ ਤੁਸੀਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ? ਬਾਲ ਸਖਾਈ ਮਿੱਤਰ ਸਮਝਦੇ ਰਹੇ ਜਾਂ ਪਿੰਡ ਦਾ ਸਮਝਦੇ ਰਹੇ? ਜਾਂ ਇਸ ਤਰ੍ਹਾਂ ਸਮਝਿਆ ਕਿ ਸਾਡੇ ਪਿੰਡ ਦਾ ਖਤਰੀਆਂ ਦਾ ਸਪੁੱਤਰ ਹੈ? ਜਾਂ ਕੋਈ ਹੋਰ ਭਾਵਨਾ ਸੀ ਤੁਹਾਡੇ ਮਨ ਵਿਚ?

ਕਹਿਣ ਲੱਗੇ, ਮੈਂ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ, ਇਹ ਜਿਹੜੇ ਵਿਸ਼ੇਸ਼ਣ ਨੇ ਇਹਨਾਂ ਨਾਲ ਨਹੀਂ ਦੇਖਿਆ ਕਿ ਮੇਰੇ ਪੜੌਸ 'ਚ ਰਹਿਣ ਵਾਲੇ ਨੇ ਜਾਂ ਮੈਂ ਬਚਪਨ ਤੋਂ ਇਹਨਾਂ ਦੇ ਨਾਲ ਰਹਿੰਦਾ ਹਾਂ। ਮੈਂ ਤਾਂ ਇਹ ਦੇਖਿਆ ਹੈ ਕਿ ਇਹ ਪੂਰਨ ਸੰਤ ਨੇ। ਪੂਰੇ ਮਹਾਂਪੁਰਸ਼ ਨੇ।

ਕਹਿੰਦੇ, ਸਾਬਾਸ਼! ਬਹੁਤ ਵੱਡਾ ਨਿਹਚਾ ਹੈ। ਚੰਗਾ ਤੂੰ ਸੰਤ ਹੋਇਆ।

ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੁਸੀਂ ਵੀ ਅੱਠ ਸਾਲ ਦੀ ਉਮਰ 'ਚ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਕੋਲ ਆ ਗਏ ਸੀ। ਬੜੇ ਕੌਤਕ ਆਪ ਨੇ ਨਿਕਟਵਰਤੀ ਹੋ ਕੇ ਉਹਨਾਂ ਦੇ ਦੇਖੇ ਨੇ ਤੇ ਆਪ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਕਹਿਣ ਲੱਗੇ, ਮਹਾਰਾਜ! ਮੈਂ ਤਾਂ ਉਹਨਾਂ ਨੂੰ ਪੂਰਨ ਬ੍ਰਹਮ ਗਿਆਨੀ ਸਮਝਦਾ ਰਿਹਾ ਕਿ ਪੂਰਨ ਬ੍ਰਹਮ ਗਿਆਨੀ ਸੀ।

ਕਹਿੰਦੇ, ਠੀਕ ਹੈ, ਤੁਹਾਡਾ ਨਿਹਚਾ ਵੀ ਬਹੁਤ ਸੋਹਣਾ ਹੈ।

ਹੋਰਾਂ ਨੂੰ ਪੁੱਛਿਆ, ਭਾਈ ਮਨਸੁਖ ਨੂੰ, ਭਾਈ ਭਗੀਰਥ ਨੂੰ, ਭਾਈ ਸਧਾਰਣ ਨੂੰ। ਯਥਾਸ਼ਕਤ ਜਿਵੇਂ ਸਮਝਦੇ ਸੀ ਓਹੋ ਜਿਹਾ ਜਵਾਬ ਦੇ ਦਿਤਾ ਸਾਰਿਆਂ ਨੇ।

ਉਸ ਵੇਲੇ ਸਾਰੀ ਸੰਗਤ ਨੇ ਸ੍ਰੀ ਗੁਰੂ ਅੰਗਦ ਸਾਹਿਬ ਮਹਾਰਾਜ ਜੀ ਪਾਸ ਬੇਨਤੀ ਕੀਤੀ ਕਹਿਣ ਲੱਗੇ, ਪਾਤਸ਼ਾਹ! ਆਪ ਦੇ ਬਚਨ ਸੁਣ ਕੇ ਸਾਡਾ ਨਿਹਚਾ ਨਹੀਂ ਬੱਝਿਆ ਕੋਈ। ਕਿਉਂਕਿ ਤੁਸੀਂ ਭਾਈ ਬਾਲਾ ਜੀ ਨੂੰ ਕਿਹਾ ਕਿ ਤੂੰ ਸੰਤ ਹੋਇਆ, ਬਾਬਾ ਬੁੱਢਾ ਜੀ ਨੂੰ ਕਿਹਾ ਕਿ ਤੂੰ ਬ੍ਰਹਮ ਗਿਆਨੀ। ਜਿਹੋ ਜਿਹਾ ਕਿਸੇ ਨੇ ਨਿਹਚਾ ਦਸਿਆ ਉਹੋ ਜਿਹਾ ਆਪ ਨੇ ਉਸ ਨੂੰ ਹੋਣ ਦਾ ਪ੍ਰਤੀਕ ਦਸਿਆ। ਕ੍ਰਿਪਾ ਕਰਕੇ ਆਪ ਵੀ ਦੱਸੋ ਕਿ ਆਪ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੀ ਸਮਝਦੇ ਰਹੇ?

ਉਸ ਵੇਲੇ ਆਪ ਗੰਭੀਰ ਹੋ ਗਏ, ਨੇਤਰ ਬੰਦ ਹੋ ਗਏ, ਕਿਸੇ ਡੂੰਘੇ ਭਾਵ ਵਿਚ ਚਲੇ ਗਏ। ਉਸ ਭਾਵ ਦੇ ਨਾਲ, ਨੇਤਰਾਂ ਦੇ ਕੋਏ 'ਚੋਂ ਦੋ ਪਾਣੀ ਦੇ ਕਤਰੇ ਹੌਲੀ-ਹੌਲੀ ਹੇਠਾਂ ਨੂੰ ਸਰਕੇ। ਸਾਰੀ ਸੰਗਤ ਨੇ ਦੇਖ ਲਿਆ। ਉਸ ਵੇਲੇ ਆਪ ਨੇ ਦੋਵੇਂ ਹੱਥ ਜੋੜੇ, ਨਮਸ਼ਕਾਰ ਕੀਤੀ। ਕਹਿਣ ਲੱਗੇ, ਪ੍ਰੇਮੀਓ! ਸਾਡੇ ਬਾਰੇ ਪੁੱਛਦੇ ਹੋਂ ਕਿ ਸ੍ਰੀ ਗੁਰੂ ਨਾਨਕ ਪਾਤਸ਼ਾਹ ਕੌਣ ਸੀ? ਕਹਿੰਦੇ, ਪਿਆਰਿਓ! ਸ੍ਰੀ ਗੁਰੂ ਨਾਨਕ ਪਾਤਸ਼ਾਹ! ਕਰੋੜਾਂ ਬ੍ਰਹਿਮੰਡਾਂ ਦਾ ਮਾਲਕ, ਆਪ ਅਕਾਲ ਪੁਰਖ, ਗੁਰੂ ਪ੍ਰਮੇਸ਼ਰ ਹੋ ਕੇ ਸੰਸਾਰ ਦੇ ਉਧਾਰ ਵਾਸਤੇ ਆਇਆ। ਚੌਹਾਂ ਯੁੱਗਾਂ ਦੇ ਮਨੁੱਖਾਂ ਦਾ ਨਿਬੇੜਾ ਕਰਨ ਵਾਸਤੇ ਆਪ ਕਲਜੁਗ ਦੇ ਅੰਦਰ ਗੁਰੂ ਪ੍ਰਮੇਸ਼ਰ ਹੋ ਕੇ ਪ੍ਰਗਟੇ। ਉਹ ਤਾਂ ਆਪ ਨਿਰੰਕਾਰ ਦਾ ਰੂਪ ਸੀ।

ਇਹ ਵਿਚ ਸ਼ੱਕ ਨਹੀਂ ਹੈ ਕਿਉਂਕਿ ਮਹਾਰਾਜ ਵੀ ਗੁਰਬਾਣੀ ਦੇ ਅੰਦਰ ਇਸ ਤਰ੍ਹਾਂ ਫੁਰਮਾਨ ਕਰਦੇ ਨੇ -

*ਧਾਰਨਾ - ਗੁਰ ਗੋਬਿੰਦ ਗੋਬਿੰਦ ਗੁਰੂ ਹੈ,*
*ਨਾਨਕ ਭੇਦ ਨਾ ਭਾਈ।*

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਕਹਿਣ ਲੱਗੇ, ਅਸੀਂ ਤਾਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕੋਟਿ ਬ੍ਰਹਿਮੰਡਾਂ ਦਾ ਠਾਕੁਰ ਜਾਣ ਕੇ ਉਹਨਾਂ ਦੀ ਚਰਨ ਸ਼ਰਨ ਵਿਚ ਰਹੇ ਹਾਂ। ਐਨੀ ਗੱਲ ਸੁਣਦੇ ਸਾਰ, ਸਾਰਿਆਂ ਨੇ ਸੀਸ ਨਿਵਾ ਦਿਤੇ, ਪਾਤਸ਼ਾਹ! ਇਸੇ ਕਰਕੇ ਤੁਸੀਂ ਪ੍ਰਮੇਸ਼ਰ ਦਾ ਰੂਪ ਬਣ ਗਏ।

*ਚਲਦਾ...............।'*

***(ਵੀਡੀਓ ਫਿਲਮ, ਦੀਵਾਨ ਨੰ: 263)***

# ਭਗਤ ਰਵਿਦਾਸ ਜੀ

*ਸੰਤ ਬਾਬਾ ਲਖਬੀਰ ਸਿੰਘ ਜੀ*
*ਮੌਜੂਦਾ ਮੁਖੀ, ਟਰੱਸਟ ਰਤਵਾੜਾ ਸਾਹਿਬ*

*ਕੂਪੁ ਭਰਿਓ ਜੈਸੇ ਦਾਦਿਰਾ ਕਛੁ ਦੇਸੁ ਬਿਦੇਸੁ ਨ ਬੂਝ ॥*
*ਐਸੇ ਮੇਰਾ ਮਨੁ ਬਿਖਿਆ ਬਿਮੋਹਿਆ*
*ਕਛੁ ਆਰਾ ਪਾਰੁ ਨ ਸੂਝ ॥ ੧ ॥*
*ਸਗਲ ਭਵਨ ਕੇ ਨਾਇਕਾ*
*ਇਕੁ ਛਿਨੁ ਦਰਸੁ ਦਿਖਾਇ ਜੀ ॥ ੧ ॥ ਰਹਾਉ ॥*
*ਮਲਿਨ ਭਈ ਮਤਿ ਮਾਧਵਾ*
*ਤੇਰੀ ਗਤਿ ਲਖੀ ਨ ਜਾਇ ॥*
*ਕਰਹੁ ਕ੍ਰਿਪਾ ਭ੍ਰਮੁ ਚੂਕਈ*
*ਮੈ ਸੁਮਤਿ ਦੇਹੁ ਸਮਝਾਇ ॥ ੨ ॥*
*ਜੋਗੀਸਰ ਪਾਵਹਿ ਨਹੀ*
*ਤੁਅ ਗੁਣ ਕਥਨੁ ਅਪਾਰ ॥*
*ਪ੍ਰੇਮ ਭਗਤਿ ਕੈ ਕਾਰਣੈ ਕਹੁ ਰਵਿਦਾਸ ਚਮਾਰ ॥*

*ਅੰਗ - ੩੪੬*

ਜੁਗੋ-ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਜੁੜ ਬੈਠੀ ਗੁਰੂ ਪਿਆਰੀ ਸਾਧਸੰਗਤ ਜੀਓ, ਸਤਿਗੁਰ ਮਹਾਰਾਜ ਜੀ ਦੀ ਅਪਾਰ ਬਖਸ਼ਿਸ਼ ਹੋਈ ਹੈ, ਕਈ ਦਿਨਾਂ ਬਾਅਦ ਇਥੋਂ ਦੀਆਂ ਸੰਗਤਾਂ ਦੇ ਫੇਰ ਦੁਬਾਰਾ ਦਰਸ਼ਨ ਹੋਏ ਹਨ। ਕੁਛ ਦਿਨ ਵਾਸਤੇ ਦਾਸ ਇੰਗਲੈਂਡ ਗਿਆ ਸੀ। ਸੋ ਗੁਰੂ ਮਹਾਰਾਜ ਨੇ ਕ੍ਰਿਪਾ ਕੀਤੀ, ਅੱਜ ਇਥੇ ਦਰਸ਼ਨ ਹੋ ਰਹੇ ਨੇ। ਆਪਣਾ-ਆਪਣਾ ਖਿਆਲ ਹੈ, ਕਈ ਵਾਰੀ ਸਮਝਿਆ ਜਾਂਦਾ ਹੈ ਕਿ ਆਪਾਂ ਪਰਦੇਸ ਗਏ ਸੀ, ਆਪਣੇ ਦੇਸ ਆ ਗਏ। ਦੇਸ ਆਪਣਾ ਕਿਹੜਾ ਹੈ, ਪਰਦੇਸ ਕੌਣ ਹੈ? ਜੋ ਵੀ ਇਸ ਸੰਸਾਰ 'ਤੇ ਮਾਤ ਲੋਕ ਦੇ ਉਤੇ ਜੀਵ ਆਏ ਨੇ, ਚਾਹੇ ਕਿਸੇ ਦੇਸ਼ ਵਿਚ ਹੈ, ਚਾਹੇ ਇੰਡੀਆ ਵਿਚ ਹੈ, ਚਾਹੇ ਇੰਗਲੈਂਡ ਵਿਚ ਹੈ, ਚਾਹੇ ਅਮਰੀਕਾ ਵਿਚ ਹੈ, ਚਾਹੇ ਯੂਰੋਪ ਵਿਚ ਹੈ, ਚਾਹੇ ਅਫਰੀਕਾ 'ਚ ਹੈ, ਚਾਹੇ ਰੂਸ ਵਿਚ ਹੈ, ਚੀਨ ਵਿਚ ਹੈ, ਚਾਹੇ ਕਿਸੇ ਹੋਰ ਦੇਸ਼ 'ਚ ਹੈ। ਚਾਹੇ ਉਹਨਾਂ ਦਾ ਉਸ ਦੇਸ਼ ਵਿਚ ਹੀ ਜਨਮ ਹੋਇਆ ਹੈ, ਸਾਰੇ ਹੀ ਪ੍ਰਦੇਸੀ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਬਹੁਤ ਬਚਨ ਆਉਂਦੇ ਨੇ ਜਿਨ੍ਹਾਂ ਦੇ ਇਹ ਅਰਥ-ਭਾਵ ਬਣਦੇ ਨੇ ਕਿ ਐ ਜੀਵ! ਤੂੰ ਇਥੇ ਪ੍ਰਦੇਸੀ ਬਣ ਕੇ ਆਇਆ ਹੈਂ। ਪ੍ਰਦੇਸੀ ਦਾ ਮਤਲਬ ਹੁੰਦੈ ਕਿ ਇਹ ਤੇਰਾ ਦੇਸ ਨਹੀਂ, ਕੁਝ ਸਮੇਂ ਵਾਸਤੇ ਤੈਨੂੰ ਇਥੇ ਭੇਜਿਆ ਗਿਆ ਹੈ। ਕਿਤੇ ਆਪਣੇ ਆਪ ਨੂੰ ਇਥੇ ਪੱਕਾ ਨਾ ਸਮਝ ਲਈਂ। ਜਿਹੜਾ ਤੇਰਾ ਅਸਲੀ ਦੇਸ਼ ਹੈ, ਜਿਹਨੂੰ ਨਿਜ ਘਰ ਕਹਿੰਦੇ ਨੇ, ਜਿਹਦਾ ਨਾਂ 'ਬੇਗਮਪੁਰਾ ਸਹਰ ਕੋ ਨਾਉ' ਹੈ। ਤੂੰ ਉਸ ਦੇਸ਼ ਦਾ ਵਾਸੀ ਹੈਂ। ਉਥੋਂ ਵਿਛੜ ਕੇ ਤੂੰ ਪ੍ਰਦੇਸੀ ਬਣਿਆ ਤੇ ਬਹੁਤ ਦੇਰ ਹੋ ਗਈ ਹੈ ਪਿਆਰੇ ਤੈਨੂੰ ਪ੍ਰਦੇਸੀ ਬਣੇ ਨੂੰ, ਤੇਰਾ ਪਿਤਾ ਪ੍ਰਮੇਸ਼ਰ ਤੈਨੂੰ ਉਡੀਕ ਰਿਹਾ ਹੈ। ਤੂੰ ਆਪਣੇ ਆਪ ਦੀ ਪਛਾਣ ਕਰ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*

*ਅੰਗ- ੪੪੧*

ਪਰ ਭੁੱਲ ਕੇ ਤੂੰ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ ॥* *ਅੰਗ - ੧੭੬*

*ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ ॥*
*ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉਡਾਏ ॥*

*ਅੰਗ - ੧੫੬*

ਇਨ੍ਹਾਂ ਜੂਨਾਂ ਦੇ ਵਿਚ ਤੂੰ ਪਿਆ ਹੋਇਆ ਹੈਂ। ਹੁਣ ਤੈਨੂੰ ਮਨੁੱਖ ਜਨਮ ਮਿਲਿਆ ਹੈ ਤੇ ਹੁਣ ਤੂੰ ਆਪਣੇ ਦੇਸ਼ ਨੂੰ ਵਾਪਸ ਜਾ ਸਕਦੈਂ ਕਿਉਂਕਿ ਤੇਰਾ ਜਿਹੜਾ ਚੱਕਰ ਹੈ ਉਹ ਅਖੀਰ 'ਤੇ ਪਹੁੰਚ ਗਿਆ ਹੈ ਪਰ ਇਕ ਗੱਲ ਯਾਦ ਰੱਖੀਂ ਕਿਤੇ ਇਸ ਤਰ੍ਹਾਂ ਨਾ ਹੋਵੇ ਕਿ ਫੇਰ ਉਲਟਾ ਚੱਕਰ ਘੁੰਮ ਜਾਵੇ, ਫੇਰ ਤੂੰ ਚੌਰਾਸੀ ਦੇ ਚੱਕਰ ਵਿਚ ਪੈ ਜਾਵੇਂ। ਸੋ ਤੂੰ ਵਿਚਾਰ ਕਰ ਕਿ ਤੂੰ ਕਿਸ ਦੇਸ਼ ਦਾ ਵਾਸੀ ਹੈਂ? ਤੂੰ ਸਰੀਰ ਨਹੀਂ, ਸਰੀਰ ਦਾ ਸਬੰਧ ਹੋ ਸਕਦੈ ਕਿ ਇਸ ਦੇਸ਼ ਦਾ ਸਰੀਰ ਹੈ, ਇਸ ਦੇਸ਼ ਦੀ ਮਿੱਟੀ ਹੈ। ਪਰ ਤੂੰ ਜਿਹੜਾ ਇਸ ਸਰੀਰ ਵਿਚ ਰਹਿਣ ਵਾਲਾ ਹੈਂ, ਤੂੰ ਪ੍ਰਦੇਸੀ ਹੈਂ। ਜੇ ਤੂੰ ਗੁਰੂ ਦੀ ਸ਼ਰਨ ਲਗ ਕੇ, ਨਾਮ ਦਾ ਅਭਿਆਸ ਕਰਕੇ, ਗੁਰੂ ਦੀ ਬਖਸ਼ਿਸ਼ ਪ੍ਰਾਪਤ ਕਰ ਲਵੇਂ ਤਾਂ ਨਿਜ ਘਰ ਦੇ ਵਿਚ ਤੇਰਾ ਵਾਸਾ ਹੋ ਜਾਵੇ। ਕਾਲ ਮੰਡਲ ਤੋਂ ਨਿਕਲ ਕੇ, ਉਸ ਚੱਕਰ ਵਿਚੋਂ ਨਿਕਲ ਕੇ ਤੂੰ ਅਕਾਲ ਮੰਡਲ ਵਿਚ ਪਹੁੰਚ ਜਾਵੇਂ, ਬੇਗਮਪੁਰੇ ਦਾ ਵਾਸੀ ਬਣ ਜਾਵੇਂ।

ਫੇਰ ਤੂੰ ਕਿਤੇ ਵੀ ਰਹੇਂ, ਸਾਰੇ ਦੇਸ਼ ਤੇਰੇ ਨੇ। ਸੁਰਤ ਅੰਦਰੋਂ ਸ਼ਬਦ ਨਾਲ ਜੁੜ ਜਾਵੇ, ਦੁਨੀਆਂ ਦੇ ਕਿਸੇ ਕੋਨੇ 'ਤੇ ਵੀ ਜਾਵੇ ਫੇਰ ਇਹ ਪ੍ਰਦੇਸੀ ਨਹੀਂ। ਸਾਰੇ ਇਹਦੇ ਆਪਣੇ ਦੇਸ਼ ਬਣ ਜਾਣਗੇ। ਕੋਈ ਬੇਗਾਨਾ ਨਹੀਂ ਰਹੇਗਾ। ਜਿੰਨਾਂ ਚਿਰ ਦੇਹ ਹੰਗਤਾ, ਦੇਹ ਮਮਤਾ ਖਤਮ ਨਹੀਂ ਹੁੰਦੀ, ਬ੍ਰਹਮ ਹੰਗਤਾ, ਬ੍ਰਹਮ ਮਮਤਾ ਵਿਚ ਨਹੀਂ ਪਹੁੰਚਦਾ, ਮੈਂ ਮੇਰੀ ਤੋਂ ਉੱਠ ਕੇ, ਤੂੰ ਤੇ ਤੇਰੇ ਵਿਚ ਲੀਨ ਨਹੀਂ ਹੁੰਦਾ, ਭਾਵ ਤੂੰ-ਤੂੰ ਵਿਚ ਲੀਨ ਨਹੀਂ ਹੁੰਦਾ, ਓਨਾਂ ਚਿਰ ਇਹ ਆਪਣੇ ਦੇਸ਼ ਵਿਚ ਬੈਠਾ ਹੀ ਪ੍ਰਦੇਸੀ ਹੈ। ਸੋ ਇਸ ਕਰਕੇ ਇਹ ਜੀਅੜਾ ਪ੍ਰਦੇਸੀ ਹੈ। ਚਾਹੇ ਦੁਨੀਆਂ ਵਿਚ ਕਿਤੇ ਵੀ ਚਲਿਆ ਜਾਵੇ ਇਕ ਖਿਆਲ ਹੁੰਦਾ ਹੈ ਕਿ ਮੇਰੀ ਮਾਤ ਭੂਮੀ ਹੈ। ਆਹ ਫਲਾਣਾ ਦੇਸ਼ ਹੈ ਅਸੀਂ ਇਥੇ ਪ੍ਰਦੇਸੀ ਹਾਂ। ਇਹ ਇਕ ਦੁਨਿਆਵੀ ਵਿਚਾਰ ਹੈ। ਸੋ ਸਾਰੇ ਹੀ ਪ੍ਰਦੇਸੀ ਨੇ। ਪਰ ਜੇ ਸੁਰਤ, ਸ਼ਬਦ ਨਾਲ ਜੁੜ ਜਾਵੇ, ਇਹ ਅਭੇਦ ਹੋ ਜਾਵੇ, ਬੂੰਦ, ਸਮੁੰਦਰ ਵਿਚ ਮਿਲ ਜਾਵੇ, ਫੇਰ ਕੋਈ ਵੀ ਪ੍ਰਦੇਸੀ ਨਹੀਂ, ਸਾਰੇ ਹੀ ਦੇਸ ਆਪਣੇ ਨੇ ਕਿਉਂਕਿ ਅਸਲੀ ਦੇਸ਼ ਵਿਚ ਇਸ ਦਾ ਵਾਸਾ ਹੋ ਗਿਆ। ਸੋ ਮਹਾਰਾਜ ਨੇ ਕ੍ਰਿਪਾ ਕੀਤੀ ਕੁਝ ਦਿਨ ਉਥੋਂ ਦੀਆਂ ਸੰਗਤਾਂ ਦੀ ਸੇਵਾ, ਦਰਸ਼ਨ ਪ੍ਰਾਪਤ ਹੋਏ। ਬੜਾ ਪਿਆਰ ਹੈ ਸਾਰੀਆਂ ਸੰਗਤਾਂ ਦੇ ਅੰਦਰ। ਸੋ ਸਮਾਂ ਹੈ ਲੰਘ ਰਿਹਾ ਹੈ, ਇਕੋ ਹੀ ਅਰਦਾਸ ਹੈ ਕਿ ਇਹ ਸਵਾਸ ਜਿਹੜੇ ਨੇ, ਸਤਿਪੁਰਸ਼ਾਂ ਦੇ ਬਚਨਾਂ ਨੂੰ ਕਮਾਉਂਦਿਆਂ, ਸਾਧਸੰਗਤ ਦੀ ਸੇਵਾ ਕਰਦਿਆਂ ਪੂਰੇ ਹੋਣ।

ਆਓ! ਅੱਜ ਭਗਤ ਰਵਿਦਾਸ ਜੀ ਦਾ ਆਗਮਨ ਦਿਹਾੜਾ ਹੈ। ਜਿਹੜੇ ਪ੍ਰਮੇਸ਼ਰ ਰੂਪ ਹੋ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੋਦ ਵਿਚ ਬੈਠੇ ਨੇ। ਜਗ੍ਹਾਂ-ਜਗ੍ਹਾਂ ਸੰਗਤਾਂ ਉਨ੍ਹਾਂ ਦਾ ਪਵਿੱਤਰ ਦਿਹਾੜਾ ਮਨਾ ਰਹੀਆਂ ਨੇ। ਆਪਾਂ ਵੀ ਨਮਸ਼ਕਾਰ ਕਰੀਏ।-

*ਗੋਬਿੰਦ ਗੋਬਿੰਦ ਗੋਬਿੰਦ ਸੰਗਿ ਨਾਮਦੇਉ ਮਨੁ ਲੀਣਾ ॥*
*ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ੧ ॥ ਰਹਾਉ ॥*
*ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ ॥*
*ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥ ੧ ॥*
*ਰਵਿਦਾਸੁ ਢੁਵੰਤਾ ਢੋਰ ਨੀਤਿ ਤਿਨਿ ਤਿਆਗੀ ਮਾਇਆ ॥*
*ਪਰਗਟੁ ਹੋਆ ਸਾਧਸੰਗਿ ਹਰਿ ਦਰਸਨੁ ਪਾਇਆ ॥*
*ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥*
*ਹਿਰਦੇ ਵਸਿਆ ਪਾਰਬ੍ਰਹਮੁ ਭਗਤਾ ਮਹਿ ਗਨਿਆ ॥ ੩ ॥*
*ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ ॥*
*ਮਿਲੇ ਪ੍ਰਤਖਿ ਗੁਸਾਈਆ ਧੰਨਾ ਵਡਭਾਗਾ ॥*

*ਅੰਗ - ੪੮੭*

ਸਾਧਸੰਗਤ ਜੀ! ਇਹ ਜਿੰਨੇ ਭਗਤ ਹੋਏ ਨੇ, ਵਾਹਿਗੁਰੂ ਜੀ ਨੇ ਉਹਨਾਂ ਸ਼੍ਰੇਣੀਆਂ, ਉਹਨਾਂ ਜਾਤਾਂ ਦੇ ਵਿਚ ਭੇਜੇ ਜਿਨ੍ਹਾਂ ਨੂੰ ਸੰਸਾਰ ਨੇ ਲਿਤਾੜ ਕੇ ਰੱਖਿਆ ਸੀ। ਪੁਰਾਤਨ ਕੁਝ ਸਾਖੀਆਂ ਵਿਚ ਭੁਲੇਖਾ ਰਹਿੰਦੈ, ਭਗਤ ਰਵਿਦਾਸ ਜੀ ਦੇ ਬਾਰੇ ਐਸਾ ਲਿਖਿਆ ਹੈ, ਦੂਸਰੇ ਭਗਤਾਂ ਦੇ ਬਾਰੇ ਵੀ। ਜਿਵੇਂ ਭਗਤ ਰਵਿਦਾਸ ਜੀ ਬਾਰੇ ਆਉਂਦਾ ਹੈ ਕਿ ਇਹਨਾਂ ਨੂੰ ਪਿਛਲੇ ਜਨਮ ਦਾ ਸਰਾਪ ਮਿਲਿਆ ਸੀ ਤਾਂ ਇਸ ਜਾਤ ਵਿਚ ਆਏ ਸੀ। ਇਹ ਕੌਣ ਐਸੀਆਂ ਗੱਲਾਂ ਬਣਾਉਂਦੇ ਸੀ। ਜਦੋਂ ਭਗਤ ਕਬੀਰ ਜੀ ਦਾ ਜਸ ਫੈਲਿਆ -

*ਸੁਣਿ ਪਰਤਾਪੁ ਕਬੀਰ ਦਾ ਦੂਜਾ ਸਿਖ ਹੋਆ ਸੈਣ ਨਾਈ।*

*ਭਾਈ ਗੁਰਦਾਸ ਜੀ*

ਭਗਤ ਕਬੀਰ ਜੀ ਦਾ ਐਨਾ ਜਸ ਫੈਲਿਆ, ਜਿਨ੍ਹਾਂ ਰਸਨਾ 'ਤੇ ਰਾਮ-ਰਾਮ ਉਚਾਰਨ ਹੁੰਦਾ ਸੀ, ਉਨ੍ਹਾਂ ਰਸਨਾ 'ਤੇ ਧੰਨ ਕਬੀਰ, ਧੰਨ ਕਬੀਰ ਹੋਣ ਲਗ ਪਈ। ਜਿਹੜੇ ਹੁਣ ਉੱਚੀ ਜਾਤ ਦਾ ਦਾਅਵਾ ਕਰਦੇ ਸੀ ਕਿ ਸ਼ੂਦਰ ਜਾਤ ਨੂੰ ਨਾਮ ਜਪਣ ਦਾ ਅਧਿਕਾਰ ਨਹੀਂ, ਜਦੋਂ ਉਹ ਬੇਬਸ ਹੋ ਗਏ, ਕੋਈ ਚਾਲ ਨਹੀਂ ਚੱਲੀ, ਸਭ ਚਾਲਾਂ ਉਨ੍ਹਾਂ ਨੇ ਜਿਹੜੀਆਂ ਚੱਲੀਆਂ ਸੀ ਉਹ ਫੇਲ੍ਹ ਹੋ ਗਏ। ਅਖੀਰ ਉਹਨਾਂ ਨੇ ਕੀ ਪ੍ਰਚਾਰ ਕਰ ਦਿਤਾ ਕਿ ਇਹ ਜਿਹੜੇ ਭਗਤ ਕਬੀਰ ਜੀ ਨੇ ਇਹਨਾਂ ਦਾ ਜਿਹੜਾ ਜਨਮ ਹੈ ਉਹ ਇਸ ਘਰ ਵਿਚ ਨਹੀਂ ਸੀ ਹੋਇਆ। ਐਸੀਆਂ ਸਾਖੀਆਂ ਵੀ ਉਹਨਾਂ ਨੇ ਲਿਖ ਦਿਤੀਆਂ। ਇਹਨਾਂ ਦੇ ਮਾਤਾ ਪਿਤਾ ਇਹਨਾਂ ਨੂੰ ਫੜ ਕੇ ਲਿਆਏ ਸੀ, ਜਨਮ ਕਿਤੇ ਹੋਰ ਜਗ੍ਹਾ ਹੋਇਆ ਸੀ। ਇਹਨਾਂ ਦਾ ਤਾਂ ਉੱਚੀ ਕੁਲ ਵਿਚ ਜਨਮ ਹੋਇਆ ਸੀ ਤਾਂ ਕਿ ਲੋਕਾਂ ਨੂੰ ਭੁਲੇਖਾ ਰਹੇ ਕਿ ਉੱਚੀ ਜਾਤ ਵਾਲਾ ਹੀ ਨਾਮ ਜਪ ਸਕਦੈ। ਹੁਣ ਭਗਤ ਕਬੀਰ ਜੀ ਨੇ ਆਪਣੀ ਜਿਹੜੀ ਜਾਤ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅੰਦਰ ਸਪੱਸ਼ਟ ਤੌਰ 'ਤੇ ਦਸੀ ਹੈ। ਡੰਕੇ ਦੀ ਚੋਟ ਨਾਲ ਦਸੀ ਹੈ ਕਿ ਕਿਸੇ ਨੂੰ ਭੁਲੇਖਾ ਨਾ ਰਹਿ ਜਾਏ ਕਿ ਮੇਰੀ ਕਿਹੜੀ ਜਾਤ ਹੈ। ਪਰ ਉਨ੍ਹਾਂ ਲੋਕਾਂ ਨੇ ਭੁਲੇਖਾ ਪਾਇਆ ਕਿ ਕਹਿ ਦਿਓ, ਇਹ ਤਾਂ ਇਹਨਾਂ ਨੇ ਬੱਚਾ ਕਿਤੋਂ ਫੜ ਕੇ ਲਿਆਂਦਾ ਸੀ। ਨਵੀਆਂ ਨਾਲ ਮਨਘੜਤ ਸਾਖੀਆਂ ਘੜੀਆਂ। ਇਸੇ ਤਰ੍ਹਾਂ ਭਗਤ ਰਵਿਦਾਸ ਜੀ ਦੇ ਬਾਰੇ ਵੀ ਕਿ ਇਹ ਇਸ ਜਾਤ ਵਿਚ ਤਾਂ ਆਏ ਕਿ ਇਹਨਾਂ ਨੂੰ ਪਿਛਲੇ ਜਨਮ ਦਾ ਸਰਾਪ ਹੋਇਆ ਸੀ ਤਾਂ ਇਹਨਾਂ ਦਾ ਨੀਚ ਘਰ ਦੇ

ਵਿਚ ਜਨਮ ਹੋਇਆ। ਇਹ ਜਿਹੜੇ ਭਗਤ ਹੋਏ ਨੇ, ਬ੍ਰਹਮ ਗਿਆਨੀ ਹੋਏ ਨੇ ਇਹ ਕੋਈ ਸਰਾਪੇ ਹੋਏ ਨਹੀਂ ਸਨ, ਇਹ ਤਾਂ ਬਖਸ਼ੇ ਹੋਏ ਦਰਗਾਹ ਤੋਂ ਆਏ ਸੀ। ਵਾਹਿਗੁਰੂ ਨੇ ਉਹ ਬਖਸ਼ੀਆਂ ਹੋਈਆਂ ਆਤਮਾਵਾਂ ਉਨ੍ਹਾਂ ਜਾਤਾਂ ਵਿਚ ਭੇਜੀਆਂ ਜਿਨ੍ਹਾਂ ਨੂੰ ਸੰਸਾਰ ਪੈਰਾਂ ਥੱਲੇ ਲਿਤਾੜ ਰਿਹਾ ਸੀ ਤੇ ਨਾਮ ਨੇ ਉਹਨਾਂ ਨੂੰ ਪ੍ਰਗਟ ਕੀਤਾ ਤੇ ਜਿਹੜੇ ਵੱਡੀਆਂ-ਵੱਡੀਆਂ ਉੱਚੀਆਂ ਜਾਤਾਂ ਵਾਲੇ ਸੀ, ਉਹ ਚਰਨਾਂ 'ਤੇ ਡਿੱਗੇ, ਇਹਨਾਂ ਦੇ ਸੇਵਕ ਬਣੇ। ਜਾਤ ਕਰਕੇ ਕੋਈ ਵੱਡਾ ਨਹੀਂ। ਵੱਡਾ ਹੈ ਅਮਲਾਂ ਕਰਕੇ, ਕਰਮ ਕਰਕੇ। ਇਸੇ ਕਰਕੇ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਕਹਿੰਦੇ ਨੇ ਪਿਆਰਿਓ! ਇਸ ਭੁਲੇਖੇ ਵਿਚੋਂ ਨਿਕਲ ਜਾਓ, ਇਹ ਵੰਡ ਮਨੁੱਖ ਦੀ ਪਾਈ ਹੋਈ ਹੈ ਜਦੋਂ ਸੰਸਾਰ ਤੋਂ ਜਾਣਾ ਹੈ, ਇਹ ਜਾਤਾਂ ਪਾਤਾਂ ਇਥੇ ਰਹਿ ਜਾਣੀਆਂ ਨੇ। ਉਥੇ ਨਿਬੇੜੇ ਜਿਹੜੇ ਨੇ ਉਹ ਅਮਲਾਂ ਦੇ ਹੋਣੇ ਨੇ -

*ਵਦੀ ਸੁ ਵਜਗਿ ਨਾਨਕਾ ਸਚਾ ਵੇਖੈ ਸੋਇ ॥*
*ਸਭਨੀ ਛਾਲਾ ਮਾਰੀਆ ਕਰਤਾ ਕਰੇ ਸੁ ਹੋਇ ॥*
*ਅਗੈ ਜਾਤਿ ਨ ਜੋਰੁ ਹੈ ਅਗੈ ਜੀਉ ਨਵੇ ॥*
*ਜਿਨ ਕੀ ਲੇਖੈ ਪਤਿ ਪਵੈ ਚੰਗੇ ਸੇਈ ਕੇਇ ॥*

*ਅੰਗ - ੪੬੯*

ਵਾਹਿਗੁਰੂ ਪ੍ਰਮੇਸ਼ਰ ਨੇ ਤਾਂ ਸਾਰੇ ਪੰਜਾਂ ਤੱਤਾਂ ਦੇ ਸਰੀਰ ਬਣਾਏ ਨੇ। ਇਹ ਵੰਡਾਂ ਮਨੁੱਖ ਨੇ ਪਾਈਆਂ ਨੇ। ਸੋ ਜਿਹੜੇ ਲਿਤਾੜੇ ਸੀ, ਨਿਮਾਣੇ ਸੀ, ਉਨ੍ਹਾਂ ਲਤਾੜਿਆਂ ਨੂੰ ਬਲ ਦੇਣ ਵਾਸਤੇ, ਨਿਮਾਣਿਆਂ ਨੂੰ ਮਾਣ ਬਖਸ਼ਣ ਵਾਸਤੇ ਪ੍ਰਮੇਸ਼ਰ ਨੇ ਜਿਥੇ ਹੋਰ ਭਗਤ ਭੇਜੇ ਉਥੇ ਭਗਤ ਰਵਿਦਾਸ ਜੀ ਨੂੰ ਭੇਜਿਆ। ਇਹਨਾਂ ਦਾ ਪ੍ਰਕਾਸ਼ ਬਨਾਰਸ, ਕਾਸ਼ੀ ਦੇ ਵਿਚ ਹੋਇਆ। ਇਕ ਗੱਲ ਸਮਝਣ ਵਾਲੀ ਹੈ ਕਿ ਵਾਹਿਗੁਰੂ ਭੇਜਦਾ ਕਿੱਥੇ ਹੈ। ਜਾਤ-ਪਾਤ ਦਾ ਮਸਲਾ ਸੀ, ਉਹਦਾ ਗੜ੍ਹ ਸੀ ਕਾਸ਼ੀ, ਬਨਾਰਸ। ਹੁਣ ਵਾਹਿਗੁਰੂ ਨੇ ਭਗਤ ਕਬੀਰ ਜੀ ਨੂੰ ਭੇਜਿਆ ਉਹ ਵੀ ਕਾਸ਼ੀ ਵਿਚ। ਭਗਤ ਰਵਿਦਾਸ ਜੀ ਨੂੰ ਭੇਜਿਆ ਤਾਂ ਕਾਸ਼ੀ ਵਿਚ ਕਿ ਤੁਸੀਂ ਇਥੇ ਕਿਲ੍ਹਾ, ਮੋਰਚਾ ਫਤਹਿ ਕਰਨੈ, ਬਾਕੀ ਸਭ ਆਪੇ ਠੀਕ ਹੋ ਜਾਊ।

ਸੋ ਭਗਤ ਰਵਿਦਾਸ ਜੀ ਦਾ ਪ੍ਰਕਾਸ਼ ਹੋਇਆ, ਇਹਨਾਂ ਦੇ ਪਿਤਾ ਜੀ ਬਾਬਾ ਰਘੂ ਜੀ ਸਨ ਤੇ ਇਹਨਾਂ ਦੇ ਮਾਤਾ ਜੀ ਮਾਤਾ ਧੁਰਵਿਨਿਆ ਜੀ ਸਨ। ਬਚਪਨ ਤੋਂ ਜਿਹੜਾ ਇਹਨਾਂ ਦਾ ਸੁਭਾਅ ਸੀ, ਉਹ ਆਮ ਬੱਚਿਆਂ ਵਾਂਗ ਨਹੀਂ ਸੀ ਖੇਡਦੇ ਕਿਉਂਕਿ ਉਹ ਬੱਚੇ ਨਹੀਂ ਸਨ, ਬਜ਼ੁਰਗ ਸਨ। ਅੰਦਰ ਹਰ ਵੇਲੇ ਲਿਵ ਜੁੜੀ ਰਹਿੰਦੀ ਸੀ। ਜੇ ਕੋਈ ਸਾਧੂ ਮਹਾਤਮਾ ਆਉਣਾ ਉਹਨਾਂ ਦੀ ਸੇਵਾ ਕਰਨੀ, ਪਿਤਾ ਦੇ ਨਾਲ ਕੰਮ ਕਰਦੇ ਨੇ, ਜੋੜੇ ਗੰਢਦੇ ਨੇ, ਪੈਸੇ ਕਿਸੇ ਤੋਂ ਨਹੀਂ ਮੰਗਦੇ ਜਦੋਂ ਪੈਸਾ ਨਹੀਂ ਕਿਸੇ ਤੋਂ ਮੰਗਦੇ, ਸਾਧੂਆਂ ਦੀ ਵੀ ਸੇਵਾ ਫਰੀ, ਜਿਹੜਾ ਆਉਂਦੈ ਜੋੜਾ ਗੰਢ ਦਿੰਦੇ, ਦੇ ਗਿਆ ਕੁਝ ਠੀਕ ਹੈ ਨਹੀਂ ਤਾ ਨਾ ਸਹੀ। ਮਾਂ-ਪਿਉ ਨੇ ਕਿਹਾ ਕਿ ਇਹ ਨਹੀਂ ਸਾਡੇ ਕੰਮ ਦਾ।

ਆਮ ਇਕ ਕਹਾਵਤ ਹੈ ਕਿ ਕੰਮ ਪਿਆਰਾ ਹੈ, ਚੰਮ ਨਹੀਂ ਪਿਆਰਾ। ਜੇ ਤਾਂ ਪੁੱਤਰ ਕਮਾ ਕੇ ਲਿਆਵੇ, ਪਰਿਵਾਰ ਵੀ ਖੁਸ਼, ਮਾਂ-ਪਿਉ ਵੀ ਖੁਸ਼, ਬੱਚੇ ਵੀ ਖੁਸ਼, ਭਾਈਚਾਰਾ ਵੀ ਖੁਸ਼, ਭੈਣ-ਭਾਈ, ਰਿਸ਼ਤੇਦਾਰ ਵੀ ਖੁਸ਼। ਜੇ ਔਖੇ ਸੌਖੇ ਵੇਲੇ ਲੋੜ ਪੈਂਦੀ ਹੇ ਸਾਡਾ ਸਾਰ ਦਿੰਦੈ, ਸਾਡੇ ਕੰਮ ਆਉਂਦੈ, ਕਹਿੰਦੇ ਨੇ ਫੇਰ ਬੜਾ ਚੰਗਾ ਹੈ। ਜੇ ਕਮਾ ਕੇ ਨਾ ਲਿਆਵੇ, ਗੁਆ ਕੇ ਆਵੇ, ਹੁਣ ਭਾਵੇਂ ਕੋਈ ਸਾਧੂਆਂ ਦੀ ਸੇਵਾ ਹੀ ਕਰਕੇ ਆਵੇ। ਘਰ ਵਾਲੇ ਕਹਿੰਦੇ ਨੇ ਗੁਆ ਕੇ ਆਇਆ ਹੈ। ਇਹ ਕੁਦਰਤੀ ਹੈ ਕਿ ਬੱਚੇ ਨੂੰ ਜਿਹੜੀ ਸਿੱਖਿਆ ਮਿਲਦੀ ਹੈ ਜਨਮ ਤੋਂ ਜਾਂ ਤਾਂ ਕੋਈ ਗੁਰਮੁਖ, ਰੱਬ ਦੇ ਪਿਆਰੇ ਉਹਨਾਂ ਦੀ ਨੇਕ ਸਿੱਖਿਆ ਹੁੰਦੀ ਹੈ। ਬਾਕੀ ਜਿਹੜੀ ਦੁਨੀਆਂਦਾਰਾਂ ਦੀ ਸਿੱਖਿਆ ਹੁੰਦੀ ਹੈ, ਉਹ ਹੁੰਦੀ ਹੈ ਕਿ ਧਨ ਕਿਵੇਂ ਕਮਾਉਣਾ ਹੈ? ਇਹ ਤਰੀਕਾ ਹੁੰਦੈ ਕਿ ਚਾਹੇ ਠੱਗੀ ਕਰੇ, ਚਾਹੇ ਕਿਵੇਂ ਕਰੇ ਪਰ ਘਰਦਿਆਂ ਲਈ ਕਮਾ ਕੇ ਲਿਆਵੇ। ਜੇ ਤਾਂ ਕਮਾ ਕੇ ਲਿਆਉਂਦਾ ਹੈ ਤਾਂ ਕਹਿੰਦੇ ਨੇ ਬੜਾ ਚੰਗਾ ਹੈ। ਮਾਂ-ਪਿਉ ਵੀ ਕਹਿੰਦੇ ਨੇ ਕਿ ਤੈਨੂੰ ਦੇਰ ਕਿਉਂ ਹੋ ਗਈ, ਛੇਤੀ ਕਿਉਂ ਨਹੀਂ ਆਇਆ। ਜੇ ਕਮਾ ਕੇ ਨਾ ਲਿਆਵੇ ਫੇਰ ਪਤਾ ਕੀ ਕਹਿੰਦੇ ਨੇ? ਕਹਿੰਦੇ, ਨੇ ਕਿਸੇ ਸਾਧਾਂ ਦੇ ਡੇਰੇ ਹੀ ਚਲਿਆ ਜਾਹ। ਫੇਰ ਕੋਈ ਮਾਂ-ਬਾਪ ਨਹੀਂ ਕਹਿੰਦਾ ਕਿ ਤੂੰ ਬੜਾ ਪਿਆਰਾ ਲਗਦੈਂ। ਉਹ ਇਸ ਤਰ੍ਹਾਂ ਸਮਝਦੇ ਨੇ ਕਿ ਸ਼ਾਇਦ ਸਾਧਾਂ ਨੂੰ ਨਿਕੰਮਿਆਂ ਦੀ ਹੀ ਲੋੜ ਹੈ, ਜਿਹੜਾ ਕੱਖ ਨਾ ਕਰੇ।

ਉਥੇ ਫਰੀਦਕੋਟ ਇਕ ਮਾਈ ਆ ਗਈ। ਬਾਬਾ ਜੀ! ਤੁਹਾਨੂੰ ਇਕ ਮੁੰਡਾ ਦੇਣਾ ਆਪਣਾ, 16-17 ਸਾਲ ਦਾ ਹੈ, ਇਹਨੂੰ ਤੁਸੀਂ ਰੱਖੋ।

ਮੈਂ ਕਿਹਾ, ਮਾਤਾ! ਕੀ ਗੱਲ?

ਕਹਿੰਦੀ, ਇਹਦਾ ਦਿਮਾਗ ਕੰਮ ਨਹੀਂ ਕਰਦਾ।

ਦੋ ਜਣੇ ਅਸੀਂ ਇਹਦੀ ਰਾਖੀ ਰਹਿੰਦੇ ਹਾਂ। ਤੁਹਾਨੂੰ ਸੰਭਾਲਦੇ ਹਾਂ ਕਿ ਤੁਸੀਂ ਇਹਦਾ ਧਿਆਨ ਰੱਖਿਓ। ਮੈਂ ਕਿਹਾ ਬਈ ਮਾਤਾ ਦੀ ਗੱਲ ਠੀਕ ਹੈ, ਮੈਨੂੰ ਵਿਹਲਾ ਸਮਝਿਆ ਕਿ ਤਿੰਨ-ਤਿੰਨ ਦੀਵਾਨ ਸਿਰਫ ਲਾਉਂਦੈ, ਬਾਕੀ ਵਿਹਲਾ ਹੀ ਰਹਿੰਦੈ। ਬਈ ਠੀਕ ਹੈ ਇਕ ਮੈਂ ਹੋ ਜੂ, ਇਕ ਸਿੰਘ ਢੋਲਕੀ ਵਾਲਾ ਲੈ ਲਵਾਂਗੇ, ਅਸੀਂ ਇਹਦੀ ਰਾਖੀ ਕਰਿਆ ਕਰਾਂਗੇ। ਕਹਿੰਦੀ, ਸਾਨੂੰ ਕੰਮ ਬੜੈ। ਇਹਦੀ ਰਾਖੀ ਕਰਨੀ ਪੈਂਦੀ ਹੈ, ਤੁਸੀਂ ਇਹਨੂੰ ਸੰਭਾਲ ਲਓ।

ਸੰਗਰੂਰ ਵਾਲੇ ਮਹਾਂਪੁਰਸ਼ਾਂ ਦੇ ਨਾਲ ਇਕ ਸਿੰਘ ਭਾਈ ਮੱਖਣ ਸਿੰਘ ਪੜ੍ਹਿਆ ਲਿਖਿਆ, ਬੜਾ ਚੰਗਾ ਸਿੰਘ ਹੈ। ਪੜ੍ਹਾਈ ਕੀਤੀ, ਉਹਨਾਂ ਆਪ ਦਸਿਆ ਸਟੇਜ 'ਤੇ। ਸਰਵਿਸ ਅੱਜ ਕਲ੍ਹ ਬਹੁਤ ਘੱਟ ਮਿਲਦੀ ਹੈ, ਜਿਹੜੀਆਂ ਮਿਲਦੀਆਂ ਨੇ ਤੁਹਾਨੂੰ ਪਤਾ ਹੀ ਹੈ। ਪੜ੍ਹਾਈ ਵੀ ਕੀਤੀ, ਉਹਨੇ ਜਗ੍ਹਾ-ਜਗ੍ਹਾ ਕੋਸ਼ਿਸ਼ ਕੀਤੀ। ਇੰਟਰਵਿਊ ਵੀ ਦਿਤੀ, ਨੌਕਰੀ ਮਿਲੀ ਨਾ। ਉਹਦੇ ਪਿਤਾ ਨੇ ਕਿਹਾ, ਜੇ ਤੈਨੂੰ ਕਿਤੇ ਨੌਕਰੀ ਨਹੀਂ ਮਿਲਦੀ ਤੂੰ ਸਾਧ ਹੀ ਬਣ ਜਾ। ਉਹਨਾਂ ਨੂੰ ਇਹ ਹੋਇਆ ਕਿ ਇਹ ਬੜਾ ਕੰਮ ਸੌਖਾ ਹੈ, ਸਾਧ ਬਣਨਾ। ਜਿਹਨੂੰ ਕੋਈ ਕੰਮ ਨਾ ਹੋਵੇ, ਸ਼ਾਇਦ ਤਾਂ ਉਹ ਸਾਧ ਬਣਦੈ। ਕਿੱਡਾ ਭੁਲੇਖਾ ਹੈ।

ਕਰੀਬ 1988-1990 ਦੀ ਗੱਲ ਹੈ, ਅਸੀਂ ਸੈਕਟਰੀਏਟ ਗਏ। ਇਥੇ ਰਤਵਾੜਾ ਸਾਹਿਬ ਪਾਣੀ ਦੀ ਟੈਂਕੀ ਵਾਸਤੇ। ਚਲੋ ਜ਼ਿਆਦਾ ਪਾਣੀ, ਗਹਿਰਾ ਪਾਣੀ ਮਿਲ ਜਾਵੇ ਸੰਗਤਾਂ ਵਾਸਤੇ। ਮਹਾਂਪੁਰਸ਼ਾਂ ਨੇ ਬਚਨ ਕੀਤਾ ਸੀ ਤਾਂ ਉਹਦੀ ਮਨਜ਼ੂਰੀ ਲੈਣੀ ਸੀ। ਪੰਜ-ਛੇ ਸਿੰਘ ਗਏ ਅਸੀਂ। ਜਿਸ ਵੇਲੇ ਇਕ ਆਫੀਸਰ ਨੂੰ ਮਿਲੇ, ਵੈਸੇ ਦਰਸ਼ਨ ਤਾਂ ਉਹਨਾਂ ਦੇ ਗੁਰਮੁਖਾਂ ਵਾਲੇ ਹੀ ਸਨ, ਬੜੇ ਸੋਹਣੇ। ਮੇਰੇ ਨਾਲ ਸੀ, ਭਾਈ ਹਰਪਾਲ ਸਿੰਘ ਜੀ, ਭਾਈ ਗੁਰਦੇਵ ਸਿੰਘ ਜੀ ਬਨੂੜ ਵਾਲੇ ਤੇ ਹੋਰ ਤਿੰਨ ਚਾਰ ਸਿੰਘ ਸੀ। ਅਸੀਂ ਚੋਲੇ ਪਾਏ ਹੋਏ। ਚੋਲੇ ਵੇਖਦੇ ਸਾਰ ਹੀ ਉਹਨੇ ਤਿਊੜੀ ਪਾ ਲਈ ਮੱਥੇ 'ਤੇ ਜਿਵੇਂ ਪਤਾ ਨਹੀਂ ਕੀ ਗੱਲ ਹੈ। ਹੋ ਜਾਂਦੈ ਭੁਲੇਖਾ ਕਈਆਂ ਨੂੰ।

ਇਕ ਜਗ੍ਹਾ ਸਿੰਘ ਵੈਸੇ ਗਏ ਉਹ ਸਮਝੇ ਕਿ ਉਗਰਾਹੀ ਲੈਣ ਆਏ ਨੇ। ਸੋ ਜਦੋਂ ਇਸ ਆਫੀਸਰ ਕੋਲ ਗਏ, ਪਾਣੀ ਦੀ ਗੱਲ ਕਰਨੀ ਸੀ, ਉਥੇ ਸਿੰਘ ਸੀ ਭਾਈ ਬਲਬੀਰ ਸਿੰਘ ਚੰਡੀਗੜ੍ਹ ਵਾਲੇ, ਉਹ ਸਾਨੂੰ ਨਾਲ ਲੈ ਕੇ ਗਏ। ਉਹਨਾਂ ਹੋਰ ਤਾਂ ਗੱਲ ਪੁੱਛੀ ਨਾ, ਅਸੀਂ ਫਤਹਿ ਬੁਲਾਈ। ਸਭ ਤੋਂ ਪਹਿਲਾਂ ਹੀ ਉਹਨਾਂ ਨੇ ਭਾਈ ਹਰਪਾਲ ਸਿੰਘ ਜੀ ਤੇ ਭਾਈ ਗੁਰਦੇਵ ਸਿੰਘ ਉਹਨਾਂ ਨੂੰ, ਇਹ ਪੁੱਛਿਆ ਕਿ ਕੋਈ ਪੜ੍ਹਾਈ ਵੀ ਕੀਤੀ ਹੈ? ਕਹਿੰਦੇ, ਹਾਂ ਜੀ ਕੀਤੀ ਹੈ। ਕਹਿੰਦਾ, ਅੱਛਾ, ਨੌਕਰੀ ਨਹੀਂ ਮਿਲੀ ਹੋਣੀ ਤਾਂ ਫੇਰ ਚੋਲੇ ਪਾ ਲਏ। ਫੇਰ ਕਹਿੰਦਾ, ਵਿਆਹ ਕਿਉਂ ਨਹੀਂ ਕਰਵਾਇਆ? ਮੈਂ ਕਿਹਾ, ਇਹ ਤਾਂ ਵਿਚਾਰਿਆਂ ਨੂੰ ਦਬੱਲ ਲਿਆ ਇਹਨਾਂ ਨੇ। ਉਹ ਬੋਲਣ ਨਾ, ਦੋਵੇਂ ਤਿੰਨੇ। ਮੈਂ ਕਿਹਾ, ਨਹੀਂ ਤੁਹਾਨੂੰ ਭੁਲੇਖਾ ਲਗਦੈ, ਇਹ ਮਿਸ਼ਨ ਦੇ ਵਿਚ ਜਿਹੜੇ ਸੇਵਾਦਾਰ ਆਏ ਨੇ ਉਹ ਨੌਕਰੀਆਂ ਛੱਡ-ਛੱਡ ਕੇ ਆਏ ਨੇ।

ਕਹਿੰਦਾ, ਵਿਆਹ ਵੀ ਕਰਾਇਐ?

ਮੈਂ ਕਿਹਾ, ਮੇਰਾ ਵਿਆਹ ਹੋਇਆ ਹੋਇਐ। ਕਈਆਂ ਨੂੰ ਪਤਾ ਹੀ ਨਹੀਂ ਸੀ।

ਉਹ ਹੈਰਾਨ ਜਿਹਾ ਹੋ ਗਿਆ ਪਹਿਲਾਂ। ਮੈਂ ਕਿਹਾ, ਇਹ ਜਿਹੜਾ ਤੁਸੀਂ ਸੋਚਦੇ ਹੋਂ, ਉਹ ਨਹੀਂ ਹਨ। ਸਾਡੇ ਜਿਹੜੇ ਮਹਾਂਪੁਰਸ਼ ਨੇ ਉਹਨਾਂ ਨੇ ਸਰਵਿਸਾਂ ਵੀ ਕੀਤੀਆਂ, ਭਗਤੀ ਵੀ ਕੀਤੀ। ਫੇਰ ਫਾਰਮ ਦਾ ਕੰਮ ਵੀ ਕੀਤੈ। ਪਰਿਵਾਰ ਦੀਆਂ ਜ਼ਿੰਮੇਵਾਰੀਆਂ ਵੀ ਨਿਭਾਈਆਂ ਨੇ। ਪਰ ਉਹਦੇ ਨਾਲ-ਨਾਲ ਉਹਨਾਂ ਨੇ-

*ਬ੍ਰਹਮ ਗਿਆਨੀ ਸਦਾ ਨਿਰਲੇਪ ॥*
*ਜੈਸੇ ਜਲ ਮਹਿ ਕਮਲ ਅਲੇਪ ॥* *ਅੰਗ - ੨੭੨*

ਉਹ ਮੇਰੇ ਵਲ ਦੇਖਣ ਲਗ ਪਿਆ। ਫੇਰ ਮੈਂ ਕਿਹਾ, ਜਿਹੜਾ ਮਿਸ਼ਨ ਹੈ ਇਹਦੇ ਵਿਚ ਜਿਹੜੇ ਡੇਰੇ 'ਚ ਸਿੰਘ ਰਹਿੰਦੇ ਨੇ, ਮੈਂ ਸ੍ਰੀ ਮਾਨ ਭਾਈ ਕਰਨੈਲ ਸਿੰਘ ਜੀ ਬਾਰੇ ਦਸਿਆ। ਭਾਈ ਗੁਰਦੇਵ ਸਿੰਘ ਜੀ ਵਲ ਇਸ਼ਾਰਾ ਕੀਤਾ। ਮੈਂ ਕਿਹਾ, ਸ੍ਰੀ ਮਾਨ ਜੀ ਸਵਰਾਜ ਫੈਕਟਰੀ ਦੇ ਵਿਚ ਚੰਗੀ ਸਰਵਿਸ ਕਰਦੇ ਸੀ। ਇਹਨਾਂ ਦਾ ਚੈੱਕ ਕੀਤਾ ਟਰੈਕਟਰ, ਕਿਤੇ ਹੋਰ ਚੈੱਕ ਨਹੀਂ ਸੀ ਕਰਵਾਉਂਦੇ ਕਿ ਭਾਈ ਕਰਨੈਲ ਸਿੰਘ ਨੇ ਚੈੱਕ ਕਰ ਲਿਆ, ਹੁਣ ਲੋੜ ਨਹੀਂ ਕਿਤੇ ਹੋਰ ਚੈੱਕ ਕਰਾਉਣ ਦੀ। ਇਹ ਨੌਕਰੀ ਛੱਡ ਕੇ ਗੁਰੂ ਦੀ ਸਰਵਿਸ ਵਿਚ ਆਏ ਨੇ। ਭਾਈ ਗੁਰਦੇਵ ਸਿੰਘ ਜੀ ਦਾ ਮੈਂ ਦੱਸਿਆ ਕਿ ਬੈਂਕ ਵਿਚ ਲੱਗੇ ਸੀ। ਇਸ ਤਰ੍ਹਾਂ ਮੈਂ ਹੋਰ ਵੀ ਸਭ ਦਾ ਦੱਸਿਆ। ਮੈਂ ਕਿਹਾ ਮੈਂ ਵੀ ਸਰਵਿਸ ਕਰਦਾ ਸੀ। ਇਹ ਚੋਲੇ ਜਿਹੜੇ ਪਾਏ ਨੇ ਉਹ ਇਸ ਤਰ੍ਹਾਂ ਨਹੀਂ ਪਾਏ। ਖੈਰ

ਫੇਰ ਉਹਦਾ ਮਨ ਮੰਨਿਆ। ਯਾਨਿ ਦੁਨੀਆਂ ਅੰਦਰ ਭੁਲੇਖਾ ਕੀ ਹੈ ਕਿ ਜੇ ਕਿਤੇ ਕਿਸੇ ਨੂੰ ਕੰਮ ਨਹੀਂ ਮਿਲਦਾ ਉਹ ਸਾਧੂ ਬਣ ਜਾਂਦੈ। ਇਹ ਜਿਹੜਾ ਫਕੀਰੀ ਦਾ ਰਸਤਾ ਹੈ, ਸਾਧਸੰਗਤ ਜੀ! ਬੜਾ ਔਖਾ ਹੈ, ਕੋਈ ਸੁਖਾਲਾ ਜਿਹਾ ਨਹੀਂ –

*ਫਕੀਰਾ ਫਕੀਰੀ ਦੂਰ ਹੈ ਜਿੰਨੀ ਕੁ ਲੰਮੀ ਖਜੂਰ ਹੈ*
*ਚੜ੍ਹ ਜਾਏ ਤੇ ਝੂਟੇ ਪ੍ਰੇਮ ਰਸ,*
*ਡਿੱਗ ਪਏ ਤਾਂ ਚਕਨਾ ਚੂਰ ਹੈ।*

ਇਹ ਘਾਟੀ ਬਹੁਤ ਔਖੀ ਹੈ। ਰਾੜਾ ਸਾਹਿਬ ਵਾਲੇ ਸੰਤ ਮਹਾਰਾਜ ਜੀ ਜਿਸ ਵੇਲੇ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਕੋਲ ਗਏ, ਉਸ ਵੇਲੇ ਹੋਰ ਕਾਫੀ ਬਚਨ ਹੋਏ। ਉਹਨਾਂ ਬਚਨਾਂ 'ਚੋਂ ਇਕ ਬਚਨ ਆਉਂਦੈ ਕਿ ਮਹਾਂਪੁਰਸ਼ਾਂ ਨੇ ਇਕ ਲੀਕ ਖਿੱਚੀ ਇਕ ਪਾਸੇ ਦੁਨੀਆਂ ਦੇ ਸੁਖ ਦੱਸੇ, ਤੁਸੀਂ ਵੱਡੇ ਅਫਸਰ ਵੀ ਬਣ ਜਾਓਂਗੇ, ਦੁਨੀਆਂ ਦੇ ਸੁਖ ਤੁਹਾਨੂੰ ਮਿਲਣਗੇ। ਇਕ ਪਾਸੇ ਹੈ ਫਕੀਰੀ। ਇਕ ਪਾਸੇ ਕੀਮਤੀ ਵਸਤਰ ਨੇ, ਵਧੀਆ ਖਾਣੇ ਨੇ, ਰਹਿਣ ਵਾਸਤੇ ਬੜੀਆਂ ਸੋਹਣੀਆਂ ਕੋਠੀਆਂ ਨੇ, ਹੁਕਮ ਚੱਲੇਗਾ, ਅਫਸਰ ਬਣ ਜਾਓਂਗੇ। ਦੁਨੀਆਂ ਦੇ ਸਾਰੇ ਸੁਖ ਪ੍ਰਾਪਤ ਹੋ ਜਾਣਗੇ। ਇਕ ਪਾਸੇ ਹੈ ਫਕੀਰੀ, ਲੋਕਾਂ ਨੇ ਤਾਅਨੇ-ਮਿਹਣੇ ਦੇਣੇ ਨੇ। ਜਿਥੇ ਉਸਤਤ ਹੋਣੀ ਹੈ, ਉਥੇ ਨਿੰਦਿਆ ਵੀ ਹੋਣੀ ਹੈ। ਕਹਿੰਦੇ, ਜੋੜਾ ਵੀ ਧੌੜੀ ਦਾ ਕਿਸੇ ਵੇਲੇ ਮਿਲਣਾ ਹੈ, ਕਿਸੇ ਵੇਲੇ ਨਹੀਂ। ਸਾਦੇ ਵਸਤਰ ਮਿਲਣੇ ਨੇ, ਸਮਝਾ ਦਿਤਾ। ਪਰ ਇਹਦਾ ਜਿਹੜਾ ਰੀਜ਼ਲਟ ਹੈ, ਸਾਰ ਹੈ, ਅੰਤ ਹੈ ਉਹ ਕੀ ਹੈ? ਉਹ ਅਬਿਨਾਸੀ ਸੁਖ ਹੈ। ਇਕ ਪਾਸੇ ਦੁਨਿਆਵੀ ਸੁਖ ਹੈ, ਥੋੜ੍ਹੀ ਦੇਰ ਵਾਸਤੇ, ਏਧਰ ਅਬਿਨਾਸੀ ਸੁਖ ਹੈ। ਕਹਿੰਦੇ, ਫੈਸਲਾ ਕਰ ਲਓ।

ਰਾੜਾ ਸਾਹਿਬ (ਬ੍ਰਹਮ ਗਿਆਨੀ ਮਹਾਂਪੁਰਸ਼ ਸੰਤ ਈਸ਼ਰ ਸਿੰਘ ਜੀ) ਮਹਾਂਪੁਰਸ਼ਾਂ ਨੇ ਦੁਨੀਆਂ ਦੇ ਸੁਖ ਛੱਡ ਕੇ ਫਕੀਰੀ ਲੈ ਲਈ।

ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜਿਸ ਵਕਤ ਮੱਕੇ ਨੂੰ ਜਾਂਦੇ ਨੇ। ਸ਼ਾਹ ਸ਼ਰਫ ਪੀਰ ਮਿਲਿਆ ਆਪ ਜੀ ਨੂੰ। ਕਾਫੀ ਸਵਾਲ ਜਵਾਬ ਹੋਏ ਉਥੇ। ਸਭ ਤੋਂ ਪਹਿਲਾ ਜਿਹੜਾ ਸਵਾਲ ਬੇਨਤੀ ਦੇ ਰੂਪ ਕੀਤਾ ਉਹ ਇਹ ਸੀ ਕਿ ਮਹਾਰਾਜ! ਆਦਿ ਫਕੀਰੀ ਕੀ ਹੈ ਤੇ ਅੰਤ ਫਕੀਰੀ ਕੀ ਹੈ?

ਸ੍ਰੀ ਗੁਰੂ ਨਾਨਕ ਪਾਤਸ਼ਾਹ ਮਹਾਰਾਜ ਕਹਿੰਦੇ, ਸ਼ਾਹ ਸ਼ਰਫ! ਆਦਿ ਫਕੀਰੀ ਹੈ ਫਨਾਹ ਅਸਤ, ਅੰਤ ਫਕੀਰੀ ਕੀ ਹੈ ਬਕਾ ਅਸ਼ਤ। ਫਨਾਹ ਅਸਤ ਦਾ ਮਤਲਬ ਆਪਣੇ ਆਪ ਨੂੰ ਮਿਟਾਉਣਾ।,ਬਣਨਾ ਨਹੀਂ। ਇਹ ਬੜੀ ਔਖੀ ਘਾਟੀ ਹੈ –

*ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ॥*
*ਅੰਗ – ੪੭੪*

ਸੋ ਕਹਿੰਦੇ, ਆਪਣੇ ਆਪ ਨੂੰ ਮਿਟਾਉਣਾ ਹੈ ਇਹ ਆਦਿ ਫਕੀਰੀ ਹੈ। ਅੰਤ ਫਕੀਰੀ ਕੀ ਹੈ? ਜਦੋਂ ਆਪਣੇ ਆਪ ਨੂੰ ਮਿਟਾ ਲਿਆ, ਮੈਂ ਮੇਰੀ ਖਤਮ ਹੋ ਗਈ। ਮਨ ਕਰਕੇ ਸੰਸਾਰ ਹੈ, ਮਨ ਅ-ਮਨ ਹੋ ਗਿਆ–

*ਏਹੁ ਵਿਸੁ ਸੰਸਾਰੁ ਤੁਮ ਦੇਖਦੇ*
*ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ ॥*
*ਅੰਗ – ੯੨੨*

ਕਿ ਵਾਹਿਗੁਰੂ ਆਪ ਹੀ ਹੈ ਸਾਰੇ, ਵਾਹਿਗੁਰੂ ਤੋਂ ਬਗੈਰ ਇਥੇ ਕੋਈ ਦੂਜਾ ਨਹੀਂ। ਸੋ ਇਸ ਕਰਕੇ ਜਿਹੜਾ ਰਸਤਾ ਹੈ ਨਾ, ਸਾਧਸੰਗਤ ਜੀ! ਇਹ ਬੜਾ ਕਠਿਨ ਹੈ। ਇਹਨੂੰ ਭਗਤੀ ਦਾ ਮਾਰਗ ਕਹਿ ਦੇਈਏ, ਸਿੱਖੀ ਦਾ ਮਾਰਗ ਕਹਿ ਦੇਈਏ, ਨਾਮ ਦਾ ਮਾਰਗ ਕਹਿ ਦੇਈਏ, ਰੂਹਾਨੀ ਮਾਰਗ, ਤਾਂ ਹੀ ਮਹਾਰਾਜ ਕਹਿੰਦੇ ਨੇ –

*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥ ਅੰਗ– ੧੪੧੨*
*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ ॥*
*ਅੰਗ– ੧੧੦੨*

ਸੰਸਾਰ ਵਲੋਂ ਤੈਨੂੰ ਮਨ ਕਰਕੇ ਮਰਨਾ ਪਏਗਾ। ਆਹ ਸ਼ਰਤ ਗੁਰੂ ਮਹਾਰਾਜ ਦਸਦੇ। ਸੋ ਸੰਸਾਰ ਵਲੋਂ ਮਰਨਾ ਪੈਂਦੈ। ਹੁਣ ਸੰਸਾਰ ਕੀ ਕਹੇਗਾ, ਸੰਸਾਰ ਕਹੇਗਾ ਨਿਕੰਮਾ ਹੈ, ਇਹ ਕੰਮ ਨਹੀਂ ਕਰਦਾ, ਇਹ ਠੀਕ ਨਹੀਂ। ਕਿਉਂਕਿ ਸੰਸਾਰ ਦੀ ਜਿਹੜੀ ਵਿਚਾਰ ਹੈ, ਇਹ ਹੋਰ ਹੈ।

ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਿਤਾ ਨੇ ਬਾਬਾ ਮਹਿਤਾ ਕਾਲੂ ਜੀ ਨੇ 20 ਰੁਪਏ ਦਿਤੇ। ਉਸ ਵੇਲੇ ਇਕ ਵੱਡੀ ਰਕਮ ਸੀ, ਵੀਹ ਰੁਪਏ।

ਕੁਝ ਸਮਾਂ ਪਹਿਲਾਂ ਮਹਾਂਪੁਰਸ਼ਾਂ ਨੇ ਇਕ ਬਚਨ ਸੁਣਾਇਆ ਕਿ ਆਪਣੇ ਨਗਰ ਦਾ ਕਿਸਾਨ ਗੱਡੇ 'ਤੇ

ਫਸਲ ਵੇਚ ਕੇ ਆਇਆ। ਉਸ ਵੇਲੇ ਰਸਤਿਆਂ ਵਿਚ ਰੇਤਾ ਹੋਇਆ ਕਰਦਾ ਸੀ। ਉਹਦਾ ਇਕ ਚਾਂਦੀ ਦਾ ਰੁਪਿਆ ਰਸਤੇ ਵਿਚ ਡਿੱਗ ਪਿਆ। ਉਹਨੇ ਪਿੰਡ ਆ ਕੇ ਦਸਿਆ। ਪਿੰਡ ਵਾਲਿਆਂ ਨੂੰ ਇਕੱਠਿਆਂ ਕੀਤਾ ਕਿ ਭਾਈ! ਬੜੀ ਵੱਡੀ ਰਕਮ, ਇਕ ਰੁਪਿਆ ਚਾਂਦੀ ਦਾ ਡਿੱਗ ਪਿਆ। ਛਾਨਣੇ ਲੈ ਕੇ ਆਓ। ਪਿੰਡ ਵਾਲੇ ਸਾਰੇ ਛਾਨਣੇ ਲੈ ਕੇ ਆਏ। ਉਹਨੂੰ ਪੁੱਛਿਆ ਗਿਆ ਕਿ ਦਸ ਤੇਰਾ ਅੰਦਾਜ਼ਾ ਕਿ ਕਿੱਥੇ ਕੁ ਗਿਰਿਆ ਹੈ? ਉਹਨੇ ਦਸਿਆ। ਇਕ ਕਿਲੋਮੀਟਰ ਦੇ ਵਿਚ ਕਈ ਜਣੇ ਅੱਡ-ਅੱਡ ਲਗ ਗਏ। ਇਕ ਪਾਸਿਓਂ ਰੇਤਾ ਛਾਣ-ਛਾਣ ਕੇ ਪਾਸੇ ਕਰੀ ਜਾਓ ਤੇ ਉਹ ਰੁਪਿਆ ਲੱਭਣੈ। ਰੇਤਾ ਛਾਣ-ਛਾਣ ਕੇ ਇਕ ਪਾਸੇ ਕਰੀ ਗਏ, ਰੁਪਿਆ ਚਾਂਦੀ ਦਾ ਲੱਭ ਕੇ ਉਹਨੂੰ ਦਿਤਾ ਕਿ ਲੈ ਭਾਈ। ਸੋ ਕਿੰਨੀ ਕਦਰ ਸੀ ਉਸਦੀ।

ਸ੍ਰੀ ਗੁਰੂ ਨਾਨਕ ਸਾਹਿਬ ਵੇਲੇ ਵੀਹ ਰੁਪਏ ਵੱਡੀ ਰਕਮ ਸੀ। ਆਪ ਜੀ ਦੇ ਪਿਤਾ ਜੀ ਬਾਬਾ ਮਹਿਤਾ ਕਾਲੂ ਜੀ ਨੇ ਕਿਹਾ, ਐ ਨਾਨਕ ਜੀ! ਜਾਓ ਇਹਦਾ ਤੁਸੀਂ ਉਹ ਸੌਦਾ ਕਰਨੈ ਜਿਹੜਾ ਮੁਨਾਫੇ ਵਾਲਾ ਹੋਵੇ। ਘਾਟੇ ਵਾਲਾ ਸੌਦਾ ਨਾ ਕਰਿਓ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਹਾ, ਪਿਤਾ ਜੀ! ਮੈਂ ਇਹਨਾਂ ਵੀਹਾਂ ਰੁਪਈਆਂ ਦਾ ਉਹ ਸੌਦਾ ਕਰਾਂਗਾ ਜਿਹਦਾ ਮੁਨਾਫਾ ਕਦੇ ਮੁੱਕੇ ਹੀ ਨਾ। ਕਹਿੰਦੇ ਘਾਟੇ ਵਾਲਾ ਨਹੀਂ ਹੋਏਗਾ ਸੌਦਾ। ਇਹਦੀ ਬਰਕਤ ਜਿਹੜੀ ਹੈ ਜਿਉਂ-ਜਿਉਂ ਖਾਣਗੇ ਵਧਦੀ ਜਾਏਗੀ।

ਆਪ ਜੀ ਨੇ ਕੀ ਕੀਤਾ। ਦੇਖਿਆ ਕਿ ਇਕ ਜਗ੍ਹਾ ਸੰਤ ਮੰਡਲੀ, ਸੰਤ ਰੇਣ ਜੀ ਉਹਨਾਂ ਦੇ ਮੁਖੀ ਨੇ, ਔਰ ਪਿਆਰ ਵਾਲੇ ਭਜਨ ਕਰਦੇ ਨੇ ਰੱਬ 'ਤੇ ਭਰੋਸਾ ਹੈ ਉਹਨਾਂ ਦਾ। ਕਿਤੇ ਮੰਗ ਕੇ ਨਹੀਂ ਖਾਂਦੇ ਉਹ। ਆ ਜਾਂਦੈ ਠੀਕ ਹੈ, ਨਹੀਂ ਆਉਂਦਾ ਤਾਂ ਅਨੰਦ ਵਿਚ ਨੇ। ਭਜਨ ਕਰਦੇ ਨੇ। ਸ੍ਰੀ ਗੁਰੂ ਨਾਨਕ ਸਾਹਿਬ ਜਿਹੜੀ ਆਮ ਸਾਡੀ ਲਿਖਤ ਹੈ, ਬੋਲੀ ਹੈ ਉਹਦੇ ਉਤੇ ਇਹ ਕਿਹਾ ਜਾਂਦਾ ਸੀ ਬਾਬਾ ਮਹਿਤਾ ਕਾਲੂ ਜੀ ਦੇ ਉਹ ਲਾਲ ਨੇ, ਸਪੁੱਤਰ ਨੇ, ਬੇਟੇ ਨੇ। ਪਰ ਉਹ ਤਾਂ ਸਾਰੇ ਸੰਸਾਰ ਦੇ ਪਿਤਾ ਸਨ। ਉਸ ਵੇਲੇ ਆਪ ਜੀਆਂ ਨੇ ਸੋਚਿਆ ਕਿ ਇਸ ਤੋਂ ਵੱਡਾ ਸੱਚਾ ਸੌਦਾ, ਖਰਾ ਸੌਦਾ, ਕੀ ਹੋ ਸਕਦੈ। ਚੂਹੜਕਾਣੇ ਦੀ ਮੰਡੀ ਵਿਚ ਗਏ, ਉਹਨਾਂ ਵੀਹਾਂ ਰੁਪਿਆਂ ਦਾ ਬਹੁਤ ਰਾਸ਼ਨ ਆਇਆ। ਸੋ ਆਪ ਜੀ ਉਹ ਰਾਸ਼ਨ ਲੈ ਕੇ ਉਥੇ ਲੈ ਆਏ। ਲੰਗਰ ਚਲਾਇਆ, ਰਸਦਾਂ ਮਹਾਂਪੁਰਸ਼ਾਂ ਨੂੰ ਸੰਭਾਲੀਆਂ, ਹੱਥੀਂ ਸੇਵਾ ਕੀਤੀ। ਬੜੇ ਪ੍ਰਸੰਨ ਹੋਏ ਕਿਉਂਕਿ ਜਿਹਨਾਂ ਦਾ ਭਰੋਸਾ ਰੱਬ 'ਤੇ ਹੋਵੇ ਫੇਰ ਵਾਹਿਗੁਰੂ ਆਪ ਕਰਦੈ ਹੱਥੀਂ ਉਹਨਾਂ ਦੇ ਕੰਮ ਸਾਰੇ। ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਪੁੱਛਿਆ, ਮਹਾਰਾਜ! ਤੁਸੀਂ ਨੇਤਰ ਬੰਦ ਕਰਕੇ ਸਮਾਧੀ 'ਚ ਬੈਠਦੇ ਹੋਂ। ਭਗਤ ਤੁਹਾਡਾ ਧਿਆਨ ਧਰਦੇ ਨੇ, ਪਰ ਤੁਸੀਂ ਕਿਸ ਦਾ ਧਿਆਨ ਧਰਦੇ ਹੋਂ? ਭਗਵਾਨ ਸ੍ਰੀ ਕ੍ਰਿਸ਼ਨ ਕਹਿਣ ਲੱਗੇ, ਅਰਜਨ! ਜਿਹੜੇ ਮੇਰਾ ਧਿਆਨ ਧਰਦੇ ਨੇ ਮੈਂ ਉਹਨਾਂ ਦਾ ਧਿਆਨ ਧਰਦਾ ਹਾਂ। ਇਸੇ ਤਰ੍ਹਾਂ ਸਾਧਸੰਗਤ ਜੀ ਵਾਹਿਗੁਰੂ ਆਪ ਕਿਤੇ ਧੰਨੇ ਭਗਤ ਦੇ ਹਲ ਚਲਾਉਂਦੇ, ਕਿਤੇ ਖੂਹ ਚਲਾਉਂਦੇ, ਕਿਤੇ ਚਾਰਾ ਕੱਟਦੇ, ਕਿਤੇ ਪਸ਼ੂ ਚਾਰਦੇ ਕਿਉਂਕਿ ਪਿਆਰ ਹੈ। ਅੱਜ ਉਹ ਪ੍ਰਮੇਸ਼ਰ ਵਾਹਿਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਦੇ ਰੂਪ ਵਿਚ ਆਪਣੇ ਭਗਤਾਂ ਦੀ ਸੇਵਾ ਕਰ ਰਿਹੈ। ਭਾਈ ਬਾਲਾ ਜੀ ਨਾਲ ਸੀ, ਆਪ ਦੇ। ਉਥੋਂ ਜਿਸ ਵੇਲੇ ਵਾਪਸ ਆਏ। ਆਪ ਜੀ ਪਿੰਡ ਤੋਂ ਬਾਹਰ ਹੀ ਬੈਠ ਗਏ। ਭਾਈ ਬਾਲਾ ਜੀ ਨੂੰ ਕਿਹਾ ਕਿ ਇਸ ਤਰ੍ਹਾਂ ਕਰੀਂ ਜੋ ਅਸੀਂ ਕੀਤਾ, ਤੂੰ ਪਿਤਾ ਜੀ ਨੂੰ ਦਸ ਦੇਵੀਂ ਹੁਣ ਆਪਣੀ ਬੋਲੀ ਵਿਚ।

ਭਾਈ ਬਾਲਾ ਜੀ ਗਏ, ਬਾਬਾ ਮਹਿਤਾ ਕਾਲੂ ਜੀ ਕਹਿਣ ਲੱਗੇ, ਕਿਉਂ ਬਈ! ਕਿੱਥੇ ਹੈ ਤੇਰਾ ਸਾਥੀ? ਕਹਿੰਦੇ ਉਹ ਤਾਂ ਬਾਹਰ ਬੈਠੇ ਨੇ। ਕਹਿੰਦੇ, ਕੀ ਕਰਕੇ ਆਏ ਹੋਂ? ਖਾਲੀ ਜਾਪਦੇ ਹੋਂ? ਕੀ ਸੌਦਾ ਕੀਤੈ?

ਭਾਈ ਬਾਲਾ ਜੀ ਨੇ ਦਸ ਦਿਤਾ ਕਿ ਚੂਹੜਕਾਣੇ ਦੀ ਮੰਡੀ 'ਚ ਜਾ ਕੇ ਉਥੋਂ ਰਸਦਾਂ ਲਈਆਂ, ਸਾਧੂਆਂ ਨੂੰ ਭੋਜਨ ਛਕਾ ਦਿਤਾ। ਬਾਕੀ ਸਾਰਾ ਉਹਨਾਂ ਨੂੰ ਦੇ ਦਿਤਾ। ਕਹਿੰਦੇ, ਆਹ ਦੇਖੋ ਕੀ ਕੀਤਾ? ਇਥੋਂ ਤਕ ਕਿ ਬੋਲ-ਕਬੋਲ ਬੋਲਦਿਆਂ ਹੋਇਆਂ ਆਏ ਤੇ ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਦੇ ਪਿਆਰੇ ਸੋਹਣੇ ਮੁਖੜੇ 'ਤੇ ਥੱਪੜ ਮਾਰ ਦਿਤੇ, ਬਾਬਾ ਮਹਿਤਾ ਕਾਲੂ ਜੀ ਨੇ। ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਨੇ ਕੋਈ ਜਵਾਬ ਨਹੀਂ ਦਿਤਾ ਅੱਗੋਂ। ਹੁਣ ਗੱਲ ਕੀ ਸੀ? ਸ੍ਰੀ ਗੁਰੂ ਨਾਨਕ ਸਾਹਿਬ ਮਹਾਰਾਜ ਨੇ ਸਾਨੂੰ ਸਮਝਾਇਆ ਪਿਆਰਿਓ! ਤੁਸੀਂ ਵੱਡਿਆਂ ਦਾ ਸਤਿਕਾਰ ਕਰੋ, ਵੱਡਿਆਂ ਦੇ ਅੱਗੇ ਨਾ ਬੋਲੋ ਕਦੀ। ਅੱਜ ਸਭ ਕੁਝ ਉਲਟ ਹੋ ਗਿਆ। ਘਰਾਂ ਵਿਚ ਕਲੇਸ਼ ਪਏ ਹੋਏ ਨੇ। ਕਾਰਨ ਕੀ ਹੈ? ਸਤਿਕਾਰ ਖਤਮ ਹੋ ਗਿਆ, ਵੱਡਿਆਂ ਦਾ। ਆਪਣਾ ਹੱਕ ਲੈ ਕੇ ਬੰਦਾ ਫਰਜ਼ ਭੁੱਲ ਗਿਆ। ਜਦੋਂ ਬੰਦਾ ਫਰਜ਼ ਭੁੱਲ ਜਾਂਦੈ,

ਮਾਤਾ ਪਿਤਾ ਫਰਜ਼ ਭੁੱਲ ਜਾਵੇ। ਬੱਚੇ ਅਵਾਰਾ ਹੋ ਜਾਂਦੇ ਨੇ। ਭਰਾ-ਭਰਾ ਫਰਜ਼ ਭੁੱਲ ਜਾਣ, ਪਤੀ-ਪਤਨੀ ਆਪਸ ਵਿਚ ਫਰਜ਼ ਭੁੱਲ ਜਾਣ, ਕਲੇਸ਼ ਪੈ ਜਾਂਦੈ। ਉਹ ਹੱਕ ਪ੍ਰਾਪਤ ਕਰਕੇ ਮਨੁੱਖ ਆਪਣਾ ਫਰਜ਼ ਭੁੱਲ ਜਾਂਦੈ। ਸੋ ਗੁਰੂ ਮਹਾਰਾਜ ਨਾਲ ਵੀ ਆਹ ਵਰਤਾਰਾ ਕੀਤਾ ਸੀ। ਕਿਉਂ? ਕਿਉਂਕਿ ਉਹ ਚਾਹੁੰਦੇ ਸੀ ਕਿ ਬਹੁਤ ਧਨ ਆਵੇ। ਇਹ ਕੁਦਰਤੀ ਹੋਇਆ ਕਰਦੈ।

ਭਗਤ ਰਵਿਦਾਸ ਜੀ ਦੇ ਪਿਤਾ ਜੀ, ਮਾਤਾ ਜੀ ਨੇ ਦੇਖਿਆ ਹੈ ਕਿ ਕਮਾਲ ਹੈ ਜੇ ਇਹਨੂੰ ਕੰਮ ਨੂੰ ਲਾਇਆ ਹੀ ਹੈ, ਕਹਿੰਦਾ ਹੈ, ਸਾਧੂਆਂ ਕੋਲੋਂ ਮੰਗਣਾ ਕੀ ਹੈ? ਜਿਹੜਾ ਇਹਦੇ ਕੋਲ ਹੁੰਦੈ ਉਹ ਵੀ ਸਾਧੂਆਂ ਨੂੰ ਖੁਆ ਦਿੰਦੈ। ਜੇ ਕੋਈ ਹੋਰ ਆਉਂਦੈ, ਜੋੜੇ ਗੰਢਦੈ, ਦੇ ਗਿਆ ਤਾਂ ਦੇ ਗਿਆ ਨਹੀਂ ਤਾਂ ਬਸ ਠੀਕ ਹੈ। ਹੁਣ ਆਪਣੇ ਆਮ ਕੀ ਹੈ, ਪੰਜਾਬੀਆਂ ਵਿਚ ਵੀ, ਜੇ ਕੋਈ ਬੇਟਾ ਘੱਟ ਕੰਮ ਕਰੇ। ਕਹਿੰਦੇ ਨੇ ਕਿ ਅੱਡ ਕਰੋ ਫੇਰ ਆਪੇ ਪਤਾ ਲਗ ਜੂ, ਜਦੋਂ ਗਲ ਪਊ ਪਰਿਵਾਰ ਦਾ ਖਰਚਾ, ਇਹਦੇ ਘਰਵਾਲੀ ਬੀਬੀ ਪੁੱਛੇਗੀ ਇਹਨੂੰ, ਇਹ ਹੁਣ ਘਰ ਵੱਡਿਆਂ ਦੀ ਕਮਾਈ ਖਾਂਦੈ। ਤਰੀਕਾ ਤਾਂ ਠੀਕ ਹੀ ਹੁੰਦੈ ਵੈਸੇ।

ਉਹਨਾਂ ਨੇ ਕਿਹਾ ਕਿ ਇਹਨਾਂ ਨੂੰ ਅੱਡ ਕਰੋ। ਇਹ ਆਪਣੀ ਕਮਾਈ ਤਾਂ ਖਵਾਈ ਜਾਂਦੈ, ਸਾਡੀ ਵੀ ਖਵਾਈ ਜਾਂਦੈ। ਜਦੋਂ ਅੱਡ ਹੋ ਜਾਏਗਾ, ਦੇਖ ਲਵਾਂਗੇ ਕਿ ਕਿੰਨੀ ਕੁ ਕਿਸੇ ਨੂੰ ਖਵਾਉਂਦੈ। ਪੈਸੇ ਮੰਗਦਾ ਹੈ ਕਿ ਨਹੀਂ ਮੰਗਦਾ ਫੇਰ ਦੇਖਾਂਗੇ। ਫੇਰ ਇਹਦਾ ਰੱਬ ਕਿੱਥੋਂ ਦੇਊ ਇਹਨੂੰ। ਭਗਤ ਰਵਿਦਾਸ ਜੀ ਦੀ ਸ਼ਾਦੀ ਹੋ ਚੁੱਕੀ ਸੀ, ਭਾਵੇਂ ਅੱਡ ਨਹੀਂ ਸੀ ਹੋਣਾ ਚਾਹੁੰਦੇ। ਅੱਡ ਕਰ ਦਿਤਾ ਕਿ ਤੂੰ ਆਪਣਾ ਕੰਮ ਚਲਾ। ਕਹਿੰਦੇ, ਠੀਕ ਹੈ, ਜੋ ਪ੍ਰਮੇਸ਼ਰ ਦਾ ਹੁਕਮ ਹੈ।

ਸੋ ਹੁਣ ਉਸੇ ਤਰ੍ਹਾਂ ਹੀ ਉਹ ਕਰਦੇ ਨੇ, ਸਾਧੂ ਆਉਂਦੇ ਨੇ ਉਹਨਾਂ ਦੀ ਸੇਵਾ ਕਰਦੇ ਨੇ, ਉਹਨਾਂ ਦੇ ਜੋੜੇ ਵੀ ਗੰਢਦੇ ਨੇ। ਉਹਨਾਂ ਦੀ ਲੰਗਰ ਪਾਣੀ ਦੀ ਸੇਵਾ ਕਰਦੇ ਨੇ ਕਿ ਆਹ ਲਓ ਆਹ ਰਸਦਾਂ ਲੈ ਜਾਓ। ਜੇ ਕੋਈ ਦੂਜਾ ਆਉਂਦੈ, ਉਹਦੇ ਵੀ ਜੋੜੇ ਗੰਢ ਦਿੰਦੇ, ਪੈਸਾ ਨਹੀਂ ਮੰਗਦੇ, ਜੋ ਦੇ ਗਿਆ, ਉਹਦੇ ਨਾਲ ਆਪਣਾ ਨਿਰਵਾਹ ਕਰਦੇ ਨੇ। ਛੱਪਰੀ ਵਿਚ ਰਹਿੰਦੇ ਨੇ ਤੇ ਅਨੰਦ ਦੇ ਵਿਚ ਨੇ। ਹੁਣ ਜਿਹੜਾ ਦੁਨਿਆਵੀ ਨਾਪ ਤੋਲ ਹੈ ਉਹਦੇ ਹਿਸਾਬ ਨਾਲ ਤਾਂ ਅਤਿ ਦੀ ਗਰੀਬੀ ਸੀ ਪਰ ਪ੍ਰਮੇਸ਼ਰ ਦੇ ਘਰ ਵਿਚ ਉਹ ਰਾਜਿਆਂ ਦੇ ਰਾਜੇ ਸਨ -

*ਬਸਤਾ ਤੂਟੀ ਝੁੰਪੜੀ ਚੀਰ ਸਭਿ ਛਿੰਨਾ ॥*
*ਜਾਤਿ ਨ ਪਤਿ ਨ ਆਦਰੋ ਉਦਿਆਨ ਭ੍ਰਮਿੰਨਾ ॥*
*ਮਿਤ੍ਰ ਨ ਇਠ ਧਨ ਰੂਪਹੀਣ ਕਿਛੁ ਸਾਕੁ ਨ ਸਿੰਨਾ ॥*
*ਰਾਜਾ ਸਗਲੀ ਸ੍ਰਿਸਟਿ ਕਾ ਹਰਿ ਨਾਮਿ ਮਨੁ ਭਿੰਨਾ ॥*
*ਤਿਸ ਕੀ ਧੂੜਿ ਮਨੁ ਉਧਰੈ ਪ੍ਰਭੁ ਹੋਇ ਸੁਪ੍ਰਸੰਨਾ ॥*
*ਅੰਗ - ੭੦੭*

*ਪੰਡਿਤ ਸੂਰ ਛਤ੍ਰਪਤਿ ਰਾਜਾ*
*ਭਗਤ ਬਰਾਬਰਿ ਅਉਰੁ ਨ ਕੋਇ ॥ ਅੰਗ - ੮੫੮*

ਮਹਾਰਾਜ ਕਹਿੰਦੇ, ਪਿਆਰਿਓ! ਸਭ ਤੋਂ ਵੱਡਾ ਪ੍ਰਮੇਸ਼ਰ ਦਾ ਪਿਆਰਾ ਹੈ ਜੇ ਉਹ ਮਹਿਲਾਂ ਵਿਚ ਰਹਿੰਦਾ ਹੈ, ਸੋਹਣੀਆਂ ਕੋਠੀਆਂ ਵਿਚ ਰਹਿੰਦਾ ਹੈ ਉਹ ਵੀ ਸੁਹਾਵਣੀਆਂ ਨੇ -

*ਜਿਥੈ ਨਾਮੁ ਜਪੀਐ ਪ੍ਰਭ ਪਿਆਰੇ ॥*
*ਸੇ ਅਸਥਲ ਸੋਇਨ ਚਉਬਾਰੇ ॥*
*ਜਿਥੈ ਨਾਮੁ ਨ ਜਪੀਐ ਮੇਰੇ ਗੋਇਦਾ*
*ਸੇਈ ਨਗਰ ਉਜਾੜੀ ਜੀਉ ॥ ਅੰਗ - ੧੦੫*

*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥*
*ਕਿਤ ਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ॥*
*ਅੰਗ - ੭੪੫*

ਸੋ ਰੱਬ ਦਾ ਪਿਆਰਾ ਚਾਹੇ ਛੱਪਰੀ ਵਿਚ ਹੈ, ਚਾਹੇ ਕੱਚੇ ਮਕਾਨ ਵਿਚ ਹੈ, ਚਾਹੇ ਮਹਿਲਾਂ ਵਿਚ ਹੈ, ਉਹ ਸੁਹਾਵਣੇ ਨੇ। ਉਹ ਨਾਮ ਨਾਲ ਰੱਤਿਆ ਹੋਇਆ ਹੈ। ਮਹਾਰਾਜ ਕਹਿੰਦੇ, ਉਹ ਰਾਜਿਆਂ ਦਾ ਰਾਜਾ ਹੈ -

*ਜਿਸ ਨੋ ਬਖਸੇ ਸਿਫਤਿ ਸਾਲਾਹ ॥*
*ਨਾਨਕ ਪਾਤਿਸਾਹੀ ਪਾਤਿਸਾਹੁ ॥ ਅੰਗ - ੫*

ਹੁਣ ਰਾਜਿਆਂ ਦਾ ਰਾਜਾ ਕਿਵੇਂ ਹੋ ਗਿਆ? ਜਿਹੜੇ ਦੁਨੀਆਂ ਦੇ ਰਾਜੇ ਨੇ ਉਹ ਤਾਂ ਚਾਰ ਦਿਨ ਦੇ ਰਾਜੇ ਨੇ। ਉਹ ਵੀ ਹਰ ਵੇਲੇ ਚਿੰਤਾ ਵਿਚ ਦੁਖੀ ਰਹਿੰਦੇ ਨੇ ਕਿ ਪਤਾ ਨਹੀਂ ਕਦੋਂ ਅੱਜ ਤਖਤ 'ਤੇ ਬੈਠਾ ਹੈ ਤੇ ਕੱਲ੍ਹ ਨੂੰ ਤਖਤਿਆਂ 'ਤੇ ਲਟਕਾਇਆ ਜਾਣੈ। ਕੀ ਪਤਾ ਕਿਸ ਤਰ੍ਹਾਂ ਦਾ ਸਮਾਂ ਆ ਜਾਵੇ? ਅੱਜ ਹੁਕਮ ਚਲਦੈ, ਕੱਲ੍ਹ ਨੂੰ ਪਤਾ ਨਹੀਂ ਹੁਕਮ ਮੰਨਣਾ ਪੈਣੈ। ਸੋ ਉਹਨਾਂ ਨੂੰ ਤਾਂ ਫਿਕਰ ਰਹਿੰਦੈ। ਸੋ ਮਹਾਰਾਜ ਕਹਿੰਦੇ -

*ਕੋਊ ਹਰਿ ਸਮਾਨਿ ਨਹੀ ਰਾਜਾ ॥*
*ਏ ਭੂਪਤਿ ਸਭ ਦਿਵਸ ਚਾਰਿ ਕੇ ਝੂਠੇ ਕਰਤ ਦਿਵਾਜਾ॥*
*ਅੰਗ - ੮੫੬*

*'ਚਲਦਾ............।'*

# ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਰ ॥*
*ਕੀਨੇ ਰਾਮ ਨਾਮ ਇਕ ਆਖ੍ਯ੍ਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ਅੰਗ - ੨੬੨*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਤਿਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ। ਚਿਤ ਬਿਰਤੀਆਂ ਨੂੰ ਇਕਾਗਰ ਕਰੀਏ। ਰਸਨਾ ਦੀ ਪਵਿੱਤਰਤਾ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ - 'ਸਤਿਨਾਮੁ ਸ੍ਰੀ ਵਾਹਿਗੁਰੂ।' ਦੂਰ-ਦੂਰ ਤੋਂ ਆ ਕੇ ਗੁਰੂ ਦਰਬਾਰ ਦੀ ਹਾਜ਼ਰੀ ਭਰ ਰਹੇ ਹੋਂ ਥੋੜ੍ਹਾ ਜਿਹਾ ਸਮਾਂ ਆਪਾਂ ਸਤਿਸੰਗ ਦੇ ਵਿਚ ਸਫਲ ਕਰਨਾ ਹੈ। ਪਤਾ ਨਹੀਂ ਕਿਹੋ ਜਿਹਾ ਸਮਾਂ ਕਦੋਂ ਆ ਜਾਣਾ ਹੈ-

*ਕਿਆ ਜਾਣਾ ਕਿਵ ਮਰਹਗੇ ਕੈਸਾ ਮਰਣਾ ਹੋਇ ॥*
*ਅੰਗ - ੫੫੫*

ਸੰਸਾਰ ਦੁਖੀ ਹੈ? ਕਿਉਂ ਦੁਖੀ ਹੈ? ਸੱਚੇ ਪਾਤਸ਼ਾਹ ਜੀ ਨੇ ਕਿਹਾ ਹੈ ਕਿ -

*ਦੁਖੁ ਤਦੇ ਜਾ ਵਿਸਰਿ ਜਾਵੈ ॥ ਅੰਗ - ੯੮*

ਕਿਉਂ ਦੁਖ ਹੁੰਦਾ ਹੈ? ਦੁਖ ਨੂੰ ਇਹ ਨਹੀਂ ਕਹਿੰਦੇ ਕਿ ਇਹ ਮਾੜਾ ਹੈ -

*ਸੁਖੁ ਦੁਖੁ ਦੁਇ ਦਰਿ ਕਪੜੇ ਪਹਿਰਹਿ ਜਾਇ ਮਨੁਖ ॥*
*ਅੰਗ - ੧੪੯*

ਹਰ ਇਕ ਮਨੁੱਖ ਨੂੰ ਇਸ ਦਾ ਟਾਕਰਾ ਕਰਨਾ ਪੈਂਦਾ ਹੈ। ਫੇਰ ਹੁਣ ਇਥੇ ਤਾਂ ਹੁਣ ਦੇਖੀਏ ਤਾਂ ਕਿੰਨੇ ਸੁਖ ਹਨ? ਜੇ ਭੌਤਿਕ ਪਦਾਰਥ, ਮੈਟੀਰੀਅਲ ਵਲ ਵੇਖੀਏ ਤਾਂ ਕੋਈ ਘਾਟ ਨਹੀਂ। ਸਾਰੇ ਦੁਨਿਆਵੀ ਸੁਖ ਹਨ ਪਰ ਫੇਰ ਵੀ ਸੰਸਾਰ ਕਿਉਂ ਦੁਖੀ ਹੈ? ਕਿਉਂਕਿ ਉਹ ਇਕ ਘਾਟ ਹੈ ਕਿ ਗੁਰੂ ਤੋਂ ਮੰਤਰ ਲੈ ਕੇ ਜੋ ਕਮਾਈ ਕਰਨੀ ਸੀ, ਨਾਮ ਤੱਕ ਰੁਸਵਾਈ ਹੋਣੀ ਸੀ ਉਹ ਯਾਤਰਾ ਅਜੇ ਪੂਰੀ ਨਾ ਹੋਣ ਕਰਕੇ, ਪਾਤਸ਼ਾਹ ਕਹਿੰਦੇ ਸਾਰਾ ਸੰਸਾਰ ਹੀ ਦੁਖੀ ਹੈ -

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥ ਅੰਗ - ੯੫੩*

ਜੇ ਇਹ ਭੋਗ ਦੀ ਦੁਨੀਆਂ ਦੇ ਵਿਚ ਸੁਖ ਹੋਵੇ ਤਾਂ ਇੰਦਰ ਪੁਰੀ ਦਾ ਰਾਜਾ ਇੰਦਰ ਕਿਉਂ ਰੋਇਆ ਕਿਉਂਕਿ ਨਾਮ ਤੋਂ ਬਿਨਾਂ, ਹੋਰ ਵਾਸ਼ਨਾਵਾਂ ਦੇ ਵਿਚ, ਦੁਖ ਹੀ ਦੁਖ ਹੈ। ਗੁਰੂ ਜੀ ਫੁਰਮਾਨ ਕਰਦੇ ਹਨ -

*ਗੋਤਮੁ ਤਪਾ ਅਹਿਲਿਆ ਇਸਤ੍ਰੀ*
*ਤਿਸੁ ਦੇਖਿ ਇੰਦ੍ਰੁ ਲੁਭਾਇਆ ॥*
*ਸਹਸ ਸਰੀਰ ਚਿਹਨ ਭਗ ਹੂਏ*
*ਤਾ ਮਨਿ ਪਛੋਤਾਇਆ ॥ ਅੰਗ - ੧੩੪੪*

ਹੁਣ ਭੋਗ ਦੀ ਦੁਨੀਆਂ 'ਚ ਰੋਗ ਹੀ ਨਿਕਲਦਾ ਹੈ -

*ਆਪੀਨੈ ਭੋਗ ਭੋਗਿ ਕੈ ਹੋਇ*
*ਭਸਮੜਿ ਭਉਰੁ ਸਿਧਾਇਆ ॥*
*ਵਡਾ ਹੋਆ ਦੁਨੀਦਾਰੁ ਗਲਿ ਸੰਗਲੁ ਘਤਿ ਚਲਾਇਆ ॥*
*ਅਗੈ ਕਰਣੀ ਕੀਰਤਿ ਵਾਚੀਐ*
*ਬਹਿ ਲੇਖਾ ਕਰਿ ਸਮਝਾਇਆ ॥*
*ਥਾਉ ਨ ਹੋਵੀ ਪਉਦੀਈ*
*ਹੁਣਿ ਸੁਣੀਐ ਕਿਆ ਰੂਆਇਆ ॥*
*ਮਨਿ ਅੰਧੈ ਜਨਮੁ ਗਵਾਇਆ ॥ ਅੰਗ - ੪੬੪*

*ਸਹੰਸਰ ਦਾਨ ਦੇ ਇੰਦ੍ਰੁ ਰੋਆਇਆ ॥*
*ਪਰਸ ਰਾਮੁ ਰੋਵੈ ਘਰਿ ਆਇਆ ॥*
*ਅਜੈ ਸੁ ਰੋਵੈ ਭੀਖਿਆ ਖਾਇ ॥*
*ਐਸੀ ਦਰਗਹ ਮਿਲੈ ਸਜਾਇ ॥ ਅੰਗ- ੯੫੪*

ਹੁਣ ਪਰਸਰਾਮ ਐਸਾ ਬ੍ਰਾਹਮਣ ਸੀ ਜਿਹਨੇ 21 ਵਾਰੀ ਧਰਤੀ ਕਸ਼ਤਰੀਹੀਨ ਕਰ ਦਿਤੀ। ਜਦੋਂ ਸ੍ਰੀ ਰਾਮ ਚੰਦਰ ਜੀ ਨੇ ਇਸ ਦੇ ਚਰਨਾਂ 'ਤੇ ਹੱਥ ਲਾ ਕੇ ਨਮਸ਼ਕਾਰ ਕਰਕੇ, ਸ਼ਕਤੀਹੀਣ ਕਰ ਦਿਤਾ ਤਾਂ ਇਸ ਨੂੰ ਰੋਣਾ ਪਿਆ। ਸਹੰਸ ਬਾਹੂ ਨੇ ਇਸ ਦੇ ਪਿਤਾ ਦਾ ਬੱਧ ਕੀਤਾ ਤੇ ਇਸ ਕਰਕੇ ਇਸ ਨੇ ਧਰਤੀ ਕਸ਼ਤਰੀਆਂ ਤੋਂ ਹੀਣ ਕਰ ਦਿਤੀ। ਪਰ ਪੰਡਤਾਂ ਦੀ ਹਾਲਤ, ਮੰਗਤ ਬਿਰਤੀ ਦੇਖ ਕੇ ਰੋਂਦਾ

ਹੈ। ਇਸੇ ਤਰ੍ਹਾਂ ਅੱਜ ਰਾਜਾ, ਸ੍ਰੀ ਰਾਮ ਚੰਦਰ ਜੀ ਦਾ ਪੂਰਵਜ ਕਿਸੇ ਫਕੀਰ ਨੂੰ ਭਿੱਖਿਆ ਦਿੰਦਾ ਹੈ ਪਰ ਉਹਦੇ ਵਿਚ ਲਿੱਦ ਪਾ ਦਿੰਦਾ ਹੈ। ਜਦੋਂ ਉਹਨੂੰ ਇਹ ਖਾਣੀ ਪੈਂਦੀ ਹੈ - 'ਅਜੈ ਸੁ ਰੋਵੈ ਭੀਖਿਆ ਖਾਇ॥' ਕਿਉਂਕਿ ਦਾਨ ਦਿਤਾ ਹੋਇਆ ਵਧਦਾ ਹੈ ਮਹਾਤਮਾ ਨੂੰ। ਉਹਨੂੰ ਵੀ ਰੋਣਾ ਪਿਆ।

*ਰੋਵੈ ਰਾਮੁ ਨਿਕਾਲਾ ਭਇਆ ॥*
*ਸੀਤਾ ਲਖਮਣੁ ਵਿਛੁੜਿ ਗਇਆ ॥* ਅੰਗ- ੯੫੪

ਸ੍ਰੀ ਰਾਮ ਚੰਦਰ ਜੀ ਕਦੋਂ ਰੋਏ ਜਦੋਂ -

*ਸੀਤਾ ਲੈ ਗਇਆ ਦਹਸਿਰੋ ਲਛਮਣੁ ਮੂਓ ਸਰਾਪਿ ॥*
ਅੰਗ - ੧੪੧੨

*ਰੋਵੈ ਦਹਸਿਰੁ ਲੰਕ ਗਵਾਇ ॥*
*ਜਿਨਿ ਸੀਤਾ ਆਦੀ ਡਉਰੂ ਵਾਇ ॥* ਅੰਗ - ੯੫੪

ਲੰਕਾ ਦਾ ਰਾਜਾ ਰਾਵਣ -

*ਲੰਕਾ ਗਢੁ ਸੋਨੇ ਕਾ ਭਇਆ ॥*
*ਮੂਰਖੁ ਰਾਵਨੁ ਕਿਆ ਲੇ ਗਇਆ ॥* ਅੰਗ - ੧੧੫੮

ਇਸ ਕਾਰਨ ਉਹਨੂੰ ਵੀ ਰੋਣਾ ਪਿਆ -

*ਰਾਜਾ ਜਨਮੇਜਾ ਦੇ ਮਤੰੀ ਬਰਜਿ ਬਿਆਸਿ ਪੜ੍ਹਾਇਆ ॥*
ਅੰਗ - ੧੩੪੪

ਬਿਆਸ ਜੀ ਨੇ ਸਾਰਾ ਕੁਝ ਪਹਿਲਾਂ ਹੀ ਰਾਜੇ ਜਨਮੇਜੇ ਨੂੰ ਦਸ ਦਿਤਾ ਕਿ ਇਸ ਤਰ੍ਹਾਂ ਨਾਲ ਹੋਣਾ ਹੈ। ਇਹ ਕਹਿੰਦਾ, ਮੈਂ ਹੋਣ ਨਹੀਂ ਦੇਣਾ। ਪਰ -

*ਭੋਗਹਿ ਬਿਨ ਭਾਗਹਿ ਨਹੀਂ ਕਰਮ ਗਤੀ ਬਲਵਾਨ।*

ਭਾਵੀ ਉਸੇ ਤਰ੍ਹਾਂ ਵਰਤੀ। ਉਹਨੂੰ ਵੀ ਰੋਣਾ ਪਿਆ। ਬ੍ਰਹਮ ਹੱਤਿਆ ਦਾ ਦੋਸ਼ ਲੱਗਿਆ। ਦੋਸ਼ ਉਤਾਰਨ ਵਾਸਤੇ ਬਿਆਸ ਜੀ ਨੇ ਕਥਾ ਸੁਣਾਈ ਪਰ ਫੇਰ ਵੀ ਤਰਕ ਕਰ ਲਈ। ਤਰਕ ਕਰਨ ਕਰਕੇ ਨੱਕ 'ਤੇ ਕੋਹੜ ਰਹਿ ਗਿਆ। ਉਹਦੇ ਕਾਰਨ ਇਹ ਚੜ੍ਹਾਈ ਕਰ ਗਿਆ -

*ਰੋਵਹਿ ਪਾਂਡਹ ਭਏ ਮਜੂਰ ॥*
*ਜਿਨ ਕੈ ਸੁਆਮੀ ਰਹਤ ਹਦੂਰਿ ॥* ਅੰਗ - ੯੫੪

ਪਾਂਡਵ ਜਿਨ੍ਹਾਂ ਦੇ ਰਥਵਾਹੀ ਕ੍ਰਿਸ਼ਨ ਭਗਵਾਨ ਜੀ ਸਨ। ਪਾਂਡਵਾਂ ਨੇ ਜੂਆ ਖੇਡਿਆ, ਜੂਆ ਖੇਡਣ ਕਾਰਨ ਸਭ ਕੁਝ ਹਾਰ ਗਏ। ਆਪਣੀ ਇਸਤ੍ਰੀ ਦਰੋਪਤੀ ਨੂੰ ਵੀ ਦਾਅ 'ਤੇ ਲਾ ਦਿਤਾ। 13 ਸਾਲ ਦਾ ਬਨਵਾਸ ਅਤੇ ਇਕ ਸਾਲ ਦਾ ਅਗਿਆਤ ਵਾਸ ਕੱਟਿਆ, ਹੁਣ ਉਸ ਸਮੇਂ ਪਾਂਡਵ ਰੋਂਦੇ ਨੇ -

*ਰੋਵੈ ਜਨਮੇਜਾ ਖੁਇ ਗਇਆ ॥*
*ਏਕੀ ਕਾਰਣਿ ਪਾਪੀ ਭਇਆ ॥*
*ਰੋਵਹਿ ਸੇਖ ਮਸਾਇਕ ਪੀਰ ॥*
*ਅੰਤਿ ਕਾਲਿ ਮਤੁ ਲਾਗੈ ਭੀੜ ॥* ਅੰਗ - ੯੫੪

ਵੱਡੇ-ਵੱਡੇ ਪੀਰ, ਔਲੀਏ ਵੀ ਇਸ ਗੱਲ ਤੋਂ ਰੋਏ ਕਿ ਅੰਤ ਸਮਾਂ ਪਤਾ ਨਹੀਂ ਕਿਹੋ ਜਿਹਾ ਆਉਣਾ ਹੈ। ਪਰ ਜੇ ਗੁਰੂ ਦੀ ਕ੍ਰਿਪਾ ਹੋਵੇ - 'ਅੰਤ ਮਤੇ ਸੋਈ ਗਤੇ'। ਅੰਤ ਸਮੇਂ ਉਹ ਨਰਾਇਣ ਪ੍ਰਮੇਸ਼ਰ ਯਾਦ ਆ ਗਿਆ ਫੇਰ ਉਸੇ ਲੋਕ ਨੂੰ ਚਲੇ ਜਾਂਦੇ ਹਾਂ। ਇਸ ਕਰਕੇ ਇਹ ਅਭਿਆਸ ਬਾਰ-ਬਾਰ ਕਰਦੇ ਹਾਂ। ਬੈਖਰੀ ਬਾਣੀ 'ਚ ਬੋਲ ਕੇ ਕਰਦੇ ਹਾਂ-

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥* ਅੰਗ- ੨੬੨

ਜਦੋਂ ਬੋਲ ਕੇ ਸਿਮਰਨ ਕਰਦੇ ਹਾਂ -

*ਨਾਮੁ ਕਹਤ ਗੋਵਿੰਦ ਕਾ ਸੂਚੀ ਭਈ ਰਸਨਾ ॥* ਅੰਗ- ੮੧੧

ਸ਼ੁਰੂਆਤ 'ਚ ਇਸ ਤਰ੍ਹਾਂ ਦੇ ਨਾਲ ਕੀਤਾ ਜਾਂਦਾ ਹੈ -

*ਸਿਮਰਉ ਸਿਮਰਿ ਸਿਮਰਿ ਸੁਖੁ ਪਾਵਉ ॥*
*ਕਲਿ ਕਲੇਸ ਤਨ ਮਾਹਿ ਮਿਟਾਵਉ ॥*
*ਸਿਮਰਉ ਜਾਸੁ ਬਿਸੁੰਭਰ ਏਕੈ ॥*
*ਨਾਮੁ ਜਪਤ ਅਗਨਤ ਅਨੇਕੈ ॥*
*ਬੇਦ ਪੁਰਾਨ ਸਿੰਮ੍ਰਿਤਿ ਸੁਧਾਖ੍ਯ੍ਯਰ ॥*
*ਕੀਨੇ ਰਾਮ ਨਾਮ ਇਕ ਆਖ੍ਯ੍ਯਰ ॥*
*ਕਿਨਕਾ ਏਕ ਜਿਸੁ ਜੀਅ ਬਸਾਵੈ ॥*
*ਤਾ ਕੀ ਮਹਿਮਾ ਗਨੀ ਨ ਆਵੈ ॥*
*ਕਾਂਖੀ ਏਕੈ ਦਰਸ ਤੁਹਾਰੋ ॥*
*ਨਾਨਕ ਉਨ ਸੰਗਿ ਮੋਹਿ ਉਧਾਰੋ ॥ ੧ ॥*
*ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ ॥*
*ਭਗਤ ਜਨਾ ਕੈ ਮਨਿ ਬਿਸ੍ਰਾਮ ॥* ਅੰਗ- ੨੬੨

*ਵਾਹਿਗੁਰੂ ਗੁਰਮੰਤ੍ਰ ਹੈ ਜਪੁ ਹਉਮੈ ਖੋਈ॥*
*ਭਾਈ ਗੁਰਦਾਸ ਜੀ*

ਜਿਹੜਾ ਸਿਮਰਨ ਹੈ ਉਹ ਯਾਦ ਨੂੰ ਕਿਹਾ ਹੈ। ਉਹ ਪ੍ਰਮੇਸ਼ਰ ਯਾਦ ਆ ਗਿਆ ਫੇਰ ਆਪੇ ਹੀ ਸੁਖ ਆ ਗਿਆ -

*ਉਮਰ ਓਹਾ ਵਿਚ ਲੇਖੇ ਦੇ*
*ਜੋ ਯਾਦ ਸਾਂਈ ਵਿਚ ਗੁਜਰੇ, ਪੈਂਦੀ ਮੁਜਰੇ।*
*ਨਹੀਂ ਤਾਂ ਸਾਨੂੰ ਹਾਸਲ ਕੀ ਹੈ*

*ਇਸ ਵਿਚ ਨੀਲੇ ਹੁਜਰੇ ਸੰਝ ਤੇ ਫਜਰੇ।*

*ਭਾਈ ਵੀਰ ਸਿੰਘ ਜੀ*

ਇਹ ਜਿਹੜਾ ਸਮਾਂ ਹੈ ਉਹ ਲੇਖੇ ਵਿਚ ਲਗਦਾ ਹੈ ਜਿਹੜਾ ਉਸ ਦੀ ਯਾਦ ਵਿਚ ਲੰਘੇ। ਨਹੀਂ ਤਾਂ ਵੱਡਿਆਂ-ਵੱਡਿਆਂ ਦਾ ਜ਼ਿਕਰ ਸੱਚੇ ਪਾਤਸ਼ਾਹ ਜੀ ਨੇ ਕੀਤਾ ਕਿ -

*ਵਡੇ ਵਡੇ ਜੋ ਦੀਸਹਿ ਲੋਗ ॥*
*ਤਿਨ ਕਉ ਬਿਆਪੈ ਚਿੰਤਾ ਰੋਗ ॥ ੧ ॥*
*ਕਉਨ ਵਡਾ ਮਾਇਆ ਵਡਿਆਈ ॥*
*ਸੋ ਵਡਾ ਜਿਨਿ ਰਾਮ ਲਿਵ ਲਾਈ ॥ ਅੰਗ - ੧੮੮*

ਕੌਣ ਵੱਡਾ ਹੈ? ਉਹ ਵੱਡਾ ਹੈ ਜਿਹਦੀ ਲਿਵ ਲੱਗੀ ਹੋਈ ਹੈ। ਕਿਉਂਕਿ ਵਾਹਿਗੁਰੂ ਮੰਤਰ ਸਾਰੇ ਦੁਖਾਂ ਦਾ, ਰੋਗਾਂ ਦਾ ਇਲਾਜ ਹੈ। ਗੁਰੂ ਤੋਂ ਜੋ ਮੰਤਰ ਮਿਲਦਾ ਹੈ, ਇਹ ਨਾਮ ਤਕ ਪਹੁੰਚਾ ਦਿੰਦਾ ਹੈ। ਨਾਮ 'ਚ ਅਭੇਦਤਾ ਹੋ ਜਾਂਦੀ ਹੈ -

*ਸਰਬ ਰੋਗ ਕਾ ਅਉਖਦੁ ਨਾਮੁ ॥ ਅੰਗ- ੨੭੪*

ਫੇਰ ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਖਾਤਮਾ ਹੋ ਜਾਂਦਾ ਹੈ।

ਹੁਣ ਜਨਮੇਜੇ ਨੂੰ ਬਿਆਸ ਜੀ ਨੇ ਕਥਾ ਸੁਣਾਈ ਉਹਦਾ ਕੋਹੜ ਦੂਰ ਹੁੰਦਾ ਚਲਿਆ ਗਿਆ। ਪਰ ਜਦੋਂ ਤਰਕ ਆ ਗਈ, ਨੱਕ ਦੇ ਉਤੇ ਕੋਹੜ ਰਹਿ ਗਿਆ, ਫੇਰ ਚੜ੍ਹਾਈ ਕਰ ਗਿਆ। ਕਿਉਂਕਿ ਸ਼ਰਧਾ ਦੀ, ਵਿਸ਼ਵਾਸ਼ ਦੀ, ਭਾਵਨਾ ਦੀ ਲੋੜ ਹੈ -

*ਸੁਣਿ ਸਾਖੀ ਮਨ ਜਪਿ ਪਿਆਰ ॥*
*ਅਜਾਮਲੁ ਉਧਰਿਆ ਕਹਿ ਏਕ ਬਾਰ ॥ ਅੰਗ - ੧੧੯੨*

ਸਿਮਰਨ ਕਰਦੇ-ਕਰਦੇ ਆਖਰੀ ਵਾਰ ਜੇ ਸਵਾਸ ਦੇ ਉਤੇ ਪ੍ਰਮੇਸ਼ਰ ਦਾ ਨਾਮ ਆ ਜਾਵੇ। ਬੈਖਰੀ ਬਾਣੀ 'ਚ ਬੋਲ ਕੇ ਸਿਮਰਨ ਕਰਦੇ ਹਾਂ, ਫੇਰ ਮਧਮਾ 'ਚ ਹੋਣਾ ਸ਼ੁਰੂ ਹੋ ਜਾਂਦਾ ਹੈ। ਜਿਵੇਂ ਛੋਟੀਆਂ ਜਮਾਤਾਂ ਵਿਚ ਤਾਂ ਬੋਲ ਕੇ ਪੜ੍ਹਾਈ ਕੀਤੀ ਜਾਂਦੀ ਹੈ। ਜਦੋਂ ਬੋਲ ਕੇ ਸਿਮਰਨ ਕੀਤਾ ਜਾਂਦਾ ਹੈ ਉਹਦੇ ਵਿਚ ਬੁਲ੍ਹ ਵੀ ਹਿਲਦੇ ਨੇ, ਜੀਭ ਵੀ ਹਿਲਦੀ ਹੈ। ਕੁਛ ਸਮੇਂ ਬਾਅਦ ਅੰਦਰ ਹੋਣਾ ਸ਼ੁਰੂ ਹੋ ਜਾਂਦਾ ਹੈ, ਅੰਦਰ ਸੁਣਾਈ ਦਿੰਦਾ ਹੈ। ਦਸ ਗੁਣਾਂ ਫਲ ਵਧ ਜਾਂਦਾ ਹੈ। ਉਸ ਤੋਂ ਫੇਰ ਪਸੰਤੀ ਬਾਣੀ ਹੈ। ਨੌਂ ਦਰਵਾਜ਼ੇ ਨੇ-

*ਨਉ ਦਰਵਾਜੇ ਕਾਇਆ ਕੋਟੁ ਹੈ*
*ਦਸਵੈ ਗੁਪਤੁ ਰਖੀਜੈ ॥ ਅੰਗ- ੯੫੪*

ਇਹ ਜਿਹੜੇ ਸਰੀਰ ਦੇ ਨੌਂ ਦਰਵਾਜ਼ੇ ਹਨ ਇਹ ਸਾਰੇ ਬਾਹਰ ਨੂੰ ਹੀ ਖੁਲ੍ਹਦੇ ਹਨ। ਇਹਨਾਂ ਦੇ ਵਿਚ ਹੀ -

*ਨਉ ਘਰ ਦੇਖਿ ਜੁ ਕਾਮਨਿ ਭੂਲੀ*
*ਬਸਤੁ ਅਨੂਪ ਨ ਪਾਈ ॥ ਅੰਗ - ੩੩੯*

ਜਿਹੜੀ ਉਪਮਾ ਤੋਂ ਰਹਿਤ ਵਸਤੂ ਹੈ, ਉਸ ਨਾਮ ਤਕ ਪਹੁੰਚ ਨਾ ਹੋਈ। ਇਹਨਾਂ ਦੇ ਰਾਹੀਂ ਬਾਹਰ ਨੂੰ ਸੁਰਤ ਉਡਾਰੀ ਮਾਰਦੀ ਹੈ। ਸੋ ਜਦੋਂ ਅੰਦਰ ਨੂੰ ਅਸੀਂ ਸੁਣਦੇ ਹਾਂ, ਦੇਖਦੇ ਹਾਂ ਫੇਰ -

*ਬਿਨੁ ਜਿਹਵਾ ਜੋ ਜਪੈ ਹਿਆਇ ॥*
*ਕੋਈ ਜਾਣੈ ਕੈਸਾ ਨਾਉ ॥ ਅੰਗ - ੧੨੫੬*

ਹਿਰਦੇ ਦੀ ਬਾਣੀ, ਇਹਨੂੰ ਟੈਲੀਪੈਥੀ ਵੀ ਕਿਹਾ ਹੈ। ਫੇਰ ਸਿਮਰਨ ਅੰਦਰ ਨੂੰ ਹੋਣਾ ਸ਼ੁਰੂ ਹੋ ਜਾਂਦਾ ਹੈ। ਹਿਰਦੇ ਵਿਚ ਹੁੰਦਾ ਹੈ ਫੇਰ ਦਸ ਗੁਣਾਂ ਫਲ ਹੋਰ ਵਧ ਜਾਂਦਾ ਹੈ। ਜੇ ਸੌ ਵਾਰੀ ਬੋਲ ਕੇ ਕਰੋ, ਇਕ ਵਾਰੀ ਅੰਦਰ ਹੋ ਜਾਵੇ ਤਾਂ ਫੇਰ ਉਸ ਤੋਂ ਬਾਅਦ ਪਰਾ ਬਾਣੀ ਹੈ, ਨਾਮ ਸਵਾਸ 'ਤੇ ਆ ਜਾਂਦਾ ਹੈ। ਉਹਦੇ ਆਉਣ ਨਾਲ ਫੇਰ -

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ- ੨੯੫*

ਅੱਜ ਐਨੀਆਂ ਚਿੰਤਾਵਾਂ ਹਨ। ਕਿਉਂ ਹਨ? ਕਿਉਂਕਿ ਅਸੀਂ ਚਿੰਤਨ ਨਹੀਂ ਕਰਦੇ। ਸਵਾਸ ਡੂੰਘਾ ਲਓ, ਅੰਦਰ ਨੂੰ ਜਾਂਦੈ, ਵਾਹਿ......ਬਾਹਰ ਨੂੰ ਆਇਆ ਗੁਰੂ.........। ਜਿੰਨਾਂ ਵੀ ਡੂੰਘਾ ਸਾਹ ਲਿਆ ਜਾ ਸਕੇ। ਇਹ ਕਰਨਾ ਹੈ। ਫੇਰ ਇਹ ਕਿੱਥੇ ਪਹੁੰਚਾ ਦਿੰਦਾ ਹੈ? ਹੁਣ ਜੇ ਆਖਰੀ ਸਵਾਸ 'ਤੇ ਆ ਜਾਵੇ। ਹਜ਼ਾਰ ਵਾਰੀ ਬੈਖਰੀ ਬਾਣੀ 'ਚ ਕਰ ਲਓ, ਇਕ ਵਾਰੀ ਸਵਾਸ ਨਾਲ ਕਰ ਲਓ, ਬਰਾਬਰ ਹੋ ਜਾਂਦਾ ਹੈ। ਇਸੇ ਨੂੰ ਸਿੱਧਾ, ਸਪੱਸ਼ਟ ਕਰਨ ਵਾਸਤੇ ਅਨੁਭਵੀ ਮਹਾਂਪੁਰਸ਼ ਦਸਦੇ ਹਨ ਕਿ ਤੁਸੀਂ ਇਹ ਸਬਕ ਜੇ ਬਾਰ-ਬਾਰ ਦੁਹਰਾਉਂਦੇ ਓਂ, ਤਾਂ ਕਿ ਪੂਰੀ ਤਰ੍ਹਾਂ ਨਾਲ ਪਰਪੱਕ ਹੋ ਜਾਵੇ। ਪਤਾ ਨਹੀਂ ਕਿਹੜਾ ਸਵਾਸ ਆਖਰੀ ਹੋਵੇ, ਬਾਹਰ ਨੂੰ ਗਿਆ ਮੁੜ ਕੇ ਦੁਬਾਰਾ ਨਾ ਆਵੇ । ਕੋਈ ਪਤਾ ਨਹੀਂ ਕਦੋਂ ਇਹ ਸਮਾਂ ਆ ਜਾਣਾ ਹੈ।

*ਹਮ ਆਦਮੀ ਹਾਂ ਇਕ ਦਮੀ ਮੁਹਲਤਿ ਮੁਹਤੁ ਨ ਜਾਣਾ ॥*
*ਅੰਗ - ੬੬੦*

ਬਾਰ-ਬਾਰ ਉਹ ਸਮਾਂ ਯਾਦ ਆਉਂਦਾ ਹੈ ਜਦੋਂ

ਬਾਬਾ ਸਤਨਾਮ ਸਿੰਘ ਜੀ ਦਾ ਸਰੀਰਕ ਵਿਛੋੜਾ ਹੋਇਆ। ਹੁਣ ਗੁਰੂ ਦੀ ਹਜ਼ੂਰੀ ਵਿਚ ਇਹ ਬਚਨ ਪਰਪੱਕ ਕਰਾ ਰਹੇ ਨੇ ਕਿ –

*ਨਾਨਕ ਦੁਖੀਆ ਸਭ ਸੰਸਾਰ॥ ਅੰਗ – ੯੫੪*

ਪੌਣੇ ਸੱਤ ਮਿੰਟ ਦੀ ਉਹ ਕਥਾ, ਉਹ ਬਚਨ ਇਕ ਆਖਰੀ ਬਚਨ ਬਣ ਗਏ, ਸੇਧ ਦਿੰਦੇ ਰਹਿਣਗੇ ਕਿ ਕਿਵੇਂ ਇਸ ਦੀ ਵਿਆਖਿਆ ਉਹ ਪ੍ਰੈਕਟੀਕਲ ਰੂਪ ਵਿਚ ਕਰਦੇ ਹਨ। ਆਖਰੀ ਸਵਾਸ ਆਇਆ, ਧਿਆਨ ਏਧਰ ਬਣਿਆ ਰਹਿ ਗਿਆ। ਗੁਰੂ ਦੀ ਹਜ਼ੂਰੀ ਹੈ। ਇਥੇ ਤਾਂ ਜਿਹੜਾ ਹੁੰਦਾ ਹੈ –

*ਜਹ ਸਾਧੂ ਗੋਬਿਦ ਭਜਨੁ ਕੀਰਤਨੁ ਨਾਨਕ ਨੀਤ ॥*
*ਣਾ ਹਉ ਣਾ ਤੂੰ ਣਹ ਛੁਟਹਿ*
*ਨਿਕਟਿ ਨ ਜਾਈਅਹੁ ਦੂਤ ॥ ਅੰਗ – ੨੫੬*

ਉਥੇ ਤਾਂ ਹੁਣ ਸਿੱਧਾ ਹੀ ਜਾਊ ਜੇ ਗੁਰੂ ਦੀ ਹਜ਼ੂਰੀ ਦੇ ਵਿਚ ਹਾਜ਼ਰੀ ਦੇ ਵਿਚ ਐਸਾ ਪਰਪੱਕ ਹੋ ਗਿਆ। ਇਸੇ ਕਰਕੇ ਬਾਰ-ਬਾਰ ਨਾਮ ਜਪਦੇ ਹਾਂ, ਸਿਮਰਨ ਕਰਦੇ ਹਾਂ। ਸੋ ਇਹ ਅਭਿਆਸ ਜ਼ਰੂਰ ਕਰੋ।

*ਊਠਤ ਬੈਠਤ ਸੋਵਤ ਨਾਮ ॥ ਅੰਗ – ੨੮੬*

ਇਹੀ ਕਰੋ, ਜਦੋਂ ਵੀ ਉਠਦੇ ਹੋ। ਅੰਮ੍ਰਿਤ ਵੇਲਾ ਸੰਭਾਲੋ। ਉਹ ਬਹੁਤ ਹੀ ਸੁਨਿਹਰੀ ਸਮਾਂ ਹੈ। ਉਸ ਸਮੇਂ ਦਿਮਾਗ ਤੇ ਕੋਈ ਭਾਰ ਨਹੀਂ ਹੁੰਦਾ, ਪੇਟ 'ਤੇ ਵੀ ਕੋਈ ਭਾਰ ਨਹੀਂ, ਉਸ ਸਮੇਂ ਬਹੁਤ ਸੌਖਾ ਹੁੰਦਾ ਹੈ, ਪੂਰਾ ਪੇਟ ਭਰ ਕੇ ਸਵਾਸ ਲਓ, ਛੱਡੋ ਵੀ ਫੇਰ ਪੂਰਾ। ਇਸ ਦੇ ਵਿਚ ਕਦੇ ਵੀ ਆਲਸ ਨਾ ਕਰੋ, ਢਿੱਲ ਨਾ ਕਰੋ। ਇਸ ਤਰ੍ਹਾਂ ਜਦੋਂ ਅਭਿਆਸ ਕਰਦੇ ਹਾਂ, gravity ਖਿੱਚਦੀ ਨਹੀਂ, ਫੇਰ ਸਿੱਧੀ ਰੀੜ੍ਹ ਦੀ ਹੱਡੀ ਵਲ ਨੂੰ life current ਚਲਦਾ ਹੈ ਉਪਰ ਨੂੰ ਐਨਰਜੀ flow ਕਰਦੀ ਹੈ।

ਗੁਰਮਤਿ ਅਨੁਸਾਰ ਪੰਜ ਪਿਆਰੇ ਅੰਮ੍ਰਿਤ ਛਕਾਉਂਦੇ ਹਨ, ਗੁਰਮੰਤ੍ਰ ਦ੍ਰਿੜ੍ਹ ਕਰਵਾਉਂਦੇ ਹਨ।

*ਸੰਤਸੰਗਿ ਅੰਤਰਿ ਪ੍ਰਭੁ ਡੀਠਾ ॥*
*ਨਾਮੁ ਪ੍ਰਭੂ ਕਾ ਲਾਗਾ ਮੀਠਾ ॥ ਅੰਗ – ੨੯੩*

ਇਸ ਮਾਰਗ ਦਾ ਪਤਾ ਲਗਦਾ ਹੈ ਇਸ ਨੂੰ 'ਆਤਮ ਮਾਰਗ' ਕਿਹਾ ਹੈ। ਰਤਵਾੜਾ ਸਾਹਿਬ ਤੋਂ ਜੋ ਰੂਹਾਨੀ ਮੈਗਜ਼ੀਨ ਹਰ ਮਹੀਨੇ ਗੁਰਬਾਣੀ ਦੇ ਪ੍ਰਕਾਸ਼ ਵਿਚ ਤਿਆਰ ਹੁੰਦਾ ਹੈ, ਉਸ ਦਾ ਨਾਮ ਹੀ ਇਸ ਕਰਕੇ 'ਆਤਮ ਮਾਰਗ' ਰੱਖਿਆ ਹੈ ਕਿ ਕਿਵੇਂ ਇਸ ਮਾਰਗ ਨੂੰ ਤਹਿ ਕਰਨਾ ਹੈ। ਰੂਹਾਨੀ ਰਸਤਾ ਕਿਵੇਂ ਤਹਿ ਕਰਨਾ ਹੈ। ਮੈਡੀਟੇਸ਼ਨ ਇਕ ਮੈਡੀਸਨ ਦਾ ਹੀ ਕੰਮ ਕਰਦੀ ਹੈ। ਮੰਤ੍ਰ ਕਰਦੇ-ਕਰਦੇ ਉਹ ਨਾਮ ਤਕ ਪਹੁੰਚਾ ਦਿੰਦਾ ਹੈ।

*ਨਉ ਨਿਧਿ ਅੰਮ੍ਰਿਤੁ ਪ੍ਰਭ ਕਾ ਨਾਮੁ ॥*
*ਦੇਹੀ ਮਹਿ ਇਸ ਕਾ ਬਿਸ੍ਰਾਮੁ ॥ ਅੰਗ – ੨੯੩*

ਉਥੋਂ ਦੀ ਨਿਸ਼ਾਨੀ ਵੀ ਦਸੀ ਹੈ –

*ਸੁੰਨ ਸਮਾਧਿ ਅਨਹਤ ਤਹ ਨਾਦ ॥*
*ਕਹਨੁ ਨ ਜਾਈ ਅਚਰਜ ਬਿਸਮਾਦ ॥*
*ਅੰਗ – ੨੯੩*

ਅਵਸਥਾਵਾਂ ਹਨ, ਕਰਦੇ-ਕਰਦੇ ਪਤਾ ਲਗ ਜਾਂਦਾ ਹੈ। ਜਗਿਆਸੂ ਜਨ ਬਹੁਤ ਸਾਰੇ ਲੱਗੇ ਹੋਏ ਹਨ। ਸੋ ਸਤਿਗੁਰੂ ਰਹਿਮਤ ਕਰਨ, ਆਪਾਂ ਤਾਂ ਇਕ ਸਬਕ ਦੁਹਰਾਉਂਦੇ ਹਾਂ। ਬਾਰ-ਬਾਰ ਗੁਰਮੰਤ੍ਰ ਜਪਣ ਨਾਲ ਐਨਰਜੀ ਆਉਂਦੀ ਹੈ। ਕਰਦੇ-ਕਰਦੇ ਇਕ ਦਿਨ ਉਹ ਸਮਾਂ ਜਦੋਂ ਆਉਣਾ ਹੈ ਜਿਹਦੀ ਅਸੀਂ ਫੇਰ ਤਿਆਰੀ ਕਰ ਰੱਖੀਏ, ਤਾਂ ਫੇਰ ਔਖਾ ਨਹੀਂ ਹੁੰਦਾ। ਫੇਰ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ- ੧੩੬੫*

ਫੇਰ ਉਹ ਐਸਾ ਅਨੰਦ ਆਉਂਦਾ ਹੈ –

*ਕਬੀਰ ਮੁਹਿ ਮਰਨੇ ਕਾ ਚਾਉ ਹੈ*
*ਮਰਉ ਤ ਹਰਿ ਕੈ ਦੁਆਰ ॥*
*ਮਤ ਹਰਿ ਪੂਛੈ ਕਉਨੁ ਹੈ ਪਰਾ ਹਮਾਰੈ ਬਾਰ ॥*
*ਅੰਗ – ੧੩੬੭*

ਫੇਰ ਜਦੋਂ ਉਸ ਘਰ ਦਾ ਦਰਵਾਜ਼ਾ ਪਤਾ ਲਗ ਗਿਆ, ਉਸ ਵਿਚ ਨਿਵਾਸ ਹੋ ਗਿਆ ਫੇਰ ਇਹ ਆਵਾਗਵਨ ਦਾ ਚੱਕਰ ਸਦਾ ਲਈ ਖਤਮ ਹੋ ਜਾਏਗਾ। ਚਾਰੋ ਦੁਖ ਖਤਮ ਹੋ ਜਾਂਦੇ ਨੇ –

*ਦੁਖੁ ਵੇਛੋੜਾ ਇਕੁ ਦੁਖੁ ਭੂਖ ॥*
*ਇਕੁ ਦੁਖੁ ਸਕਤਵਾਰ ਜਮਦੂਤ ॥*
*ਇਕੁ ਦੁਖੁ ਰੋਗੁ ਲਗੈ ਤਨਿ ਧਾਇ ॥*
*ਵੈਦ ਨ ਭੋਲੇ ਦਾਰੂ ਲਾਇ ॥ ਅੰਗ – ੧੨੫੬*

ਸਾਰੇ ਦੁੱਖਾਂ ਦਾ, ਸਾਰੇ ਰੋਗਾਂ ਦਾ ਇਲਾਜ ਇਹੀ ਹੈ –

*ਸਰਬ ਰੋਗ ਕਾ ਅਉਖਦੁ ਨਾਮੁ ॥*
*ਕਲਿਆਣ ਰੂਪ ਮੰਗਲ ਗੁਣ ਗਾਮ ॥ ਅੰਗ- ੨੭੪*

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਸਮਾਪਤੀ ਕਰਦੇ ਹਾਂ।

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

**ਸਲੋਕ ਮਃ ੩ ॥**
**ਹਉ ਹਉ ਕਰਤੀ ਸਭ ਮੁਈ**
**ਸੰਪਉ ਕਿਸੈ ਨ ਨਾਲਿ ॥**

ਸਭ=ਸਾਰੀ ਦੁਨੀਆਂ ਹਉ ਹਉ=ਮੈਂ-ਮੈਂ ਕਰਤੀ=ਕਰਦੀ ਮੁਈ=ਮਰ ਰਹੀ ਹੈ, ਪਰ ਇਹ ਸੰਪਉ=ਸੰਪਦਾ ਕਿਸੇ ਦੇ ਵੀ ਨਾਲਿ=ਸਾਥ ਨਹੀਂ ਜਾਂਦੀ।

**ਦੂਜੈ ਭਾਇ ਦੁਖੁ ਪਾਇਆ**
**ਸਭ ਜੋਹੀ ਜਮਕਾਲਿ ॥**

ਮਨਮੁਖਾਂ ਨੂੰ ਦੂਜੈ ਭਾਇ=ਦਵੈਤ ਭਾਵ ਵਿਚ ਪੈ ਕੇ ਦੁਖ ਹੀ ਪਾਇਆ=ਪ੍ਰਾਪਤ ਹੁੰਦਾ ਹੈ, ਸਭ=ਸਾਰੀ ਦੁਨੀਆਂ ਜਮਕਾਲ ਨੇ ਜੋਹੀ=ਤਾੜੀ ਭਾਵ ਦੇਖੀ ਹੋਈ ਹੈ ਕਿ ਇਸ ਨੂੰ ਇਕ ਦਿਨ ਨਾਸ਼ ਕਰ ਦੇਣਾ ਹੈ।

**ਨਾਨਕ ਗੁਰਮੁਖਿ ਉਬਰੇ**
**ਸਾਚਾ ਨਾਮੁ ਸਮਾਲਿ ॥ ੧ ॥**

ਸਤਿਗੁਰੂ ਜੀ ਕਥਨ ਕਰਦੇ ਹਨ ਜਿਹੜੇ ਸੱਚੇ ਅਕਾਲ ਪੁਰਖ ਵਾਹਿਗੁਰੂ ਦੇ ਨਾਮ ਨੂੰ ਸਮਾਲਿ=ਚੇਤੇ ਕਰਦੇ ਹਨ ਭਾਵ ਆਪਣੇ ਹਿਰਦੇ ਅੰਦਰ ਯਾਦ ਕਰਦੇ ਹਨ, ਉਹ ਗੁਰਮੁਖ ਜਨ ਜੰਮਣ ਮਰਨ ਦੇ ਦੁੱਖਾਂ ਤੋਂ ਉਬਰੇ=ਬਚ ਗਏ ਹਨ।

**ਮਃ ੧ ॥**
**ਗਲੀ ਅਸੀ ਚੰਗੀਆ**
**ਆਚਾਰੀ ਬੁਰੀਆਹ ॥**

ਸੱਚੇ ਪਾਤਸ਼ਾਹ ਆਖਣ ਲੱਗੇ, ਅਸੀਂ ਗਲੀ=ਗੱਲਾਂ ਨਾਲ ਬੜੀਆਂ ਚੰਗੀਆਂ ਬਣੀਆਂ ਫਿਰਦੀਆਂ ਹਾਂ ਅਤੇ ਆਪਣੇ ਆਪ ਨੂੰ ਬੜੀਆਂ ਨੇਕ ਤੇ ਪਤੀਵਰਤਾ ਕਹਾਉਂਦੀਆਂ ਹਾਂ, ਪਰੰਤੂ ਸਾਡੇ ਆਚਾਰੀ=ਕਰਤੱਵ ਬੁਰੀਆਹ=ਬੁਰਿਆਈ ਕਰਨ ਵਾਲੇ ਹਨ ਭਾਵ ਕਿ ਸਾਡੀ ਖੋਟੀ ਦ੍ਰਿਸ਼ਟੀ ਹੈ। ਇਸ ਪ੍ਰਕਾਰ ਅਸੀਂ ਆਪਣੇ ਆਚਰਨ ਕਰਕੇ ਬਹੁਤ ਮੰਦੀਆਂ ਹਾਂ।

**ਮਨਹੁ ਕੁਸੁਧਾ ਕਾਲੀਆ ਬਾਹਰਿ ਚਿਟਵੀਆਹ ॥**

ਅਸੀਂ ਮਨਹੁ=ਮਨ ਕਰਕੇ ਕੁਸੁਧਾ=ਅਪਵਿੱਤਰ ਹਾਂ। ਹਰ ਸਮੇਂ ਵਿਸ਼ਿਆਂ ਦੀ ਵਾਸ਼ਨਾ ਰੱਖਦੀਆਂ ਹਾਂ। ਸਾਡੀਆਂ ਬਿਰਤੀਆਂ ਕਾਲੀਆ=ਪਾਪਾਂ ਵਾਲੀਆਂ ਹੋ ਗਈਆਂ ਹਨ। ਭਾਵੇਂ ਅਸੀਂ ਬਾਹਰਿ=ਸਰੀਰ ਕਰਕੇ ਵੇਖਣ ਨੂੰ ਚਿਟਵੀਆਹ=ਬੜੀਆਂ ਸਾਫ਼ ਸੁਥਰੀਆਂ ਦਿਸਦੀਆਂ ਹਾਂ।

**ਰੀਸਾ ਕਰਿਹ ਤਿਨਾੜੀਆ**
**ਜੋ ਸੇਵਹਿ ਦਰੁ ਖੜੀਆਹ ॥**

ਅਸੀਂ ਤਿਨਾੜੀਆ=ਉਨ੍ਹਾਂ ਦੀਆਂ ਰੀਸਾਂ ਕਰਦੀਆਂ ਹਾਂ ਜੋ=ਜਿਹੜੀਆਂ ਪਤੀਬਰਤਾ ਧਰਮ ਵਾਲੀਆਂ ਇਸਤਰੀਆਂ ਹਨ, ਜੋ ਆਪਣੇ ਪਤੀ ਦੇ ਦਰੁ=ਬੂਹੇ 'ਤੇ ਸੇਵਹਿ=ਟਹਿਲ ਵਿਚ ਖੜੀਆਹ=ਖੜ੍ਹੀਆਂ ਰਹਿੰਦੀਆਂ ਹਨ।

**ਨਾਲਿ ਖਸਮੈ ਰਤੀਆ**
**ਮਾਣਹਿ ਸੁਖਿ ਰਲੀਆਹ ॥**

ਜਿਹੜੀਆਂ ਆਪਣੇ ਖਸਮੈ=ਮਾਲਕ ਪਤੀ ਨਾਲ ਰਤੀਆ=ਰੰਗੀਆਂ ਹੋਈਆਂ ਹਨ, ਉਹ ਸਦਾ ਹੀ ਸੁਖ ਦੀਆਂ ਰਲੀਆਹ=ਖੁਸ਼ੀਆਂ ਮਾਣਹਿ=ਮਾਣਦੀਆਂ ਹਨ।

**ਹੋਦੈ ਤਾਣਿ ਨਿਤਾਣੀਆ**
**ਰਹਹਿ ਨਿਮਾਨਣੀਆਹ ॥**

ਐਸੀਆਂ ਬੀਬੀਆਂ ਵਿਚ ਆਪਣੇ ਮਾਪਿਆਂ ਦਾ, ਭੈਣ ਭਰਾਵਾਂ ਦਾ, ਆਪਣੇ ਸਰੀਰ ਦਾ ਅਤੇ ਆਪਣੇ ਗੁਰਾਂ ਆਦਿ ਦਾ ਵੀ ਤਾਣਿ=ਬਲ ਹੁੰਦਾ ਹੈ।

**ਨਾਨਕ ਜਨਮੁ ਸਕਾਰਥਾ**
**ਜੇ ਤਿਨ ਕੈ ਸੰਗਿ ਮਿਲਾਹ ॥ ੨ ॥**

ਗੁਰੂ ਸਾਹਿਬ ਜੀ ਕਥਨ ਕਰਦੇ ਹਨ ਉਨ੍ਹਾਂ ਬੀਬੀਆਂ ਦਾ ਜਨਮ ਸਕਾਰਥਾ=ਸਫਲ ਹੈ, ਜੇ-ਜੇਕਰ ਪਰਮੇਸ਼ਰ ਐਸੀਆਂ ਸਕਾਰਥ ਜਨਮ ਵਾਲੀਆਂ ਬੀਬੀਆਂ ਦੇ ਨਾਲ ਸੰਗਿ=ਮੇਲ ਦੇਵੇ ਤਾਂ ਦੂਸਰੀਆਂ ਦਾ ਵੀ ਉਨ੍ਹਾਂ ਨਾਲ ਮੇਲ ਹੋਣ ਕਰਕੇ ਜਨਮ ਸਫਲਾ ਹੋ ਜਾਵੇਗਾ। ਉਹ ਵੀ ਪਤੀਵਰਤਾ ਧਰਮ ਵਾਲੀਆਂ ਹੋ ਕੇ ਸਫਲੀਆਂ ਹੋ ਜਾਣਗੀਆਂ।

**ਪਉੜੀ ॥**
**ਤੂੰ ਆਪੇ ਜਲੁ ਮੀਨਾ ਹੈ**
**ਆਪੇ ਆਪੇ ਹੀ ਆਪਿ ਜਾਲੁ ॥**

ਹੇ ਪਰਮੇਸ਼ਰ! ਤੂੰ ਆਪੇ-ਆਪ ਹੀ ਜਾਲੁ=ਪਾਣੀ ਰੂਪ ਹੈਂ, ਆਪੇ=ਆਪ ਹੀ ਪਾਣੀ ਵਿਚ ਰਹਿਣ ਵਾਲੀ ਮੀਨਾ=ਮੱਛੀ ਰੂਪ ਹੈਂ ਅਤੇ ਆਪੇ ਹੀ ਆਪ ਜਾਲ ਰੂਪ ਹੈ।

**ਤੂੰ ਆਪੇ ਜਾਲੁ ਵਤਾਇਦਾ**
**ਆਪੇ ਵਿਚਿ ਸੇਬਾਲੁ ॥**

ਤੂੰ ਆਪੇ ਹੀ ਜਾਲ ਨੂੰ ਵਤਾਇਦਾ=ਫੇਰਨ ਭਾਵ

ਵਿਛਾਉਣ ਵਾਲਾ ਹੈਂ ਅਤੇ ਆਪ ਹੀ ਪਾਣੀ ਵਿਚ ਪੈਦਾ ਹੋਣ ਵਾਲਾ ਸੇਬਾਲੁ=ਜਾਲਾ ਰੂਪ ਹੈਂ।

**ਤੂੰ ਆਪੇ ਕਮਲੁ ਅਲਿਪਤੁ ਹੈ**
**ਸੈ ਹਥਾ ਵਿਚਿ ਗੁਲਾਲੁ ॥**

ਸੈ=ਸੈਂਕੜੇ ਹੱਥ ਤਲਾਬਾਂ ਆਦਿ ਦੇ ਗੁਲਾਲ=ਪਾਣੀ ਵਿਚ ਤੂੰ ਆਪ ਹੀ ਕਮਲ ਵਤ ਅਲਿਪਤੁ=ਨਿਰਲੇਪ ਰਹਿਣਾ ਵਾਲਾ ਹੈਂ - ਵਾ: ਤੂੰ ਆਪ ਹੀ ਪਾਣੀ ਵਿਚ ਨਿਰਲੇਪ ਰਹਿਣ ਵਾਲੇ ਕਮਲ ਦੀ ਨਿਆਈਂ ਹੈਂ ਜੋ ਸੈਂਕੜੇ ਹੱਥਾਂ ਰੂਪੀ ਲਹਿਰਾਂ ਦੀ ਪਛਾੜ ਵਿਚ ਹੋ ਕੇ ਫੇਰ ਵੀ ਲਾਲ ਗੁਲਾਲ ਭਾਵ ਖਿੜਿਆ ਰਹਿੰਦਾ ਹੈ।

**ਤੂੰ ਆਪੇ ਮੁਕਤਿ ਕਰਾਇਦਾ**
**ਇਕ ਨਿਮਖ ਘੜੀ ਕਰਿ ਖਿਆਲੁ ॥**

ਹੇ ਅਕਾਲ ਪੁਰਖ! ਤੂੰ ਆਪ ਹੀ ਗੁਰਮੁਖ ਜਨਾਂ ਨੂੰ ਗੁਰਾਂ ਦੁਆਰਾ ਉਪਦੇਸ਼ ਦੇ ਕੇ ਮੁਕਤ ਕਰਾਇਦਾ=ਕਰਵਾ ਦਿੰਦਾ ਹੈਂ, ਜੋ ਇਕ ਘੜੀ ਵਿਚੋਂ ਨਿਮਖ=ਛਿਨ ਮਾਤਰ ਵੀ ਤੇਰਾ ਖਿਆਲੁ=ਧਿਆਨ ਕਰਿ-ਕਰਦੇ ਹਨ।

**ਹਰਿ ਤੁਧਹੁ ਬਾਹਰਿ ਕਿਛੁ ਨਹੀ**
**ਗੁਰ ਸਬਦੀ ਵੇਖਿ ਨਿਹਾਲੁ ॥੭॥**

ਹੇ ਹਰਿ=ਵਾਹਿਗੁਰੂ! ਤੁਧਹੁ=ਤੁਹਾਡੇ ਤੋਂ ਬਾਹਰ ਕੁਝ ਵੀ ਨਹੀਂ ਹੈ, ਜਿਨ੍ਹਾਂ ਗੁਰਮੁਖ ਜਨਾਂ ਨੇ ਗੁਰੂ ਦੇ ਸ਼ਬਦੀ=ਉਪਦੇਸ਼ ਦੀ ਕਮਾਈ ਕੀਤੀ ਹੈ, ਉਨ੍ਹਾਂ ਨੂੰ ਵੇਖ ਕੇ ਨਿਹਾਲੁ=ਪ੍ਰਸੰਨ ਹੋ ਜਾਈਦਾ ਹੈ ਵਾ: ਗੁਰਮੁਖ ਜਨ ਗੁਰਾਂ ਦੇ ਸਬਦੀ=ਉਪਦੇਸ਼ ਦੀ ਕਮਾਈ ਕਰ ਕੇ ਆਪਣਾ ਨਿਜ ਸਰੂਪ ਵੇਖ ਕੇ ਨਿਹਾਲ ਹੋ ਜਾਂਦੇ ਹਨ।

**ਸਲੋਕ ਮਃ ੩ ॥**
**ਹੁਕਮੁ ਨ ਜਾਣੈ ਬਹੁਤਾ ਰੋਵੈ ॥**

ਇਹ ਜੀਵ ਰੂਪੀ ਇਸਤਰੀ ਪਰਮੇਸ਼ਰ ਦੇ ਹੁਕਮੁ=ਭਾਣੇ ਨੂੰ ਨਾ ਜਾਣੈ=ਜਾਨਣੇ ਕਰਕੇ ਆਪਣੇ ਕੀਤੇ ਕਰਮਾਂ ਦੀ ਕਰਨੀ ਅਨੁਸਾਰ ਬਹੁਤਾ=ਅਤਿਅੰਤ ਰੋਵੈ=ਰੋਂਦੀ ਹੈ ਭਾਵ ਪਰਮੇਸ਼ਰ ਦਾ ਹੁਕਮ ਨਾ ਮੰਨਣ ਕਰਕੇ ਵਿਰਲਾਪ ਕਰਦੀ ਰਹਿੰਦੀ ਹੈ।

**ਅੰਦਰਿ ਧੋਖਾ ਨੀਦ ਨ ਸੋਵੈ ॥**

ਜੀਵ ਰੂਪ ਇਸਤਰੀ ਦੇ ਹਿਰਦੇ ਅੰਦਰਿ=ਵਿਚ ਦੂਸਰਿਆਂ ਪ੍ਰਤੀ ਧੋਖਾ=ਛਲ, ਫਰੇਬ ਵਾ: ਪ੍ਰਮਾਣਗਤ, ਪਰਮੇਯਗਤਿ ਆਦਿ ਧੋਖਾ=ਸੰਸਾ ਬਣਿਆ ਰਹਿੰਦਾ ਹੈ, ਇਸ ਲਈ ਸ਼ਾਂਤੀ ਰੂਪ ਨੀਂਦ ਵਿਚ ਨਹੀਂ ਸੋਵੈ=ਸੌਂ ਸਕਦੀ।

**ਜੇ ਧਨ ਖਸਮੈ ਚਲੈ ਰਜਾਈ ॥**

ਜੇ=ਜੇਕਰ ਜੀਵ ਰੂਪ ਧਨ=ਇਸਤਰੀ ਆਪਣੇ ਖਸਮੈ=ਮਾਲਕ ਪਰਮੇਸ਼ਰ ਦੀ ਰਜਾਈ=ਆਗਿਆ ਵਿਚ ਚਲੈ=ਚੱਲਣਾ ਕਰੇ।

**ਦਰਿ ਘਰਿ ਸੋਭਾ ਮਹਲਿ ਬੁਲਾਈ ॥**

ਤਾਂ ਉਸ ਦੀ ਸੰਸਾਰ ਰੂਪੀ ਦਰ ਵਿਚ ਵੀ ਤੇ ਪ੍ਰਲੋਕ ਰੂਪੀ ਘਰ ਵਿਚ ਵੀ ਸੋਭਾ=ਵਡਿਆਈ ਹੁੰਦੀ ਹੈ ਤੇ ਉਸ ਨੂੰ ਪਰਮੇਸ਼ਰ ਵੀ ਸੱਚਖੰਡ ਰੂਪੀ ਮਹਲਿ=ਮਹੱਲ ਵਿਚ ਬੁਲਾਈ=ਬੁਲਾ ਲੈਂਦਾ ਹੈ ਵਾ: ਉਸ ਦੀ ਸਾਧਸੰਗਤ ਰੂਪੀ ਦਰ ਵਿਚ ਸੋਭਾ ਹੁੰਦੀ ਹੈ, ਅੰਤਹਕਰਣ ਰੂਪੀ ਘਰ ਵਿਚ ਵੀ ਸਾਖੀ ਸਰੂਪ ਦੀ ਸਾਖਿਆਤਤਾ ਰੂਪ ਸੋਭਾ ਪ੍ਰਾਪਤ ਹੁੰਦੀ ਹੈ ਅਤੇ ਪਰਮੇਸ਼ਰ ਉਸ ਨੂੰ ਤੁਰੀਆ ਪਦ ਰੂਪੀ ਮਹਲ ਵਿਚ ਬੁਲਾ ਕੇ ਆਪਣੇ ਵਿਚ ਅਭੇਦ ਕਰ ਲੈਂਦਾ ਹੈ।

**ਨਾਨਕ ਕਰਮੀ ਇਹ ਮਤਿ ਪਾਈ ॥**

ਸਤਿਗੁਰੂ ਪਾਤਸ਼ਾਹ ਫੁਰਮਾਨ ਕਰਦੇ ਹਨ ਕਿ ਕਰਮੀ=ਚੰਗੇ ਸ੍ਰੇਸ਼ਟ ਨਿਸ਼ਕਾਮ ਕਰਮਾਂ ਕਰਕੇ ਸਤਿਸੰਗਤ ਕਰਨ ਦੀ ਇਹ ਮਤਿ=ਸਿੱਖਿਆ ਨੂੰ ਪਾਈ=ਪਾਈਦਾ ਭਾਵ ਪ੍ਰਾਪਤ ਕਰੀਦਾ ਹੈ

**ਗੁਰ ਪਰਸਾਦੀ ਸਚਿ ਸਮਾਈ ॥੧॥**

ਗੁਰੂ ਦੀ ਪਰਸਾਦੀ=ਕ੍ਰਿਪਾ ਦ੍ਰਿਸ਼ਟੀ ਨਾਲ ਜੀਵ ਰੂਪ ਇਸਤਰੀ ਦੀ ਸਤਿ ਸਰੂਪ ਪਰਮੇਸਰ ਵਿਚ ਸਮਾਈ=ਅਭੇਦਤਾ ਹੋ ਜਾਂਦੀ ਹੈ।

**ਮਃ ੩ ॥**
**ਮਨਮੁਖ ਨਾਮ ਵਿਹੂਣਿਆ**
**ਰੰਗੁ ਕਸੁੰਭਾ ਦੇਖਿ ਨ ਭੁਲੁ ॥**

ਹੇ ਪਰਮੇਸ਼ਰ ਦੇ ਨਾਮ ਤੋਂ ਵਿਹੂਣਿਆ=ਖਾਲੀ ਮਨਮੁਖ ਜੀਵ! ਕੁਸੰਭੇ ਰੰਗ ਦੀ ਨਿਆਈਂ ਨਾਸ਼ ਹੋ ਜਾਣ ਵਾਲੇ ਮਾਇਆ ਦੇ ਰੰਗ, ਵਿਸ਼ਿਆਂ ਦੇ ਰੰਗ, ਪਦਾਰਥਾਂ ਦੇ ਰੰਗਾਂ ਨੂੰ ਵੇਖ ਕੇ ਪਰਮਾਤਮਾ ਨੂੰ ਨਾ ਭੁੱਲ।

**ਇਸ ਕਾ ਰੰਗੁ ਦਿਨ ਥੋੜਿਆ**
**ਛੋਛਾ ਇਸ ਦਾ ਮੁਲੁ ॥**

ਇਸ=ਇਹ ਮਾਇਆ ਕਾ=ਦਾ ਰੰਗੁ=ਅਨੰਦ ਕੁਸੰਭੇ ਦੇ ਰੰਗ ਵਾਂਗ ਥੋੜਿਆ=ਥੋੜ੍ਹੇ ਦਿਨ ਹੀ ਰਹਿਣ ਵਾਲਾ ਹੈ। ਮਰਨ ਤੋਂ ਬਾਅਦ ਇਸ ਦਾ ਮੁੱਲ ਛੋਛਾ=ਤੁੱਛ ਮਾਤਰ ਹੀ ਹੈ।

**ਦੂਜੈ ਲਗੇ ਪਚਿ ਮੁਏ ਮੂਰਖ ਅੰਧ ਗਵਾਰ ॥**

ਗਵਾਰ=ਬੇਸਮਝ ਅੰਧ=ਅਗਿਆਨੀ ਤੇ ਮੂਰਖ ਜੀਵ ਦੂਜੈ=ਦਵੈਤ ਭਾਵ ਵਿਚ ਲਗੇ=ਲੱਗਣ ਕਰਕੇ ਪਚਿ=ਖਪ

ਖਪ ਕੇ ਮੁਏ=ਮਰ ਜਾਂਦੇ ਹਨ ਵਾ: ਮਨ ਦੇ ਅੰਧੇ, ਬਾਣੀ ਕਰਕੇ ਮੂਰਖ ਤੇ ਸਰੀਰ ਕਰਕੇ ਗਵਾਰ ਵਾ: ਵਿਵਹਾਰਾਂ ਵੱਲੋਂ ਮੂਰਖ, ਸ਼ਾਸਤ੍ਰ ਗਿਆਤ ਵੱਲੋਂ ਅੰਧ=ਅਗਿਆਨੀ ਤੇ ਪ੍ਰਮਾਰਥ ਵੱਲੋਂ ਗਵਾਰ ਮਨਮੁਖ ਜੀਵ ਦੂਸਰੇ ਮਾਇਕੀ ਪਦਾਰਥਾਂ ਵਿਚ ਲੱਗ ਕੇ ਅੰਤ ਨੂੰ ਪਚਿ=ਖੁਆਰ ਹੋ ਕੇ ਮੁਏ=ਮਰ ਜਾਂਦੇ ਹਨ।

ਬਿਸਟਾ ਅੰਦਰਿ ਕੀਟ ਸੇ
ਪਇ ਪਚਹਿ ਵਾਰੋ ਵਾਰ ॥

ਸੇ=ਉਹ ਮਨਮੁਖ ਜੀਵ ਬਿਸਟਾ=ਗੰਦਗੀ ਅੰਦਰਿ=ਵਿਚ ਵਸਣ ਵਾਲੇ ਕੀਟ=ਕੀੜੇ ਬਣਦੇ ਹਨ ਅਤੇ ਵਾਰੋ ਵਾਰ=ਮੁੜ ਮੁੜ ਕੇ ਜੂਨਾਂ ਵਿਚ ਪੈ ਕੇ ਨਰਕਾਂ ਰੂਪੀ ਅਗਨੀ ਵਿਚ ਪਚਹਿ=ਸੜਦੇ ਰਹਿੰਦੇ ਹਨ।

ਨਾਨਕ ਨਾਮ ਰਤੇ ਸੇ ਰੰਗੁਲੇ
ਗੁਰ ਕੈ ਸਹਜਿ ਸੁਭਾਇ ॥

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਜਿਨ੍ਹਾਂ ਨੇ ਗੁਰ=ਸਤਿਗੁਰਾਂ ਕੈ=ਦੇ ਉਪਦੇਸ਼ ਦੁਆਰਾ ਸਹਜਿ=ਸ਼ਾਂਤੀ ਸੁਭਾਇ=ਸੁਭਾਅ ਧਾਰਨ ਕੀਤਾ ਹੈ, ਸੇ=ਉਹ ਨਾਮ ਵਿਚ ਰਤੇ=ਰੰਗੇ ਹੋਏ ਪਰਮੇਸ਼ਰ ਦੇ ਰੰਗੁਲੇ=ਅਨੰਦ ਸਹਿਤ ਰਹਿੰਦੇ ਹਨ।

ਭਗਤੀ ਰੰਗੁ ਨ ਉਤਰੈ
ਸਹਜੇ ਰਹੈ ਸਮਾਇ ॥ ੨ ॥

ਉਨ੍ਹਾਂ ਨੂੰ ਪਰਮੇਸ਼ਰ ਦੀ ਭਗਤੀ ਦਾ ਐਸਾ ਰੰਗ ਚੜ੍ਹਿਆ ਹੋਇਆ ਹੈ ਕਿ ਕਦੇ ਵੀ ਉਤਰੈ=ਉਤਰਦਾ ਨਹੀਂ। ਉਹ ਪਰਮੇਸ਼ਰ ਵਿਚ ਸਹਜੇ=ਸੁਤੇ ਸਿੱਧ ਹੀ ਸਮਾਇ=ਮਿਲੇ ਰਹਿੰਦੇ ਹਨ।

ਪਉੜੀ ॥ ਸਿਸਟਿ ਉਪਾਈ ਸਭ ਤੁਧੁ
ਆਪੇ ਰਿਜਕੁ ਸੰਬਾਹਿਆ ॥

ਹੇ ਅਕਾਲ ਪੁਰਖ! ਜਿਤਨੀ ਵੀ ਚਾਰ ਖਾਣੀਆਂ ਰੂਪ ਸ੍ਰਿਸ਼ਟੀ ਹੈ, ਇਹ ਸਭ=ਸਾਰੀ ਤੁਧੁ=ਤੂੰ ਆਪ ਹੀ ਉਪਾਈ=ਪੈਦਾ ਕੀਤੀ ਹੈ ਅਤੇ ਆਪੇ=ਆਪ ਹੀ ਸਾਰੇ ਜੀਵਾਂ ਨੂੰ ਰਿਜਕੁ=ਰੋਜ਼ੀ ਸੰਬਾਹਿਆ=ਪਹੁੰਚਾਉਂਦਾ ਹੈ –

ਇਕਿ ਵਲੁ ਛਲੁ ਕਰਿ ਕੈ ਖਾਵਦੇ
ਮੁਹਹੁ ਕੂੜੁ ਕੁਸਤੁ ਤਿਨੀ ਢਾਹਿਆ ॥

ਇਕਿ=ਕਈ ਜੀਵ ਵਲੁ=ਫਰੇਬ ਛਲੁ=ਧੋਖਾ ਕਰਿ ਕੈ=ਕਰਕੇ ਰਿਜ਼ਕ ਕਮਾਉਂਦੇ ਤੇ ਖਾਵਦੇ=ਖਾਂਦੇ ਹਨ ਅਤੇ ਮੁਹਹੁ=ਮੂੰਹੋਂ ਵੀ ਤਿਨੀ=ਉਹ ਕੂੜੁ=ਝੂਠੇ ਤੇ ਕੁਸਤੁ=ਵਦੀ ਵਾਲੇ ਬਚਨ ਢਾਹਿਆ=ਬੋਲਦੇ ਹਨ ਵਾ: ਉਨ੍ਹਾਂ ਦਾ ਜੀਵਨ ਸ਼ੁਭ ਗੁਣਾਂ ਵੱਲੋਂ ਕਾਮ ਆਦਿਕਾਂ ਵਿਚ ਢਾਹਿਆ=ਢਹਿ ਗਿਆ ਹੈ।

ਤੁਧੁ ਆਪੇ ਭਾਵੈ ਸੋ ਕਰਹਿ
ਤੁਧੁ ਓਤੈ ਕੰਮਿ ਓਇ ਲਾਇਆ ॥

ਹੇ ਪਰਮੇਸ਼ਰ! ਜੋ ਤੁਧੁ=ਤੈਨੂੰ ਆਪੇ=ਆਪ ਭਾਵੈ=ਭਾਉਂਦਾ ਭਾਵ ਚੰਗਾ ਲੱਗਦਾ ਹੈ, ਸੋ=ਉਹ ਹੀ ਜੀਵਾਂ ਨੂੰ ਫਲ ਦੇਣਾ ਕਰਹਿ=ਕਰਦਾ ਹੈਂ ਅਤੇ ਜੋ ਤੁਧੁ=ਤੂੰ ਕਿਸੇ ਨੂੰ ਜਿਹੋ ਜਿਹੇ ਕੰਮ ਦੇ ਲਾਇਕ ਸਮਝਿਆ ਹੈ, ਉਸ ਨੂੰ ਓਤੈ=ਉਸੇ ਕੰਮ ਵਿਚ ਲਾ ਦਿਤਾ ਹੈ। ਭਾਵ ਮੰਦ ਕਰਮੀਆਂ ਨੂੰ ਮੰਦੇ ਕਰਮ ਅਤੇ ਚੰਗਿਆਂ ਨੂੰ ਸ੍ਰੇਸ਼ਟ ਕਰਮਾਂ ਵਿਚ ਲਾ ਦਿਤਾ ਹੈ।

ਇਕਨਾ ਸਚੁ ਬੁਝਾਇਓਨੁ
ਤਿਨਾ ਅਤੁਟ ਭੰਡਾਰ ਦੇਵਾਇਆ ॥

ਇਕਨਾ=ਕਈ ਗੁਰਮੁਖ ਜਨਾਂ ਨੂੰ ਆਪ ਜੀ ਨੇ ਕਿਰਪਾ ਕਰਕੇ ਗੁਰਾਂ ਦੁਆਰਾ ਸੱਚਾ ਨਾਮ ਬੁਝਾਇਓਨੁ=ਸਮਝਾ ਦਿਤਾ ਹੈ। ਉਨ੍ਹਾਂ ਨੂੰ ਭਗਤੀ ਦਾ ਕਦੇ ਵੀ ਅਤੁੱਟ ਨਾ ਮੁੱਕਣ ਵਾਲਾ ਭੰਡਾਰ=ਖਜ਼ਾਨਾ ਗੁਰਾਂ ਕੋਲੋਂ ਦੇਵਾਇਆ=ਦਿਵਾ ਦਿਤਾ ਹੈ।

ਹਰਿ ਚੇਤਿ ਖਾਹਿ ਤਿਨਾ ਸਫਲੁ ਹੈ
ਅਚੇਤਾ ਹਥ ਤਡਾਇਆ ॥ ੯ ॥

ਜੋ ਹਰਿ=ਹਰੀ ਪਰਮੇਸ਼ਰ ਨੂੰ ਚੇਤਿ=ਯਾਦ ਭਾਵ ਸਿਮਰ ਕੇ ਪਦਾਰਥ ਖਾਹਿ=ਖਾਂਦੇ ਹਨ, ਤਿਨਾ=ਉਨ੍ਹਾਂ ਦਾ ਖਾਧਾ ਹੋਇਆ ਪਦਾਰਥ ਸਫਲਾ ਹੈ। ਜਿਹੜੇ ਪਰਮੇਸ਼ਰ ਦੇ ਸਿਮਰਨ ਤੋਂ ਬਿਨਾਂ ਅਚੇਤਾ=ਭੁੱਲੇ ਹੋਏ ਜੀਵ ਹਨ, ਉਹ ਘਰਾਂ-ਘਰਾਂ ਵਿਚ ਜਾ ਕੇ ਹਰੇਕ ਦੇ ਅੱਗੇ ਹੱਥ ਤਡਾਇਆ=ਅੱਡ ਕੇ ਭਾਵ ਫੈਲਾ ਕੇ ਮੰਗਦੇ ਹਨ ਅਥਵਾ ਜੋ ਜੀਵ ਹਰਿ=ਪਰਮੇਸ਼ਰ ਦਾ ਚਿੰਤਨ ਕਰ ਕੇ ਪਦਾਰਥ ਖਾਂਦੇ ਹਨ ਤਿਨਾ=ਉਨ੍ਹਾਂ ਦਾ ਖਾਧਾ ਹੋਇਆ ਪਦਾਰਥ ਪਰਮੇਸ਼ਰ ਦੇ ਚਿੰਤਨ ਦੀ ਅੰਸ਼ ਹੋਣ ਕਰਕੇ ਅਰੋਗਤਾ ਰੂਪੀ ਫਲ ਪ੍ਰਦਾਨ ਕਰਦਾ ਹੈ, ਕਿਉਂਕਿ ਚਿੰਤਨ ਕਰ ਕੇ ਖਾਧਾ ਹੋਇਆ ਪਦਾਰਥ ਬਿਰਤੀ ਨੂੰ ਸਤੋਗੁਣੀ ਕਰ ਦਿੰਦਾ ਹੈ, ਜਿਸ ਕਰਕੇ ਕਾਮ, ਕ੍ਰੋਧ ਆਦਿ ਵਿਕਾਰ ਪ੍ਰਭਾਵ ਨਹੀਂ ਪਾਉਂਦੇ, ਚਿੰਤਨ ਕਰਨ ਨਾਲ ਮਾਨਸਿਕ ਤੇ ਸਰੀਰਕ ਰੋਗਾਂ ਤੋਂ ਰਹਿਤ ਹੋਈਦਾ ਹੈ ਅਤੇ ਜੋ ਜੀਵ ਅਚੇਤਾ=ਚਿੰਤਨ ਤੋਂ ਰਹਿਤ ਹੋ ਕੇ ਪਦਾਰਥ ਖਾਂਦੇ ਹਨ ਤਿਨ੍ਹਾਂ ਵਿਚ ਤਮੋਗੁਣ ਦੀ ਅੰਸ਼ ਵਧਣ ਕਰਕੇ ਕਾਮ, ਕ੍ਰੋਧ ਆਦਿ ਮਾਨਸਿਕ ਰੋਗ ਤੇ ਸਰੀਰਕ ਰੋਗ ਪੈਦਾ ਹੁੰਦੇ ਹਨ, ਉਨ੍ਹਾਂ ਦਾ ਅਨੇਕਾਂ ਜੂਨੀਆਂ ਰੂਪ ਘਰਾਂ ਵਿਚ ਮਨ ਰੂਪੀ ਹੱਥ ਪਦਾਰਥਾਂ ਨੂੰ ਪ੍ਰਾਪਤ ਕਰਨ ਲਈ ਅੱਡਿਆ ਰਹਿੰਦਾ ਹੈ।

*'ਚਲਦਾ..............।'*

# ਜਨ ਪਰਉਪਕਾਰੀ ਆਏ

## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-52)*

## ਮਹਾਂਪੁਰਸ਼ਾਂ ਦੀ ਸਿੰਧ ਵੱਲ ਪ੍ਰਚਾਰ ਫੇਰੀ

ਆਪ ਜੀ ਦੇ ਮਨ ਵਿਚ ਫੁਰਨਾ ਬਣਿਆ ਕਿ ਕਿਉਂ ਨਾ ਦੁਨਿਆਵੀ ਪੜ੍ਹਾਈ ਦੇ ਅਧਾਰ ਤੇ ਕੋਈ ਯਥਾਸ਼ਕਤ ਸਰਕਾਰੀ ਸਰਵਿਸ ਪ੍ਰਾਪਤ ਕਰਕੇ, ਪਰਿਵਾਰ ਦੀ ਆਰਥਿਕ ਤੌਰ 'ਤੇ ਮਦਦ ਕਰਕੇ, ਆਪਣਾ ਹਿੱਸਾ ਪਾਇਆ ਜਾਵੇ ਤੇ ਘਰ ਦੇ ਵੀ ਕਹਿਣ ਲੱਗੇ ਕਿ ਹੁਣ ਤੂੰ ਪੜ੍ਹ ਲਿਖ ਗਿਆ, ਤਲਾਸ਼ ਕਰਕੇ ਕਿਧਰੇ ਨੌਕਰੀ ਕਰ। ਉਥੇ ਸਿੰਧ ਵਿਚ ਮੇਰਾ ਇਕ ਦੋਸਤ ਸੀ, ਉਸ ਨੇ ਬੁਲਾ ਲਿਆ। ਉਸ ਤੋਂ ਪਤਾ ਲੱਗਿਆ ਕਿ ਨਵਾਬਸ਼ਾਹ ਸਿੰਧ ਵਿਖੇ ਪੁਲਿਸ ਸਰਵਿਸ ਵਾਸਤੇ ਨੌਜਵਾਨਾਂ ਨੂੰ ਭਰਤੀ ਕੀਤਾ ਜਾ ਰਿਹਾ ਹੈ। ਉਨ੍ਹਾਂ ਦਿਨਾਂ ਵਿਚ ਤਨਖਾਹ 50 ਰੁਪਏ ਮਹੀਨਾ ਸੀ ਜੋ ਹੁਣ ਦੇ ਕਈ ਹਜ਼ਾਰਾਂ ਦੇ ਬਰਾਬਰ ਸੀ। ਕਹਿੰਦੇ ਘੋੜਾ ਵੀ ਮਿਲੇਗਾ ਉਸ ਦਾ ਖਾਣਾ ਚਾਰਾ ਵੀ ਮਿਲੇਗਾ ਤੇ ਪੈਸੇ ਵੀ ਮਿਲਣਗੇ। ਇਹ ਗੱਲ ਸੰਨ 1937 ਦੀ ਹੈ। ਆਪ ਜੀ ਨੇ ਮਾਤਾ-ਪਿਤਾ ਜੀ ਆਗਿਆ ਲਈ ਅਤੇ ਸਫਰ ਵਾਸਤੇ ਲੋੜੀਂਦਾ ਸਮਾਨ-ਮਾਇਆ ਆਦਿ ਲੈ ਕੇ ਲੁਧਿਆਣਾ ਰੇਲਵੇ ਸਟੇਸ਼ਨ ਤੋਂ ਟ੍ਰੇਨ ਲੈ ਕੇ ਨਵਾਬਸ਼ਾਹ ਸਿੰਧ ਦਾ ਸਫਰ ਸ਼ੁਰੂ ਕੀਤਾ ਅਤੇ ਪੁਲਿਸ ਭਰਤੀ ਦਫਤਰ ਪਹੁੰਚ ਗਏ। ਆਪ ਨੇ ਦੇਖਿਆ ਹਾਲੇ ਬੜੀ ਭੀੜ ਹੈ ਤੇ ਅੰਗਰੇਜ਼ ਅਫਸਰ ਇਕ-ਇਕ ਜੁਆਨ ਨੂੰ ਅੰਦਰ ਬੁਲਾ ਕੇ ਪੁੱਛ ਗਿੱਛ ਕਰ ਰਹੇ ਹਨ। ਆਪ ਜੀ ਨੇ ਸੋਚਿਆ ਕਿ ਜਦੋਂ ਭੀੜ ਘਟੇਗੀ ਉਸ ਵੇਲੇ ਅੰਦਰ ਜਾਵਾਂਗਾ ਤੇ ਉਤਨੀ ਦੇਰ ਇਥੇ ਦਰਖਤ ਦੀ ਛਾਂ ਹੇਠ ਬੈਠ ਕੇ, ਬਿਰਤੀ ਇਕਾਗਰ ਕਰਕੇ, ਨਾਮ ਜਪਦੇ ਹਾਂ। ਆਪ ਜੀ ਨੇਤਰ ਬੰਦ ਕਰਕੇ ਸਮਾਧੀ ਸਥਿਤ ਹੋ ਗਏ, ਦੁਪਹਿਰ ਦਾ ਵਕਤ ਹੋ ਗਿਆ ਅਤੇ ਗਿਣਤੀ ਦੇ ਚਾਰ-ਪੰਜ ਜਵਾਨ ਰਹਿ ਗਏ। ਅੰਦਰ ਬੈਠੇ ਭਰਤੀ ਅਫਸਰ ਨੇ ਆਪ ਨੂੰ ਸਮਾਧੀ 'ਚ ਬੈਠਿਆਂ ਦੇਖ ਕੇ ਬੁਲਵਾਇਆ ਤੇ ਪੁੱਛਿਆ ਕਿ ਤੁਸੀਂ ਕਿਵੇਂ ਆਏ ਹੋ? ਆਪ ਜੀ ਨੇ ਉਤਰ ਦਿਤਾ ਕਿ ਭਰਤੀ ਹੋਣ ਲਈ ਆਇਆ ਹਾਂ। ਕਹਿੰਦਾ ਕਿ ਤੁਹਾਨੂੰ ਕੋਈ ਫਿਕਰ ਨਹੀਂ ਸੀ ਕਿ ਮੈਂ ਜਾ ਕੇ ਆਪਣੀ ਵਾਰੀ ਦਾ ਪਤਾ ਕਰਾਂ ਤੇ ਤੁਸੀਂ ਆਰਾਮ ਨਾਲ ਅੱਖਾਂ ਮੀਟ ਕੇ ਬੈਠੇ ਕੀ ਕਰ ਰਹੇ ਸੀ? ਆਪ ਜੀ ਨੇ ਉਤਰ ਦਿਤਾ ਕਿ ਮੈਂ ਦੇਖਿਆ ਕਿ ਬਹੁਤ ਭੀੜ ਸੀ ਜਦੋਂ ਭੀੜ ਘਟ ਜਾਵੇਗੀ ਉਦੋਂ ਜਾਵਾਂਗਾ, ਉਨਾਂ ਚਿਰ ਐਧਰ ਉਧਰ ਦੇਖ ਕੇ ਜਾਂ ਕਿਸੇ ਨਾਲ ਗੱਲਾਂ ਕਰਕੇ ਸਮਾਂ ਨਸ਼ਟ ਹੋਵੇਗਾ ਇਸ ਕਰਕੇ ਉਤਨਾ ਚਿਰ ਪ੍ਰਭੂ ਦੀ ਯਾਦ ਵਿਚ ਬੈਠ ਕੇ ਸਿਮਰਨ ਕਰੀਏ। ਇਹ ਸੁਣ ਕੇ ਅੰਗਰੇਜ਼ ਅਫਸਰ ਬਹੁਤ ਪ੍ਰਭਾਵਿਤ ਹੋਇਆ। ਕਹਿਣ ਲੱਗਿਆ, ''ਵੈਲ ਜਵਾਨ! ਹਮ ਆਪ ਕੋ ਭਰਤੀ ਤੋ ਕਰ ਲੇਗਾ ਪਰ ਆਪ ਕੋ ਰਾਇ ਦੇਤਾ ਹੈ ਕਿ ਆਪ ਪੁਲਿਸ ਕੀ ਬਜਾਇ ਫੌਜ ਮੇਂ ਜਾਓ, ਵਹਾਂ ਬੇਹਤਰ ਰਹੇਗਾ। ਆਪ ਪੁਲਿਸਮੈਨ ਕੇ ਲੀਏ ਫਿਟ ਨਹੀਂ ਹੋ। ਇਸ ਜੌਬ ਮੇਂ ਮੁਜਰਿਮ ਕੋ ਕਸੂਰ ਮਨਾਨੇ ਲੀਏ ਬਹੁਤ ਗਲਤ ਬੋਲਨਾ ਪੜਤਾ ਹੈ, ਮਾਰਪੀਟ ਕਰਨੀ ਪੜਤੀ ਹੈ। ਮੁਝੇ ਆਪ ਗੌਡਲੀ ਫਿਗਰ (Godly figure), ਹੋਲੀ ਮੈਨ (Holyman) ਲਗਤੇ ਹੋ। ਇਹ ਗੱਲ ਸੁਣ ਕੇ ਆਪ ਜੀ ਫਤਹਿ ਬੁਲਾ ਕੇ ਕਮਰੇ ਤੋਂ ਬਾਹਰ ਆ ਗਏ ਤੇ ਮਨ ਵਿਚ ਵਿਚਾਰ ਕੀਤੀ ਕਿ ਸੱਚਮੁੱਚ ਇਹ ਉਸ ਅਫਸਰ ਨੇ ਦੁਰੱਸਤ ਕਿਹਾ ਹੈ। ਕਹਿੰਦੇ, ਭੱਠ ਪਵੇ ਸੋਨਾ ਜਿਹੜਾ ਕੰਨਾਂ ਨੂੰ ਖਾਵੇ। ਐਸੀ ਸਰਵਿਸ ਨੂੰ ਕੀ ਕਰਨਾ ਹੈ ਜਿਹੜੀ ਪ੍ਰਮਾਰਥ ਦੇ ਰਾਹ ਤੋਂ ਦੂਰ ਲੈ ਜਾਵੇ। ਆਪ ਜੀ ਇਸ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਰਦੇ ਸੀ ਕਿ ਜੇ ਇਹ ਨੌਕਰੀ ਪ੍ਰਵਾਨ ਕਰ ਲੈਂਦਾ ਤਾਂ ਮੇਰੇ ਰੂਹਾਨੀ ਜੀਵਨ ਨੂੰ ਬਹੁਤ ਵੱਡਾ ਧੱਕਾ ਲੱਗਣਾ ਸੀ। ਆਪ ਨੇ ਇਸ ਸ਼ਹਿਰ ਵਿਚ ਥੋੜ੍ਹੇ ਚਿਰ ਲਈ ਰਹਿਣ ਦਾ ਮਨ ਬਣਾ ਲਿਆ ਅਤੇ ਕਿਰਾਏ ਤੇ ਇਕ ਕਮਰਾ ਲੈ ਲਿਆ। ਇਕ ਟਾਈਮ ਸਵੇਰੇ ਭੋਜਨ ਛੱਕ ਕੇ ਸਾਰਾ ਦਿਨ ਕੁੰਡਾ ਬੰਦ ਕਰਕੇ ਭਜਨ ਵਿਚ ਲੀਨ ਰਹਿੰਦੇ ਅਤੇ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਚ ਕਥਾ ਕੀਰਤਨ ਕਰਦੇ ਅਤੇ ਸੁਣਦੇ ਰਹਿੰਦੇ ਸਨ, ਜਿਸ ਕਰਕੇ ਕਈ ਸਾਥੀ ਬਣ ਗਏ। ਮਨ ਵਿਚ ਫੁਰਨਾ ਆਇਆ ਕਿ ਰੋਜ਼ ਪ੍ਰਸ਼ਾਦਾ ਬਣਾਉਣ ਦਾ ਝੰਜਟ ਹੈ, ਵਾਹਿਗੁਰੂ ਆਪ ਹੀ ਉਤੋਂ ਭੇਜੇਗਾ। ਸਾਰਾ ਰਾਸ਼ਨ ਵਗੈਰਾ ਇਕ ਮੰਗਤੇ ਨੂੰ ਦੇ ਦਿਤਾ ਤੇ ਨਿਸਚਿੰਤ ਹੋ ਕੇ ਦਿਨ ਰਾਤ ਭਜਨ ਬੰਦਗੀ

ਵਿਚ ਲੀਨ ਰਹਿਣ ਲਗ ਗਏ। ਇਸੇ ਤਰ੍ਹਾਂ ਹੀ ਤਿੰਨ ਦਿਨ ਬਤੀਤ ਹੋ ਗਏ, ਚੌਥੇ ਦਿਨ ਸਵੇਰੇ ਗੁਆਂਢ ਵਿਚ ਇਕ ਮਾਈ ਨੂੰ ਪ੍ਰੇਰਨਾ ਹੋਈ ਕਿ 'ਵਰਿਆਮ ਸਿੰਘ' ਨੂੰ ਪ੍ਰਸ਼ਾਦਾ ਦੇ ਕੇ ਆਵੇ। ਦੂਜੇ ਦਿਨ ਇਕ ਹੋਰ ਪਰਿਵਾਰ ਦੇ ਚਾਰ ਮੈਂਬਰ ਆਏ ਅਤੇ ਕਹਿਣ ਲੱਗੇ ਸਾਡੇ ਘਰ ਪ੍ਰਸ਼ਾਦਾ ਛਕੋ ਕਿਉਂਕਿ ਜਦੋਂ ਅਸੀਂ ਪ੍ਰਸ਼ਾਦਾ ਛੱਕਣ ਬੈਠਦੇ ਸੀ ਤਾਂ ਮਨ ਵਿਚ ਵਾਰ-ਵਾਰ ਇਹੋ ਫੁਰਨਾ ਬਣਦਾ ਕਿ ਆਪ ਨੂੰ ਪ੍ਰਸ਼ਾਦਾ ਛਕਾਇਆ ਜਾਵੇ। ਆਪ ਜੀ ਕੋਈ ਮਾਇਕ ਭੇਟਾ ਵੀ ਪਰਵਾਨ ਨਹੀਂ ਕਰਦੇ, ਗੁਰੂ ਘਰ ਵਿਖੇ ਨਿਸ਼ਕਾਮ ਕਥਾ ਕੀਰਤਨ ਦੀ ਸੇਵਾ ਕਰਦੇ ਹੋ। ਫੇਰ ਇਕ ਹੋਰ ਬਖਸ਼ੀ ਧਨਾਢ ਪਰਿਵਾਰ ਆਇਆ ਉਨ੍ਹਾਂ ਨੇ ਵੀ ਇਹੀ ਬਚਨ ਕੀਤਾ ਕਿ ਸਾਨੂੰ ਵੀ ਗੁਰੂ ਸਾਹਿਬ ਵੱਲੋਂ ਪ੍ਰੇਰਨਾ ਹੋਈ ਹੈ, ਹੁਣ ਤੁਸੀਂ ਸਾਡੇ ਗ੍ਰਿਹ ਵਿਖੇ ਨਿਵਾਸ ਰੱਖੋ। ਜਿੰਨਾ ਚਿਰ ਮਰਜ਼ੀ ਰਹੋ, ਪ੍ਰਸ਼ਾਦੇ ਦੀ ਸੇਵਾ ਅਸੀਂ ਕਰਾਂਗੇ। ਸੋ ਇਸ ਤਰ੍ਹਾਂ ਨਾਲ ਗੁਰਮੁਖ ਪਿਆਰਿਆਂ ਦਾ ਫਿਕਰ ਵਾਹਿਗੁਰੂ ਨੂੰ ਹੋਇਆ ਕਰਦਾ ਹੈ ਜੋ ਉਸ ਦੇ ਪਰਨੇ ਹੋ ਜਾਂਦੇ ਹਨ ਉਨ੍ਹਾਂ ਨੂੰ ਰਿਜ਼ਕ ਦਾ ਫਿਕਰ ਨਹੀਂ ਹੋਇਆ ਕਰਦਾ।

*ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ*
*ਕਾਹੇ ਮਨ ਭਉ ਕਰਿਆ ॥* *ਅੰਗ - ੧੦*

ਉਸ ਪਰਿਵਾਰ ਤੋਂ ਆਪ ਨੇ ਬਚਨ ਲਿਆ ਕਿ ਮੈਂ ਅੱਠ ਪਹਿਰ ਮਗਰੋਂ ਇਕ ਫੁਲਕਾ ਤੇ ਦਾਲ ਛਕਾਂਗਾ, ਕੋਈ ਵੀ ਮੇਰੀ ਖੁਰਾਕ ਬਾਰੇ ਕਿਸੇ ਨੂੰ ਗੱਲ ਨਾ ਕਰੇ ਅਤੇ ਨਾ ਹੀ ਕਿਸੇ ਨੂੰ ਕੋਈ ਦੱਸੇ ਕਿ ਮੈਂ ਇਥੇ ਭਜਨ ਕਰ ਰਿਹਾ ਹਾਂ। ਕੋਈ ਵੀ ਬੀਬੀ ਮੇਰੇ ਕਮਰੇ ਵਿਚ ਨਾ ਆਵੇ। ਉਨ੍ਹਾਂ ਨੇ ਪਰਵਾਨ ਕੀਤਾ ਪਰ ਕੁਝ ਸਮੇਂ ਬਾਦ ਮਾਈਆਂ ਨੇ ਆਂਢ-ਗੁਆਂਢ ਇਸ ਗੱਲ ਦੀ ਚਰਚਾ ਕੀਤੀ। ਜਦੋਂ ਆਪ ਨੂੰ ਪਤਾ ਲੱਗਾ ਤਾਂ ਇਕ ਦਿਨ ਸਵੇਰੇ-ਸਵੇਰੇ ਕਛਹਿਰਾ-ਪਰਨਾ ਚੁੱਕ ਕੇ ਉਥੋਂ ਚੁੱਪ-ਚਾਪ ਰਵਾਨਾ ਹੋ ਗਏ। ਕਿਉਂਕਿ ਪ੍ਰਭੂ ਦੇ ਪਿਆਰੇ, ਵਾਹਿਗੁਰੂ ਦੇ ਪਿਆਰ ਵਿਚ ਰਹਿੰਦੇ ਹਨ ਅਤੇ ਸੁਤੰਤਰ ਬਿਰਤੀ ਵਾਲੇ ਹੁੰਦੇ ਹਨ, ਕਿਸੇ ਦੀ ਮੁਥਾਜੀ ਦੀ ਪ੍ਰਵਾਹ ਨਹੀਂ ਕਰਿਆ ਕਰਦੇ।

*ਸੰਤਨ ਅਵਰ ਨ ਕਾਹੂ ਜਾਨੀ ॥*
*ਬੇਪਰਵਾਹ ਸਦਾ ਰੰਗਿ ਹਰਿ ਕੈ ਜਾ ਕੋ ਪਾਖੁ ਸੁਆਮੀ ॥*
*ਅੰਗ - ੭੧੧*

ਆਪ ਜੀ ਉਥੋਂ ਸਿੱਧੇ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ ਤੇ ਫੈਸਲਾ ਕੀਤਾ ਕਿ ਜਿਹੜੀ ਵੀ ਟ੍ਰੇਨ ਆਵੇਗੀ ਉਸ ਵਿਚ ਬੈਠ ਜਾਣਾ ਹੈ। ਆਪ ਜੀ ਰੇਲ ਦੇ ਡੱਬੇ ਵਿਚ ਬੈਠ ਗਏ ਤੇ ਥੋੜ੍ਹੀ ਦੇਰ ਬਾਦ ਟੀ.ਟੀ, ਟਿਕਟਾਂ ਚੈਕ ਕਰਨ ਵਾਸਤੇ ਆ ਗਿਆ। ਸਭ ਦੀ ਟਿਕਟਾਂ ਚੈਕ ਕੀਤੀਆਂ ਪਰ ਆਪ ਨੂੰ ਪੁਛਿਆ ਤੱਕ ਨਹੀਂ ਸਗੋਂ ਪਿਆਰ ਨਾਲ ਕਹਿੰਦਾ, ਸਰਦਾਰ ਜੀ! ਤੁਸੀਂ ਕਿਥੇ ਜਾਣਾ ਹੈ? ਆਪ ਨੇ ਉਤਰ ਦਿਤਾ ਪਤਾ ਨਹੀਂ ਜਿਧਰ ਵਾਹਿਗੁਰੂ ਲੈ ਕੇ ਜਾਵੇਗਾ, ਉਧਰ ਹੀ ਜਾਵਾਂਗਾ ਪਰ ਮੈਂ ਅਗਲੇ ਸਟੇਸ਼ਨ 'ਤੇ ਜਾਵਾਂਗਾ। ਟੀ.ਟੀ. ਆਪ ਦਾ ਨੂਰਾਨੀ ਚੇਹਰਾ ਦੇਖ ਕੇ ਬਹੁਤ ਪ੍ਰਭਾਵਿਤ ਹੋਇਆ ਤੇ ਮਨ ਵਿਚ ਵਿਚਾਰ ਆਈ ਕਿ ਜੇ ਮੈਂ ਇਸ ਗੁਰਮੁਖ ਪਿਆਰੇ ਦੇ ਕਿਸੇ ਕੰਮ ਆ ਸਕਾਂ ਤਾਂ ਵਡਭਾਗੀ ਹੋਵਾਂਗਾ। ਜਦੋਂ ਅਗਲਾ ਸਟੇਸ਼ਨ ਆਇਆ ਤਾਂ ਟੀ.ਟੀ. ਨੇ ਗੇਟ ਤੇ ਖੜ੍ਹੇ ਟਿਕਟ ਕੁਲੈਕਟਰ ਨੂੰ ਇਸ਼ਾਰਾ ਕਰਕੇ ਮੇਰੇ ਬਾਰੇ ਕੁਝ ਸਮਝਾਇਆ। ਮੈਂ ਜਦੋਂ ਗੇਟ 'ਤੇ ਪਹੁੰਚਿਆ ਤਾਂ ਟਿਕਟ ਕੁਲੈਕਟਰ ਨੇ ਮੈਨੂੰ ਕਿਹਾ ਕਿ ਸਰਦਾਰ ਜੀ! ਤੁਸੀਂ ਕੁਝ ਦੇਰ ਇਥੇ ਰੁਕੋ, ਮੈਂ ਮੁਸਾਫਰਾਂ ਦੀਆਂ ਟਿਕਟਾਂ ਚੈਕ ਕਰਕੇ, ਵਿਹਲਾ ਹੋ ਕੇ ਆਪ ਨਾਲ ਗੱਲ ਕਰਦਾ ਹਾਂ। ਜਦੋਂ ਉਹ ਵਿਹਲਾ ਹੋ ਕੇ ਆਇਆ ਤਾਂ ਕਹਿਣ ਲੱਗਾ, ਸਰਦਾਰ ਜੀ! ਦੁਪਹਿਰ ਦਾ ਵੇਲਾ ਹੋ ਗਿਆ, ਤੁਸੀਂ ਪ੍ਰਸ਼ਾਦਾ ਨਹੀਂ ਛਕਿਆ ਹੋਣਾ, ਮੈਨੂੰ ਆਪ ਦੀ ਸੇਵਾ ਕਰਕੇ ਬੜੀ ਪ੍ਰਸੰਨਤਾ ਹੋਵੇਗੀ, ਕ੍ਰਿਪਾ ਕਰਕੇ ਮੇਰੇ ਨਾਲ, ਮੇਰੇ ਘਰ ਚੱਲੋ। ਦੇਖੋ ਸਾਧਸੰਗਤ ਜੀ! ਵਾਹਿਗੁਰੂ ਆਪਣੇ ਪਿਆਰਿਆਂ ਦਾ ਕਿਵੇਂ ਖਿਆਲ ਰੱਖਦਾ ਹੈ। ਇਸੇ ਲਈ ਕਿਸੇ ਵਿਦਵਾਨ ਨੇ ਸੱਚ ਕਿਹਾ ਹੈ -

*"ਪੱਲੇ ਰਿਜ਼ਕ ਦਾ ਬੰਨ੍ਹਦੇ ਪੰਛੀ ਤੇ ਦਰਵੇਸ਼।*
*ਜਿਨ੍ਹਾਂ ਤਬੱਕਾ ਰੱਬ ਦਾ ਤਿਨ੍ਹਾਂ ਰਿਜ਼ਕ ਹਮੇਸ਼।"*

ਉਨ੍ਹਾਂ ਨੇ ਬੜੇ ਪਿਆਰ ਤੇ ਸ਼ਰਧਾ ਨਾਲ ਪ੍ਰਸ਼ਾਦਾ ਛਕਾ ਕੇ ਬੇਨਤੀ ਕੀਤੀ, ਕਹਿੰਦੇ ਭਾਈ ਸਾਹਿਬ! ਸਾਡੇ ਘਰ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ, ਜੇਕਰ ਸਾਨੂੰ ਸਹਿਜ ਪਾਠ ਸੁਣਾ ਦੇਵੋ ਤਾਂ ਬੜੀ ਮਿਹਰਬਾਨੀ ਹੋਵੇਗੀ, ਅਸੀਂ ਸਾਰਾ ਪਰਿਵਾਰ ਤੁਹਾਡੀ ਸੰਗਤ ਦਾ ਅਨੰਦ ਮਾਣ ਸਕਾਂਗੇ। ਆਪ ਜੀ ਨੇ ਬੇਨਤੀ ਪ੍ਰਵਾਨ ਕਰ ਲਈ ਤੇ ਕਿਹਾ ਮੈਂ ਕੁਝ ਦਿਨ ਲਈ ਇਹ ਸੇਵਾ ਨਿਭਾਉਣ ਲਈ ਟਿਕ ਜਾਂਦਾ ਹਾਂ ਪਰ ਮੇਰੀ ਇਕ ਸ਼ਰਤ ਹੈ ਕਿ ਸਾਰਾ ਪਰਿਵਾਰ ਗੁਰੂ ਦੀ ਹਜ਼ੂਰੀ ਵਿਚ ਬੈਠ ਕੇ ਪਾਠ ਸਰਵਣ ਕਰੇ। ਸਭ ਨੇ ਸੀਸ ਝੁਕਾ ਕੇ ਪਰਵਾਨ ਕੀਤਾ ਤੇ ਹਫਤੇ ਬਾਦ ਪਾਠ ਦਾ ਭੋਗ ਪਿਆ। ਇਸ ਤਰ੍ਹਾਂ ਨਾਲ ਹਫਤਾ ਭਰ ਸਤਿਸੰਗ ਦਾ ਮੰਡਲ ਬਣਾ ਕੇ ਸਿੰਧੀ

ਪਰਿਵਾਰ ਨੂੰ ਨਾਮ ਬਾਣੀ ਨਾਲ ਜੋੜ ਦਿਤਾ। ਕਹਿਣ ਲੱਗੇ, ਕਿ ਭਾਈ ਸਾਹਿਬ! ਅਸੀਂ ਆਪ ਦੀ ਸੰਗਤ ਦਾ ਹੋਰ ਅਨੰਦ ਮਾਨਣਾ ਚਾਹੁੰਦੇ ਹਾਂ ਪਰ ਆਪ ਸਭ ਤੋਂ ਵਿਦਾ ਲੈ ਕੇ ਅੱਗੇ ਵੱਲ ਤੁਰ ਪਏ। ਸਾਧੂ ਕਿਸੇ ਦੇ ਰੋਕੇ ਹੋਏ ਰੁਕਿਆ ਨਹੀਂ ਕਰਦੇ ਕਿਉਂਕਿ ਉਨ੍ਹਾਂ ਅੰਦਰ ਪਰਉਪਕਾਰ ਦੀ ਲਗਨ, ਪ੍ਰਭੂ ਪਿਆਰ ਅਤੇ ਨਾਮ ਸਿਮਰਨ ਦੀ ਤੀਬਰ ਇੱਛਾ ਬਣੀ ਰਹਿੰਦੀ ਹੈ।

*ਚਰਨ ਕਮਲ ਗੁਰ ਕੇ ਜਪਤ ਹਰਿ ਜਪਿ ਹਉ ਜੀਵਾ ॥*
*ਪਾਰਬ੍ਰਹਮੁ ਆਰਾਧਤੇ ਮੁਖਿ ਅੰਮ੍ਰਿਤੁ ਪੀਵਾ ॥ ੧॥ ਰਹਾਉ ॥*
*ਜੀਅ ਜੰਤ ਸਭਿ ਸੁਖਿ ਬਸੇ ਸਭ ਕੈ ਮਨਿ ਲੋਚ ॥*
*ਪਰਉਪਕਾਰੁ ਨਿਤ ਚਿਤਵਤੇ ਨਾਹੀ ਕਛੁ ਪੋਚ ॥*

*ਅੰਗ - ੮੧੫*

ਹੁਣ ਮਨ ਵਿਚ ਵਿਚਾਰ ਆਈ ਕਿ ਸ਼ਹਿਰ ਤੋਂ ਪਾਸੇ ਹੋ ਕੇ ਖੇਤਾਂ ਵੱਲ ਨੂੰ ਚਲਦੇ ਹੋਏ ਕਾਦਰ ਦੀ ਹਰੀ ਭਰੀ ਕੁਦਰਤ ਦਾ ਰੰਗ ਮਾਣਦੇ ਚਲੀਏ। ਇਸ ਤਰ੍ਹਾਂ ਨਾਲ 'ਬਲਿਹਾਰੀ ਕੁਦਰਤਿ ਵਸਿਆ' ਦਾ ਅਨੰਦ ਮਨ ਨੂੰ ਵਿਸਮਾਦੀ ਅਵਸਥਾ ਵਿਚ ਲਿਆ ਰਿਹਾ ਹੈ। ਪੰਛੀਆਂ ਦੀ ਚਹਿਚਿਹਾਟ, ਪੌਣ ਦੇ ਝੋਲਿਆਂ ਦੀ ਸ਼ੂਕ ਨਾਲ ਹਰੀਆਂ ਫਸਲਾਂ ਦੀ ਲਹਿਰਾਹਟ ਤੇ ਚਲ ਰਹੇ ਖੂਹ ਤੇ ਹਰਹਟਾਂ ਦੀ ਅਵਾਜ਼ ਨਾਲ ਇਸ ਤਰ੍ਹਾਂ ਅਨੁਭਵ ਹੋ ਰਿਹਾ ਹੈ ਕਿ ਜਿਵੇਂ ਸਾਰਾ ਬ੍ਰਹਿਮੰਡ 'ਵਾਹਿਗੁਰੂ' ਨਾਮ ਦੀ ਧੁਨ ਉਚਾਰ ਰਿਹਾ ਹੁੰਦਾ ਹੈ।

*ਜੋ ਬੋਲਤ ਹੈ ਮ੍ਰਿਗ ਮੀਨ ਪੰਖੇਰੂ*
*ਸੁ ਬਿਨੁ ਹਰਿ ਜਾਪਤ ਹੈ ਨਹੀ ਹੋਰ ॥ ਅੰਗ - ੧੨੬੫*

ਇਸ ਨਾਮ ਦੀ ਖੁਮਾਰੀ ਵਿਚ ਤੁਰਦਿਆਂ ਕਈ ਘੰਟੇ ਬੀਤ ਗਏ ਤੇ ਉਪਰੋਂ ਸੂਰਜ ਦੀ ਧੁੱਪ ਵੀ ਤੇਜ ਹੋ ਗਈ ਤੇ ਇਕ ਥਾਂ ਖੂਹ ਚੱਲ ਰਿਹਾ ਸੀ, ਉਥੇ ਪਾਣੀ ਪੀ ਕੇ ਅੱਗੇ ਚੱਲ ਪਏ। ਥੋੜ੍ਹੀ ਦੂਰੀ ਤੇ ਇਕ ਸਵੱਛ ਜਲ ਦਾ ਟੋਬਾ ਸੀ ਜਿਸ ਦੁਆਲੇ ਸੰਘਣੇ ਦਰੱਖਤਾਂ ਦੀ ਛਾਂ ਸੀ, ਆਪ ਜੀ ਉਥੇ ਜਾ ਕੇ ਭਜਨ ਕਰਨ ਵਾਸਤੇ ਸਮਾਧੀ ਸਥਿਤ ਹੋ ਕੇ ਬੈਠ ਗਏ। ਸਾਮ੍ਹਣੇ ਇਕ ਕਿਸਾਨ ਪਰਿਵਾਰ ਆਪਣੇ ਖੇਤਾਂ ਵਿਚ ਸੁਹਾਗਾ ਦੇਣ ਤੇ ਵੱਟਾਂ ਕੱਢਣ ਦਾ ਕੰਮ ਕਰ ਰਿਹਾ ਸੀ। ਬੀਬੀ ਘਰੋਂ ਦੁਪਹਿਰ ਦਾ ਖਾਣਾ ਲੈ ਕੇ ਆਈ ਤਾਂ ਬਜ਼ੁਰਗ ਪਿਤਾ ਨੇ ਆਪਣੇ ਪੁੱਤਰ ਨੂੰ ਇਸ਼ਾਰਾ ਕਰਕੇ ਦਸਿਆ ਕਿ ਔਹ ਵੇਖ, ਇਕ ਸਿੱਖ ਨੌਜਵਾਨ ਬੜੀ ਦੇਰ ਦਾ ਪ੍ਰਭੂ ਭਗਤੀ ਵਿਚ ਬੈਠਾ ਹੈ, ਉਸ ਨੂੰ ਕਹਿ ਕਿ ਪ੍ਰਸ਼ਾਦਾ ਛੱਕ ਲਵੇ। ਉਸ ਨੇ ਕਿਹਾ, ਭਾਅ ਜੀ! ਆਪ ਪ੍ਰਸ਼ਾਦਾ ਛਕ ਲਵੋ, ਪਿਤਾ ਜੀ ਨੇ ਬੁਲਾਇਆ ਹੈ। ਆਪ ਨੇ ਨਾਂਹ ਕਰ ਦਿਤੀ ਤਾਂ ਫਿਰ ਬਜ਼ੁਰਗਾਂ ਨੇ ਆਪ ਕਿਹਾ ਕਿ ਨਿੱਕਿਆ! ਪ੍ਰਸ਼ਾਦੇ ਦਾ ਸਮਾਂ ਹੈ, ਛਕ ਲਵੋ। ਆਪ ਨੇ ਕਿਹਾ, ਬਾਪੂ ਜੀ! ਮੈਂ ਕਿਸੇ ਦੀ ਰਹਿਤ ਜਾਣੇ ਬਿਨਾਂ ਅਤੇ ਆਪਣੇ ਹੱਥਾਂ ਨਾਲ ਕਿਰਤ ਕਰੇ ਬਿਨਾਂ ਕਿਸੇ ਦਾ ਅੰਨ ਨਹੀਂ ਛਕਦਾ। ਦੂਜੀ ਗੱਲ ਹੈ ਕਿ ਜੇ ਤੁਸੀਂ ਮਾਸ-ਸ਼ਰਾਬ ਦੀ ਵਰਤੋਂ ਕਰਦੇ ਹੋ ਫੇਰ ਤਾਂ ਵੀ ਮੈਂ ਨਹੀਂ ਛਕ ਸਕਦਾ ਕਿਉਂਕਿ ਸਤਿਪੁਰਖਾਂ ਦਾ ਵਿਚਾਰ ਹੈ।

*ਜਾ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀ ਰੀਤ।*
*ਤਿਸ ਦੇ ਹਥਹੁੰ ਖਾਧਿਆ ਵਿਸਰੇ ਹਰਿ ਕੀ ਪ੍ਰੀਤ।*

ਉਹ ਕਹਿੰਦੇ ਜੇ ਤੂੰ ਨਹੀਂ ਛਕਣਾ ਤਾਂ ਅਸੀਂ ਵੀ ਨਹੀਂ ਛਕਣਾ ਪਰ ਜੇ ਤੂੰ ਮਿਹਨਤ ਕਰਕੇ ਹੀ ਛਕਣਾ ਹੈ ਤਾਂ ਬਾਦ ਵਿਚ ਸੁਹਾਗਾ ਫੇਰਨ ਤੇ ਕਿਆਰੇ ਕੱਢਣ ਵਿਚ ਸਾਡੀ ਮਦਦ ਕਰ ਦੇਵੀਂ ਪਰ ਸੱਚੀ ਗੱਲ ਹੈ ਕਿ ਅਸੀਂ ਤਾਂ ਮਾਸ-ਸ਼ਰਾਬ ਦੋਵੇਂ ਚੀਜ਼ਾਂ ਦੀ ਵਰਤੋਂ ਕਰਦੇ ਹਾਂ। ਉਸ ਦੇ ਪੁੱਤਰ ਕਹਿੰਦੇ ਅਸੀਂ ਅੱਜ ਤੋਂ ਛੱਡਦੇ ਹਾਂ ਤੇ ਬਜ਼ੁਰਗ ਨੇ ਵੀ ਵਾਅਦਾ ਕੀਤਾ ਕਿ ਮੈਂ ਮਾਸ ਛੱਡਿਆ ਤੇ ਸ਼ਰਾਬ ਦਾ ਵੀ ਕੁਝ ਸਮੇਂ ਬਾਅਦ ਤਿਆਗ ਕਰ ਦਿਆਂਗਾ। ਮਹਾਂਪੁਰਸ਼ ਕਹਿਣ ਲੱਗੇ ਠੀਕ ਹੈ, ਇਸ ਦੇ ਛੁਟਕਾਰੇ ਲਈ ਗੁਰੂ ਮਹਾਰਾਜ ਕ੍ਰਿਪਾ ਕਰਨਗੇ। ਸਵੇਰ ਤੋਂ ਲੈ ਕੇ ਹੁਣ ਦੁਪਹਿਰ ਹੋ ਗਈ, ਤੁਸੀਂ ਸਾਰੇ ਕੰਮ ਕਰਦਿਆਂ ਥੱਕੇ ਹੋਏ ਹੋ, ਹੁਣ ਤੁਸੀਂ ਪ੍ਰਸ਼ਾਦਾ ਛਕੋ ਤੇ ਮੈਂ ਵੀ ਲੋੜ ਅਨੁਸਾਰ ਛਕਦਾ ਹਾਂ ਆਪ ਜੀ ਨੇ ਸਾਰੇ ਪਰਿਵਾਰ ਨੂੰ ਮਾਸ ਤੇ ਸ਼ਰਾਬ ਨਾਲ ਹੋਣ ਵਾਲੇ ਸਰੀਰਕ ਨੁਕਸਾਨ ਅਤੇ ਆਤਮਿਕ ਨੁਕਸਾਨ ਬਾਰੇ ਬੜੇ ਵੇਰਵੇ ਨਾਲ ਦੱਸਿਆ। ਇਨ੍ਹਾਂ ਦੀ ਵਰਤੋਂ ਨਾਲ ਘਰ ਵਿਚ ਕਲ੍ਹਾ-ਕਲੇਸ਼ ਪੈਦਾ ਹੁੰਦਾ ਹੈ, ਸੁਖ ਸਮਰਿਧੀ ਖੰਭ ਲਾ ਕੇ ਉਡ ਜਾਂਦੇ ਹਨ ਅਤੇ ਘਰ ਵਿਚ ਭੂਤਾਂ ਦਾ ਵਾਸਾ ਹੋ ਜਾਂਦਾ ਹੈ। ਗੁਰਸਿੱਖਾਂ ਵਾਸਤੇ ਇਨ੍ਹਾਂ ਚੀਜ਼ਾਂ ਦੀ ਸਖਤ ਮਨਾਹੀ ਹੈ ਕਿਉਂਕਿ ਇਹ ਤਮੋ ਗੁਣੀਂ ਸੁਭਾਅ ਵਿਚ ਵਾਧਾ ਕਰਦੀਆਂ ਹਨ। ਇਨ੍ਹਾਂ ਦੇ ਸੇਵਨ ਨਾਲ ਸਤਿ, ਸੰਤੋਖ, ਦਇਆ, ਧਰਮ, ਖਿਮਾ, ਧੀਰਜ, ਸ਼ੀਲ ਤੇ ਅਹਿੰਸਾ ਦੇ ਸ਼ੁਭ ਗੁਣ ਅਲੋਪ ਹੋ ਜਾਂਦੇ ਹਨ, ਮਨ ਵਿਚ ਵਿਕਾਰ ਉਪਜਦੇ ਹਨ ਅਤੇ ਇਹ ਨਾਮ ਸਿਮਰਨ ਤੋਂ ਦੂਰ ਰੱਖਦੀਆਂ ਹਨ। ਇਸ ਬਾਰੇ ਪਵਿੱਤਰ ਫੁਰਮਾਨ ਹੈ-

*ਬਾਬਾ ਹੋਰੁ ਪੈਨਣੁ ਖੁਸੀ ਖੁਆਰੁ ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾ॥*

*ਅੰਗ- ੧੬*

*'ਚਲਦਾ.............।'*

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਜਨਵਰੀ ਅੰਕ, ਪੰਨਾ-55)*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਾਗਤ ਹਮਜ਼ਾ ਗੌਂਸ ਦੇ ਅੱਗੇ ਧਰਿਆ ਤੇ ਕਿਹਾ, ਲਓ ਪੀਰ ਜੀ ਵਾਚੋ। ਪੀਰ ਨੇ ਵਾਚਿਆ -

ਮਰਨਾ ਸੱਚ ਹੈ, ਜੀਉਣਾ ਝੂਠ ਹੈ।

ਜਿਸ ਦੇ ਘਟ ਇਹ ਘਟੀ ਹੈ, ਉਹ ਭੁਲੇਵੇ ਨਹੀਂ ਪੈਂਦਾ।

ਸਤਿਗੁਰ - ਦੱਸੋ ਪੀਰ ਜੀ, ਇਹ ਲਿਖਣ ਵਾਲਾ ਬੀ ਝੂਠਾ ਹੈ?

ਪੀਰ - ਨਹੀਂ ਜੀ।

ਗੁਰੂ ਜੀ - ਜਿਸ ਨਗਰੀ ਇਕ ਬੀ ਸੋਝੀ ਵਾਲਾ ਹੋਵੇ, ਉਸ ਪਰ ਕਹਿਰ?

ਪੀਰ - ਫੇਰ?

ਗੁਰੂ ਜੀ - ਜੋ ਕਰੇ ਸੋ ਭਰੇ, ਦੂਜਾ ਕਿਉਂ ਮਰੇ?

ਪੀਰ (ਸ਼ਰਮਾ ਕੇ) - ਠੀਕ ਹੈ। ਕਰੇ ਗੀਗਾ ਭਰੇ ਗੀਗਾ।

ਗੁਰੂ ਜੀ - ਠੀਕ! ਪਰ ਫਕੀਰ ਮਿਹਰ ਕਰੇ ਕਿ ਕਹਿਰ ਚੜ੍ਹੇ? ਅੱਗ ਤਾਂ ਬਲੇ ਬਰਫ ਕਿਉਂ ਧੁਖੇ?

ਪੀਰ - ਕਿਵੇਂ?

ਗੁਰੂ ਜੀ - ਤੁਸਾਂ ਵਰ ਦਿਤਾ, ਇਹ ਮਿਹਰ ਸੀ ਹੁਣ ਤੁਸਾਡਾ ਭਲਾ ਹੋਵੇ, ਜਿਨ੍ਹਾਂ ਮਿਹਰ ਕੀਤੀ ਸੀ, ਤੁਸਾਡੀ ਵੱਡੇ ਗੁੱਸਾ ਆਵੇ ਤੇ ਮਨ ਕਹਿਰ ਦੇ ਮਕਾਨ ਵਿਚ ਜਾਵੇ? ਭਜਨ ਬੰਦਗੀ ਪਿਆਰ ਦੀ ਵਰਤੋਂ ਛੱਡ ਕੇ ਤੁਸੀਂ ਕਿਉਂ ਕ੍ਰੋਧ ਵਿਚ ਜਾਵੋ? ਕ੍ਰੋਧ ਵਿਚ ਗਿਆਂ ਆਪਣੇ ਮਨ ਨੂੰ ਕਸ਼ਟ ਹੁੰਦਾ ਹੈ।

ਸੋਚੋ ਕੌਲ ਕਿਸੇ ਹਾਰਿਆ, ਐਤਨੇ ਦਿਨ ਦੀ ਕੈਦ, ਭੁੱਖ, ਤਪ, ਗੁੱਸਾ, ਇਹ ਸਜ਼ਾਵਾਂ ਤੁਸਾਂ ਕਿਸ ਪਾਪ ਬਦਲੇ ਪਾਈਆਂ? ਇਹ ਆਪੇ ਤੇ, ਜੋ ਨਿਰਅਪਰਾਧ ਸੀ, ਜ਼ੁਲਮ ਤੇ ਅਨਿਆਉਂ ਕਿਉਂ ਕੀਤੇ ਨੇ? ਇਹ ਤਾਂ ਹੋ ਗਿਆ, ਕਰੇ ਗੀਗਾ ਤੇ ਭਰੇ ਬੀਬਾ।

ਪੀਰ (ਘਬਰਾ ਕੇ) - ਕਹਿਰ ਦਰਵੇਸ਼, ਬਰ ਜਾਨੇ ਦਰਵੇਸ਼।

ਗੁਰੂ ਜੀ - ਉਹ ਦਰਵੇਸ਼ ਨਹੀਂ ਜੋ ਕਹਿਰ ਦੇ ਹੱਥ ਵਿਕਦਾ ਹੈ, ਫਕੀਰ ਦਾ ਮਕਾਨ ਸੀਤਲਤਾਈ ਹੈ, ਠੰਢ ਹੈ ਤੇ ਟਿਕਾਉ ਹੈ।

ਉਹ ਪਿਆਰ ਵਿਚ ਕਿੱਤੋਂ ਹੈ ਜੋ ਦੁਰਪਿਆਰ ਹੱਥ ਵਿਕੇ? ਉਹ ਰੱਬ ਦਾ ਕਿਵੇਂ ਜੋ ਸਦਾ ਬਖਸ਼ਿੰਦ ਨਹੀਂ? ਮਨ ਮਾਰਨਾ ਕਠਿਨ ਹੈ, ਭੁੱਲਾਂ ਤੋਂ ਬੱਚਣਾ ਔਖਾ ਹੈ, ਪਰ ਫਕੀਰ ਨੇ ਤਾਂ ਨਫ਼ਸ ਹੀ ਮਾਰਨਾ ਹੈ, ਨਫ਼ਸ ਦੀ ਸਵਾਰੀ ਕਰਨੀ ਹੈ, ਆਪ ਤਾਂ ਨਫ਼ਸ ਦੀ ਸਵਾਰੀ ਨਹੀਂ ਬਣਨਾ। ਫਕੀਰ ਨੇ ਮਨੋਵੇਗ ਦੇ ਹੱਥ ਵਾਂਗਾਂ ਨਹੀਂ ਦੇਣੀਆਂ। ਮਨ ਦੀਆਂ ਵਾਂਗਾਂ ਹੱਥ ਰੱਖ ਕੇ ਉੱਚੇ ਘਰ ਸਦਾ ਖਿੜਨਾ ਹੈ।

ਹੁਣ ਸਤਿਗੁਰ ਦਾ ਰੰਗ ਬਦਲ ਗਿਆ, ਨੈਣ ਉੱਚੇ ਹੋ ਗਏ, ਲਾਲੀ ਛਾ ਗਈ ਤੇ ਸਰੀਰ ਸਾਰਾ ਸੁਰ ਕੀਤੇ ਸਾਜ਼ ਦੀ ਤਾਰ ਵਾਂਗੂੰ ਖਿੱਚ ਗਿਆ। ਮਰਦਾਨਾ ਰੰਗ ਨੂੰ ਸਮਝਦਾ ਸੀ, ਉਸ ਨੇ ਰਬਾਬ ਛੇੜ ਦਿਤੀ। ਜਗਤ ਨੂੰ ਸੰਗੀਤਕ ਲਹਿਰੇ ਵਿਚ, ਅੰਦਰਲੇ ਦੇ ਹੁਸਨ ਵਿਚ, ਸੁਖ ਵਿਚ ਤੇ ਪਿਆਰ ਵਿਚ ਰੱਖਣ ਆਏ ਦਾਤਾ ਜੀ ਤੋਂ ਇਹ ਸ਼ਬਦ ਹੋਇਆ ਰਾਮਕਲੀ ਵਿਚ, ਧੁਨਿ ਉੱਠੀ ਇਲਾਹੀ, ਆਪ ਗਾਵੇਂ-

*ਜਿਤੁ ਦਰਿ ਵਸਹਿ ਕਵਨੁ ਦਰੁ ਕਹੀਐ*
*ਦਰਾ ਭੀਤਰਿ ਦਰੁ ਕਵਨੁ ਲਹੈ ॥*
*ਜਿਸੁ ਦਰ ਕਾਰਣਿ ਫਿਰਾ ਉਦਾਸੀ*
*ਸੋ ਦਰੁ ਕੋਈ ਆਇ ਕਹੈ ॥ ੧ ॥*
*ਕਿਨ ਬਿਧਿ ਸਾਗਰੁ ਤਰੀਐ ॥*
*ਜੀਵਤਿਆ ਨਹ ਮਰੀਐ ॥ ੧ ॥ ਰਹਾਉ ॥*
*ਦੁਖੁ ਦਰਵਾਜਾ ਰੋਹੁ ਰਖਵਾਲਾ*
*ਆਸਾ ਅੰਦੇਸਾ ਦੁਇ ਪਟ ਜੜੇ ॥*
*ਮਾਇਆ ਜਲੁ ਖਾਈ ਪਾਣੀ ਘਰੁ ਬਾਧਿਆ*
*ਸਤ ਕੈ ਆਸਣਿ ਪੁਰਖੁ ਰਹੈ ॥ ੨ ॥*
*ਕਿੰਤੇ ਨਾਮਾ ਅੰਤੁ ਨ ਜਾਣਿਆ*
*ਤੁਮ ਸਰਿ ਨਾਹੀ ਅਵਰ ਹਰੇ ॥*

*ਊਚਾ ਨਹੀ ਕਹਣਾ ਮਨ ਮਹਿ ਰਹਣਾ*
*ਆਪੇ ਜਾਣੈ ਆਪਿ ਕਰੇ ॥ ੩ ॥*
*ਜਬ ਆਸਾ ਅੰਦੇਸਾ ਤਬ ਹੀ ਕਿਉ ਕਰਿ ਏਕੁ ਕਹੈ ॥*
*ਆਸਾ ਭੀਤਰਿ ਰਹੈ ਨਿਰਾਸਾ*
*ਤਉ ਨਾਨਕ ਏਕੁ ਮਿਲੈ ॥ ੪ ॥*
*ਇਨ ਬਿਧਿ ਸਾਗਰੁ ਤਰੀਐ ॥*
*ਜੀਵਤਿਆ ਇਉ ਮਰੀਐ ॥ ੧ ॥ ਰਹਾਉ ਦੂਜਾ ॥*
*ਅੰਗ - ੮੭੭*

ਏਸ ਸ਼ਬਦ ਦੀ ਮਿੱਠੀ ਧੁਨਕਾਰ, ਰਾਮਕਲੀ ਦੀ ਪਿਆਰੀ-ਪਿਆਰੀ ਵੈਰਾਗ ਮਈ ਗੂੰਜ ਸ਼ਬਦ ਸਾਫ ਸੁਥਰਾ, ਸੱਚਾ ਅਰਥ, ਮਰਦਾਨੇ ਦਾ ਬਜਤ੍ਰ, ਇਕ ਉਹ ਨਕਸ਼ਾ ਬੰਨ੍ਹ ਗਏ ਕਿ ਸ਼ਾਂਤਿ, ਏਕਾਂਤ, ਵੈਰਾਗ ਤੇ ਸੱਚੀ ਉਦਾਸੀਨਤਾ ਛਾ ਗਈ। ਕੋਲ ਬੈਠਿਆਂ ਦੇ ਕਲੇਜਿਆਂ ਵਿਚ ਆਪਣੇ ਔਗੁਣਾਂ ਦੀ ਸੋਝੀ ਦੀਆਂ ਛੁਰੀਆਂ ਫਿਰ ਗਈਆਂ। ਪੀਰ ਜੀ ਤੇ ਖਾਸ ਅਸਰ ਹੋਇਆ। ਉਹ ਜੋ ਫਕੀਰੀ ਦਾ ਅਸਲ ਆਦਰਸ਼ ਹੈ ਆਪੇ ਦਿਸ ਪਿਆ। ਜਿਥੇ ਫਕੀਰ ਫਸ ਰਿਹਾ ਸੀ ਜਿੱਲ੍ਹਣ ਨਜ਼ਰੀ ਪੈ ਗਈ। ਉਸ ਦੇ ਆਪੇ ਨੇ ਆਪਣੀ ਭੁੱਲ ਵੇਖ ਲਈ।

'ਫਕੀਰ' ਦਰ ਦਰਸ਼ਨ ਦੇ ਪ੍ਰੀਤਮ ਦਾ ਨਾਉਂ ਹੈ। ਜੋ ਆਪ ਦਰਸ਼ਨ ਦਾ ਪ੍ਰੀਤਮ ਹੋਵੇ, ਹੋਰਨਾਂ ਨੂੰ ਦਰਸ਼ਨ ਦੀ ਸਿੱਕ ਲਾਵੇ, ਉਹ ਪੀਰ ਹੈ, ਸਿੱਧ ਹੈ। ਨਹੀਂ ਤਾ ਕੁਛ ਨਹੀਂ ਹੈ।

ਦਰ ਦਰਸ਼ਨ ਦੀ ਪ੍ਰਾਪਤੀ ਵਿਚ ਇਹ ਰੋਕਾਂ ਹਨ -

ਦੁਖ (ਬਿਮਾਰੀਆਂ ਅਤੇ ਕਲੇਸ਼)

ਰੋਹ (ਗੁੱਸਾ, ਈਰਖਾ, ਜਲਨ, ਬੁਰੇ ਕਰਨੇ, ਜਿਦਾਂ, ਹੋਡਾਂ, ਸਾੜੇ।) ਆਸਾ, ਤ੍ਰਿਸ਼ਨਾ।

ਅੰਦੇਸਾ (ਫਿਕਰ, ਸੋਚਾਂ, ਗਮ, ਚਿੰਤਾ, ਭੈ ਵਾਲੀਆਂ ਸੋਚਾਂ)

ਮਾਇਆ (ਪਦਾਰਥ, ਸਾਕਾਂ-ਮਿੱਤਰਾਂ ਦੇ ਮੋਹ) ਇਨ੍ਹਾਂ ਤੇ ਫਤਿਹ ਪਾਉਣੀ, ਜੀਉਂਦੇ ਮਰਨਾ ਹੈ। ਇਹ ਜੀਉਂਦੇ ਮਰਨਾ ਸਾਗਰ ਤਰਨ ਸਮਾਨ ਕਠਨ ਹੈ।

ਵਾਹਿਗੁਰੂ ਦਾ ਨਿਵਾਸ 'ਸਤਿ' ਦੇ ਆਸਣ ਤੇ ਹੈ।

'ਆਸ ਅੰਦੇਸੇ' ਤੇ ਫਤਹਿ ਪਾਉਣੀ ਇਸ ਆਸਣ ਦੇ ਰਸਤੇ ਟੁਰਨ ਲਈ ਜ਼ਰੂਰੀ ਹੈ। ਜੇ ਕੋਈ ਫਕੀਰ ਆਖਦਾ ਹੈ ਕਿ ਮੈਂ ਇਕ ਨੂੰ ਮਿਲਿਆ ਹਾਂ ਪਰ ਹੈ ਉਹ ਆਸ ਅੰਦੇਸੇ ਵਿਚ, ਤਾਂ ਉਹ ਠੀਕ ਨਹੀਂ ਆਖ ਰਿਹਾ।

ਆਸ ਵਿਚ ਵੱਸਦਾ ਦਿੱਸੇ ਪਰ ਸੁਰਤ ਉਸ ਦੀ ਨਿਰਾਸਾ ਵਿਚ ਹੋਵੇ, ਤਦ ਉਹ ਕਿਸੇ ਹਠ ਯਾ ਰੋਹ ਵਿਚ ਨਹੀਂ ਫਸੇਗਾ। ਗੱਪਾਂ ਨਹੀਂ ਮਾਰਨੀਆਂ ਕਿ ਅਸਾਂ ਆਪਾ ਪਾ ਲਿਆ ਹੈ ਜੇ ਅੰਦਰ ਰਸ ਭਰੇ ਤਾਂ ਅੰਦਰੇ ਜਰਨਾ ਹੈ ਤੇ ਰਜ਼ਾ ਤੇ ਤੱਕ ਰੱਖਣੀ ਹੈ ਕਿ ਜੋ ਕਰ ਰਿਹਾ ਹੈ ਮੇਰਾ ਰੱਬ ਕਰ ਰਿਹਾ ਹੈ, ਮੈਂ ਕਿਸ ਨੂੰ ਬੁੱਕ ਸੁਣਾਵਾਂ। ਇਹ ਸਮਰਦਰਸੀ ਭਾਵ ਅੰਦਰ ਹੋਵੇ, ਵਰਤਣ ਪਿਆਰ ਤੇ ਆਪਾ ਨਾ ਜਨਾਵਣ ਦੀ ਹੋਵੇ ਤਾਂ ਜੀਉਂਦਾ ਮਰਦਾ ਤੇ ਸਾਗਰ ਤਰਦਾ ਹੈ।

ਗੌਂਸ ਨੇ ਹੁਣ ਚਰਨਾਂ ਤੇ ਸਿਰ ਧਰ ਦਿਤਾ ਤੇ ਆਖਿਆ -

ਹੇ ਗੁਰੂ! ਲੋਕੀਂ ਤੈਨੂੰ ਤਪਾ ਆਖਦੇ ਹਨ ਪਰ ਮੈਂ ਤੈਨੂੰ ਰੱਬੀ ਜਲਾਲ ਦੀ ਸ਼ਮਾ ਵੇਖਿਆ ਹੈ, ਮੇਰੇ ਅੰਦਰੋਂ 'ਆਸ-ਅੰਦੇਸੇ ਦੀ ਜੜ੍ਹ ਕੱਟ।

ਸਤਿਗੁਰ ਨਾਨਕ ਬੋਲੇ, ਪੀਰ ਜੀ! ਇਸ ਜਨਮ ਦਾ ਆਸ਼ਾ ਪਰਮੇਸ਼ੁਰ ਦੀ ਪ੍ਰਾਪਤੀ ਹੈ। ਮਾਲਕ ਨੇ ਜੋ ਅਕਹਿ ਤੇ ਅਗੋਚਰ ਹੈ, ਆਪਣੇ ਅਗੋਚਰ ਹੁਕਮ ਨਾਲ ਸਾਨੂੰ ਸਾਜਿਆ ਹੈ। ਜੇ ਤਾਂ ਅਸੀਂ ਉਸ ਨਾਲ ਮਿਲੇ ਹਾਂ ਤਾਂ ਅਸੀਂ ਸਰਵੇ, ਹਰੇ, ਲਹਿ-ਲਹੇ, ਸੱਚੇ ਤੇ ਸੁੱਚੇ ਹਾਂ, ਜਦੋਂ ਵਿਛੁੜੇ ਫੇਰ ਅਸੀਂ ਦਿੱਸਣ ਵਾਲਿਆਂ ਦੇ ਮੋਹ ਵਿਚ ਫਸ ਕੇ ਟੁੱਟੇ ਡਾਲ ਵਾਂਗ ਸੁੱਕੇ ਕਾਠ, ਯਾ ਚਸ਼ਮਿਓਂ ਵਿਛੁੜੇ ਛੱਪੜ ਵਾਂਗੂੰ ਤ੍ਰੱਕ ਉਠਦੇ ਹਾਂ। ਫਕੀਰ ਨੇ ਆਪਣੇ ਅੰਦਰਲੇ ਨੂੰ ਲਗਾਤਾਰ ਸਾਈਂ ਨਾਲ ਰੱਖਣਾ ਹੈ। ਯਾਦ ਇਸ ਦੀ ਡੋਰ ਹੈ। ਆਸ ਅੰਦੇਸੇ, ਹਰ ਗੱਲ, ਜੋ ਦੀਸਣਹਾਰ ਵਿਚ ਫਸਾਵੇ, ਉਹ ਸਾਂਈਂ ਨਾਲੋਂ ਤੋੜਨ ਵਾਲੀ ਹੈ, ਉਹ ਵਰਜਣੀ ਹੈ। ਨੱਸ ਬੀ ਨਹੀਂ ਜਾਣਾ, ਵਿੱਚੇ ਰਹਿਣਾ ਹੈ ਤੇ ਸਦਾ ਉੱਚੀ ਕਲਾ ਵਿਚ ਸਾਂਈਂ ਦੀ ਯਾਦ ਵਿਚ ਵਿਚਰਨਾ ਹੈ। ਹੁਣ ਜਦੋਂ ਪ੍ਰਯੋਜਨ ਇਹ ਹੈ ਤੇ ਫਲ ਏਥੇ ਓਥੇ ਦਾ ਸੁਖ ਹੈ ਤਾਂ ਫੇਰ ਸਿੱਧੀਆਂ ਰਿੱਧੀਆਂ ਆਪਣੇ ਪ੍ਰਤਾਪ ਬਨਾਉਣ ਦਾ ਕਿਹੜਾ ਥਾਂ ਹੈ। 'ਮਾਨ ਮਹੱਤ ਤੇ ਦਰਬ' ਤਾਂ ਸਾਂਈਂ ਲੋਕਾਂ ਦੇ ਮਗਰ ਫਿਰਦੇ ਹਨ, ਸਾਂਈਂ ਦਿਆਂ ਲੋਕਾਂ ਨੇ ਇਨ੍ਹਾਂ ਤੋਂ ਆਪਣਾ ਬਚਾਉ ਕਰਨਾ ਹੈ, ਨਾ ਕਿ ਮਾਨ ਮਹੱਤ ਤੇ ਦਰਬ ਦੇ ਮਗਰ ਫਿਰਨਾ ਹੈ। ਜੇ ਕੋਈ ਸਾਧ, ਸਿੱਧ, ਪੀਰ, ਫਕੀਰ, ਸੰਤ ਮਹਾਤਮਾ ਹੈ ਤੇ ਉਹ ਮਾਨ ਮਹਤ ਵਿਚ ਰੁੜ੍ਹਦਾ ਹੈ ਤਾਂ ਉਹ ਗ੍ਰਿਹਸਤੀ ਹੈ ਤੇ ਨੀਵੀਂ ਤਰ੍ਹਾਂ ਦਾ ਗ੍ਰਿਹਸਤੀ ਹੈ, ਜੇ ਉਹ ਆਮਦਨਾਂ ਵਧਾ ਕੇ ਖੁਸ਼ ਹੁੰਦਾ ਹੈ ਤੇ ਲੋਕਾਂ ਨੂੰ ਖੁਵਾਲਣ ਦੇ

